ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 01 | 03 January 2018 to 09 January 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਵਰ੍ਹੇ 2018 ਦੀਆਂ

**ਲੱਖ ਲੱਖ ਵਧਾਈਆਂ**

## ਦਲਿਤ ਸਮਾਗਮ ਉੱਤੇ ਹਿੰਦੂ ਕਾਰਕੁਨਾਂ ਵਲੋਂ ਕੀਤੇ ਹਮਲੇ ਬਾਅਦ ਮੁੰਬਈ ਸਮੇਤ ਕਈ ਸ਼ਹਿਰਾਂ 'ਚ ਵਿੱਚ ਹਿੰਸਾ

**ਮੁੰਬਈ/ਬਿਊਰੋ ਨਿਊਜ਼ :** ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਬੀਤੇ ਦਿਨ ਭੀਮਾ ਕੋਰੇਗਾਓਂ ਜੰਗ ਦੀ 200ਵੀਂ ਵਰ੍ਹੇਗੰਢ ਮੌਕੇ ਸੋਮਵਾਰ ਨੂੰ ਕਰਵਾਏ ਸਮਾਗਮ ਦੌਰਾਨ ਸੱਜੇ ਪੱਖੀ ਹਿੰਦੂ ਕਾਰਕੁਨਾਂ ਵੱਲੋਂ ਕੀਤੀ ਤੋੜ-ਭੰਨ ਤੇ ਇਸ ਦੌਰਾਨ ਇਕ ਵਿਅਕਤੀ ਦੀ ਹੋਈ ਮੌਤ ਖ਼ਿਲਾਫ਼ ਗੁੱਸੇ ਨੇ ਰਾਜਧਾਨੀ ਮੁੰਬਈ ਵੱਲ ਰੁਖ਼ ਕਰ ਲਿਆ। ਪ੍ਰਦਰਸ਼ਨਕਾਰੀਆਂ ਨੇ ਬੱਸਾਂ ਨੂੰ ਨੁਕਸਾਨ ਪਹੁੰਚਾਉਣ ਦੇ ਨਾਲ ਸੜਕੀ ਤੇ ਰੇਲ ਆਵਾਜਾਈ ਵਿੱਚ ਵੀ ਵਿਘਨ ਪਾਇਆ। ਇਸ ਦੌਰਾਨ ਪੁਣੇ ਵਿੱਚ ਪਿੰਪਰੀ ਪੁਲੀਸ ਨੇ ਸੱਜੇਪੱਖੀ ਜਥੇਬੰਦੀਆਂ ਹਿੰਦੂ ਏਕਤਾ ਅਗ੍ਹਾੜੀ



ਭੀਮਾ ਕੋਰੇਗਾਓਂ ਹਿੰਸਾ ਵਿਰੁੱਧ ਮੁੰਬਈ ਵਿੱਚ ਕੀਤੇ ਰੋਸ ਪ੍ਰਦਰਸ਼ਨ ਮੌਕੇ ਦਲਿਤਾਂ ਨਾਲ ਚੱਲ ਰਹੀ ਪੁਲੀਸ।

ਤੇ ਸ਼ਿਵਰਾਜ ਪ੍ਰਤਿਸ਼ਠਾਨ ਦੇ ਮੁਖੀਆਂ ਕ੍ਰਮਵਾਰ ਮਿਲਿੰਦ ਏਕਬੋਟੇ ਤੇ ਸਾਂਬਾਜੀ ਭਿੰਡੇ ਖ਼ਿਲਾਫ਼ ਕਥਿਤ ਹਿੰਸਾ ਫੈਲਾਉਣ ਦੇ ਦੋਸ਼ 'ਚ ਕੇਸ ਦਰਜ ਕਰ ਲਿਆ ਹੈ। ਇਨ੍ਹਾਂ ਦੋਵਾਂ ਜਥੇਬੰਦੀਆਂ ਨੇ ਜੰਗ ਵਿੱਚ ਬਰਤਾਨਵੀ ਨੂੰ ਮਿਲੀ ਜਿੱਤ ਲਈ ਮਨਾਏ ਜਾ ਰਹੇ ਜਸ਼ਨਾਂ ਦਾ ਵਿਰੋਧ ਕੀਤਾ ਸੀ। ਉਧਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਪੁਣੇ ਹਿੰਸਾ ਦੀ ਜਾਂਚ ਲਈ ਬੰਬੇ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜੁਡੀਸ਼ਲ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਹਿੰਸਾ ਦੌਰਾਨ ਮਾਰੇ ਗਏ

**ਬਾਕੀ ਸਫ਼ਾ 36 'ਤੇ**

## ਸਿੱਖਾਂ ਦੀ ਵੱਖਰੀ ਪਛਾਣ ਦੇ ਮੁੱਦੇ ਸਬੰਧੀ ਕੇਂਦਰੀ ਮੰਤਰੀਆਂ ਨੂੰ ਮਿਲੇ ਅਕਾਲੀ ਆਗੂ

**ਨਵੀਂ ਦਿੱਲੀ/ਬਿਊਰੋ ਨਿਊਜ਼** , ਭਾਰਤ ਦੇ ਸੰਵਿਧਾਨ ਵਿੱਚ ਸਿੱਖਾਂ ਦੀ ਵੱਖਰੀ ਪਛਾਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਸਾਂਝੇ ਵਫ਼ਦ ਨੇ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਅਤੇ ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨਾਲ ਮੁਲਾਕਾਤ ਕੀਤੀ। ਵਫ਼ਦ ਦੀ ਅਗਵਾਈ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੀਤੀ। ਵਫ਼ਦ ਵਿੱਚ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ ਬਲਵਿੰਦਰ ਸਿੰਘ ਅਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਸ਼ਾਮਲ ਸਨ। ਮੁਲਾਕਾਤ ਮਗਰੋਂ ਸ੍ਰੀ ਜੀਕੇ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਸਾਨੂੰ ਸਿੱਖ ਨਹੀਂ ਮੰਨਦਾ। ਇਸ ਕਰਕੇ ਅਕਾਲੀ ਦਲ ਪਿਛਲੇ ਲੰਬੇ ਸਮੇਂ ਤੋਂ ਸੰਵਿਧਾਨ ਵਿੱਚ ਸੋਧ ਕਰਾਉਣ ਦੀ ਲੜਾਈ ਲੜ ਰਿਹਾ ਹੈ। 1950 ਦੇ ਦਹਾਕੇ ਦੌਰਾਨ ਸੰਵਿਧਾਨ ਸਭਾ ਵਿੱਚ ਮੌਜੂਦ ਅਕਾਲੀ ਦਲ ਦੇ ਦੋਵੇਂ



ਅਕਾਲੀ ਦਲ ਦਾ ਵਫ਼ਦ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੂੰ ਮਿਲਦਾ ਹੋਇਆ।

ਨੁਮਾਇੰਦਿਆਂ ਭੁਪਿੰਦਰ ਸਿੰਘ ਮਾਨ ਅਤੇ ਹੁਕਮ ਸਿੰਘ ਨੇ ਇਸ ਕਰਕੇ ਹੀ ਸੰਵਿਧਾਨ ਨੂੰ ਪਾਸ ਕਰਨ ਦੇ ਮੱਤੇ 'ਤੇ ਦਸਤਖਤ ਕਰਨ ਨੂੰ ਨਾਂਹ ਕੀਤੀ ਸੀ। 1990 ਦੇ ਦਹਾਕੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ

**ਬਾਕੀ ਸਫ਼ਾ 36 'ਤੇ**

## ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਅਥਾਹ ਸ਼ਾਂਤੀ ਮਿਲੀ-ਪੈਟ੍ਰਿਕ ਬਰਾਊਨ

### ਕੈਨੇਡਾ ਦੇ ਓਂਟਾਰੀਓ ਸੂਬੇ 'ਚ ਵਿਰੋਧੀ ਧਿਰ ਦੇ ਆਗੂ ਨੇ ਅਪਣੀ ਪਾਰਟੀ ਦੀ ਸਫ਼ਲਤਾ ਲਈ ਕੀਤੀ ਅਰਦਾਸ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਸਰਕਾਰ ਵਿੱਚ ਵਿਰੋਧੀ ਧਿਰ ਦੇ ਆਗੂ ਪੈਟ੍ਰਿਕ ਬਰਾਊਨ ਨੇ ਬੀਤੇ ਦਿਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਆਪਣੀ ਪਾਰਟੀ ਦੀ ਸਫਲਤਾ ਲਈ ਅਰਦਾਸ ਕੀਤੀ। ਉਨ੍ਹਾਂ ਨਾਲ ਪਾਰਟੀ ਦੇ 7 ਪੰਜਾਬੀ ਉਮੀਦਵਾਰ ਵੀ ਇੱਥੇ ਪੁੱਜੇ ਸਨ। ਇਸ ਮੌਕੇ ਸ੍ਰੀ ਬਰਾਊਨ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਉਨ੍ਹਾਂ ਨੂੰ ਅਥਾਹ ਸ਼ਾਂਤੀ ਪ੍ਰਾਪਤ ਹੋਈ ਹੈ। ਉਹ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੇ ਦੇਸ਼ ਦੀ ਤਰੱਕੀ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ।



**ਬਾਕੀ ਸਫ਼ਾ 36 'ਤੇ**

## ਜਗਮੀਤ ਸਿੰਘ ਤੇ ਸਤਿੰਦਰ ਸਰਤਾਜ ਨੂੰ 50 ਉੱਘੇ ਏਸ਼ੀਅਨਾਂ 'ਚ ਹੋਣ ਦਾ ਮਾਣ

**ਵਾਸ਼ਿੰਗਟਨ/ਬਿਊਰੋ ਨਿਊਜ਼:** ਸੂਫ਼ੀ ਗਾਇਕੀ ਨੂੰ ਪ੍ਰਣਾਏ ਉੱਘੇ ਪੰਜਾਬੀ ਗਾਇਕ ਅਤੇ ਫਿਲਮ ਅਦਾਕਾਰ ਸਤਿੰਦਰ ਸਰਤਾਜ ਨੂੰ ਸਾਲ 2017 ਦੌਰਾਨ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ 50 ਉੱਘੇ ਏਸ਼ੀਅਨਾਂ ਦੀ ਸੂਚੀ ਵਿੱਚ 28ਵਾਂ ਸਥਾਨ ਪ੍ਰਾਪਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸਦੇ ਨਾਲ ਹੀ ਕਨੇਡਾ ਦੀ ਰਾਜਨੀਤੀ ਵਿੱਚ ਧਮਾਕੇ ਨਾਲ ਚੋਟੀ ਵਲ ਵੱਧਣ ਵਾਲੇ ਨਿਊ ਡੈਮੋਕਰੇਟਿਕ ਪਾਰਟੀ ਦੇ ਮੁਖੀ ਤੇ ਸਿੱਖ ਅੰਮ੍ਰਿਤਧਾਰੀ ਨੌਜਵਾਨ ਜਗਮੀਤ ਸਿੰਘ ਦਾ 6ਵੇਂ ਸਥਾਨ ਉੱਤੇ



**ਬਾਕੀ ਸਫ਼ਾ 33 'ਤੇ**

## ਟਰੰਪ ਦੇ ਦਬਕਿਆਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਲੋਂ ਕੈਬਨਿਟ ਤੇ ਕੌਮੀ ਸੁਰੱਖਿਆ ਕਮੇਟੀ ਨਾਲ ਵਿਚਾਰ ਵਟਾਂਦਰੇ ਸ਼ੁਰੂ

**ਵਾਸ਼ਿਗਟਨ, ਇਸਲਾਮਾਬਾਦ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਾਕਿਸਤਾਨ 'ਤੇ ਲਾਏ ਗਏ ਦੋਸ਼ਾਂ ਤੋਂ ਬਾਅਦ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਅੱਬਾਸੀ ਨੇ ਕੈਬਨਿਟ ਅਤੇ ਕੌਮੀ ਸੁਰੱਖਿਆ ਕਮੇਟੀ ਦੀ ਮੀਟਿੰਗ ਸੱਦ ਲਈ ਹੈ। ਅਮਰੀਕਾ ਨੇ ਪਾਕਿਸਤਾਨ 'ਤੇ ਦੋਸ਼ ਲਾਇਆ ਸੀ ਕਿ ਉਹ 33 ਬਿਲੀਅਨ ਅਮਰੀਕੀ ਡਾਲਰਾਂ ਦੀ ਮਦਦ ਬਦਲੇ ਅਤਿਵਾਦੀਆਂ ਨੂੰ ਪਨਾਹ ਦੇ ਕੇ ਉਸ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ। ਪਾਕਿਸਤਾਨ ਨੇ ਟਰੰਪ ਦੀ ਟਿੱਪਣੀ ਬਾਰੇ ਆਪਣਾ ਵਿਰੋਧ ਜਤਾਉਣ ਲਈ ਅਮਰੀਕੀ ਸਫੀਰ ਡੇਵਿਡ ਹੇਲ ਨੂੰ ਬੀਤੀ ਰਾਤ ਤਲਬ ਕੀਤਾ। ਕਿਉਂਕਿ ਵਿਦੇਸ਼ ਸਕੱਤਰ ਤਹਿਮੀਨਾ ਜੰਜੂਆ ਟਰੰਪ ਦੀ ਟਿੱਪਣੀ ਬਾਰੇ ਉਨ੍ਹਾਂ ਦਾ ਸਪਸ਼ਟੀਕਰਨ ਚਾਹੁੰਦੇ ਸੀ। ਅਮਰੀਕੀ ਸਫਾਰਤਖਾਨੇ ਦੇ ਬੁਲਾਰੇ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਟਰੰਪ ਦੇ ਨਵੇਂ ਵਰ੍ਹੇ ਦੇ ਪਹਿਲੇ ਟਵੀਟ ਨੂੰ ਪਾਕਿਸਤਾਨ 'ਤੇ ਹੁਣ ਤਕ ਦਾ ਸਭ ਤੋਂ ਵੱਡਾ ਹਮਲਾ ਸਮਝਿਆ ਜਾ ਰਿਹਾ ਹੈ। ਉਨ੍ਹਾਂ ਨੇ ਟਵੀਟ ਵਿੱਚ ਪਾਕਿਸਤਾਨ ਨੂੰ ਦਿੱਤੀ ਜਾਂਦੀ ਵਿੱਤੀ ਮਦਦ 'ਤੇ ਵੀ ਰੋਕ ਲਾਏ ਜਾਣ ਦਾ ਸੁਝਾਅ ਦਿੱਤਾ ਹੈ। ਵਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ

**ਬਾਕੀ ਸਫ਼ਾ 36 'ਤੇ**


For Advertisements in Quomantry Amritsar Times Please Call :
Jai Singh
510-677-2777















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

ੴ ਸਤਿਗੁਰ ਪ੍ਰਸਾਦਿ

ਗੁਰਮੁਖ ਜਨਮ ਸਵਾਰ ਦਰਗਹ ਚਲਿਆ ।। ਸਚੀ ਦਰਗਹ ਜਾਇ ਸਚਾ ਪਿੜ ਮਲਿਆ ।।

## ਫਰੀਮਾਂਟ ਦੀ ਸਮੂਹ ਸਾਧ ਸੰਗਤ ਵਲੋਂ

# ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਬਰਸੀ

## 7 ਜਨਵਰੀ 2018 ਦਿਨ ਐਤਵਾਰ ਨੂੰ ਮਨਾਈ ਜਾ ਰਹੀ ਹੈ

ਪ੍ਰੋਗਰਾਮ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ..... 05 ਜਨਵਰੀ ਦਿਨ ਸ਼ੁੱਕਰਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ ........ 07 ਜਨਵਰੀ ਦਿਨ ਐਤਵਾਰ**

ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ

ਸਾਰੀ ਸਾਧ ਸੰਗਤ ਜੀ ਨੂੰ ਬਾਬਾ ਜੀ ਦੀ ਬਰਸੀ 'ਤੇ ਪਹੁੰਚਣ
ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ

ਬੇਨਤੀ ਕਰਤਾ

ਸ ਮਹਿੰਦਰ ਸਿੰਘ ਚੌਹਾਨ
**559.672.1790**

ਸ੍ਰ ਸੁਖਮਿੰਦਰ ਸਿੰਘ ਮਸ਼ਿਆਣਾ
**510.760.4619**

ਸ੍ਰ ਨਿਰਪਾਲ ਸਿੰਘ ਮਸ਼ਿਆਣਾ
**510.760.6693**

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

Catering
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
**510.795.1100**

976 E. EL CAMINO REAL • SUNNYVALE
**408.795.1100**

4112 GRAFTON ST • DUBLIN
**925.829.1700**

WWW.CHAATBHAVAN.COM






Raja™ SWEETS & CATERING®
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

## ਮੋਦੀ ਸਰਕਾਰ ਦਾ ਅਤਿਵਾਦੀਆਂ ਤੇ ਮਾਓਵਾਦੀਆਂ ਨੂੰ ਆਮ ਮੁਆਫ਼ੀ ਦੇਣ ਦਾ ਕੋਈ ਇਰਾਦਾ ਨਹੀਂ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਹਿੰਸਾ ਅਤੇ ਹਥਿਆਰਬੰਦ ਸੰਘਰਸ਼ ਦਾ ਰਾਹ ਤਿਆਗਣ ਵਾਲੇ ਜੰਮੂ ਕਸ਼ਮੀਰ ਦੇ ਅਤਿਵਾਦੀਆਂ ਅਤੇ ਮਾਓਵਾਦੀਆਂ ਨੂੰ ਆਮ ਮੁਆਫ਼ੀ ਦੇਣ ਸਬੰਧੀ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ। ਲੋਕ ਸਭਾ ਵਿੱਚ ਇੱਕ ਲਿਖਤੀ ਸੁਆਲ ਦੇ ਜੁਆਬ 'ਚ ਕੇਂਦਰੀ ਰਾਜ ਮੰਤਰੀ ਕਿਰਨ ਰਿਜਿਜੂ ਨੇ ਕਿਹਾ,"ਅਤਿਵਾਦੀਆਂ ਨੂੰ ਆਮ ਮੁਆਫ਼ੀ ਦੇਣ ਲਈ ਕੋਈ ਤਜਵੀਜ਼ ਨਹੀਂ ਹੈ।" ਉਨ੍ਹਾਂ ਇਹ ਗੱਲ ਹਿੰਸਾ ਅਤੇ ਹਥਿਆਰਬੰਦ ਸੰਘਰਸ਼ ਦਾ ਰਾਹ ਛੱਡਣ ਵਾਲੇ ਮਾਓਵਾਦੀਆਂ ਤੇ ਅਤਿਵਾਦੀਆਂ ਲਈ ਸਰਕਾਰ ਕੋਲ ਆਮ ਮੁਆਫ਼ੀ ਅਤੇ ਮੁੜ ਵਸੇਬੇ ਸਬੰਧੀ ਕੋਈ ਯੋਜਨਾ ਹੋਣ ਬਾਰੇ ਪੁੱਛੇ ਇੱਕ ਸੁਆਲ ਦੇ ਜੁਆਬ ਵਜੋਂ ਆਖੀ।



ਸ੍ਰੀ ਰਿਜਿਜੂ ਨੇ ਦੱਸਿਆ ਕਿ ਕੇਂਦਰ ਸਰਕਾਰ ਖੱਬੇ ਪੱਖੀ ਕੱਟੜਵਾਦ ਅਤੇ ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਦੀ ਸਥਿਤੀ ਨਾਲ ਨਜਿੱਠਣ ਲਈ ਬਹੁਪੱਖੀ ਰਣਨੀਤੀ ਅਪਣਾ ਰਹੀ ਹੈ ਜਿਸ ਵਿੱਚ ਸੁਰੱਖਿਆ ਸਬੰਧੀ ਉਪਾਅ ਅਤੇ ਵਿਕਾਸ ਸਬੰਧੀ ਪਹਿਲਕਦਮੀਆਂ ਸ਼ਾਮਲ ਹਨ। ਉਨ੍ਹਾਂ ਕਿਹਾ,"ਕੇਂਦਰ ਸਰਕਾਰ, ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਵਿੱਚ ਹਿੰਸਾ ਦਾ ਰਾਹ ਤਿਆਗ ਕੇ ਆਪਣੀਆਂ ਮੰਗਾਂ ਦਾ ਹੱਲ ਭਾਰਤ ਦੇ ਸੰਵਿਧਾਨਕ ਢਾਂਚੇ 'ਚੋਂ ਸ਼ਾਂਤਮਈ ਢੰਗ ਨਾਲ ਲੱਭਣ ਵਾਲੇ ਸਮੂਹਾਂ ਨਾਲ ਗੱਲਬਾਤ ਦੀ ਨੀਤੀ ਵੀ ਅਪਣਾ ਰਹੀ ਹੈ।" ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹੇ ਗੁੱਟਾਂ ਨਾਲ ਗੱਲਬਾਤ ਕਰਨ ਲਈ ਪ੍ਰਤੀਨਿਧੀ ਨਿਯੁਕਤ ਕੀਤੇ ਹਨ। ਕੇਂਦਰ ਸਰਕਾਰ ਵੱਲੋਂ ਕਈ ਢੰਗ ਨਾਲ ਰਾਜ ਸਰਕਾਰਾਂ ਦੀ ਮਦਦ ਕੀਤੀ ਜਾ ਰਹੀ ਹੈ ਜਿਵੇਂ ਕੇਂਦਰੀ ਹਥਿਆਰਬੰਦ ਪੁਲੀਸ ਬਲਾਂ ਦੀ ਤਾਇਨਾਤੀ, ਸੂਬਿਆਂ ਦੀ ਪੁਲੀਸ ਅਤੇ ਖ਼ੁਫ਼ੀਆ ਏਜੰਸੀਆਂ ਦੀ ਮਜ਼ਬੂਤੀ ਲਈ ਵਿੱਤੀ ਸਹਾਇਤਾ, ਆਤਮ ਸਮਰਪਣ ਕਰਨ ਵਾਲਿਆਂ ਲਈ ਮੁੜ ਵਸੇਬਾ ਯੋਜਨਾਵਾਂ ਅਤੇ ਸੁਰੱਖਿਆ ਸਬੰਧੀ ਹੋਰ ਖ਼ਰਚੇ ਸ਼ਾਮਲ ਹਨ।

# ਇਟਲੀ ਰਹਿੰਦੇ ਪਰਮਿੰਦਰ ਸਿੰਘ ਦੀ ਨਹੀਂ ਮਿਲ ਰਹੀ ਉਘ-ਸੁੱਘ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਜ਼ਿਲ੍ਹੇ ਦੇ ਪਿੰਡ ਪਤਾਰਸੀ ਕਲਾਂ ਦਾ 34 ਸਾਲਾ ਨੌਜਵਾਨ ਪਰਮਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਇਟਲੀ ਵਿੱਚ ਪਿਛਲੇ ਲਗਭਗ ਤਿੰਨ ਮਹੀਨਿਆਂ ਤੋਂ ਲਾਪਤਾ ਹੈ। ਉਸ ਦਾ ਹਾਲੇ ਤੱਕ ਥਹੁ-ਪਤਾ ਨਾ ਲੱਗਣ ਕਰਕੇ ਪਰਿਵਾਰਕ ਮੈਂਬਰਾਂ ਨੇ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਰਾਹੀਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਹੈ। ਪ੍ਰੋ. ਚੰਦੂਮਾਜਰਾ ਨੇ ਪੀੜਤ ਪਰਿਵਾਰ ਨੂੰ ਨੌਜਵਾਨ ਦੀ ਭਾਲ ਵਿੱਚ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਨਿਰਮਲ ਸਿੰਘ ਵਾਸੀ ਪਤਾਰਸੀ ਕਲਾਂ ਨੇ ਦੱਸਿਆ ਕਿ ਉਸ ਦਾ ਪੁੱਤਰ ਲਗਭਗ 7 ਸਾਲਾਂ ਤੋਂ ਇਟਲੀ ਵਿੱਚ ਵਰਕ ਪਰਮਿਟ ਉੱਪਰ ਕੰਮ ਕਰ ਰਿਹਾ ਸੀ। ਬੀਤੀ 9 ਸਤੰਬਰ ਨੂੰ ਉਨ੍ਹਾਂ ਦੀ ਪਰਮਿੰਦਰ ਨਾਲ ਆਖਰੀ ਵਾਰ ਫ਼ੋਨ 'ਤੇ ਗੱਲਬਾਤ ਹੋਈ ਸੀ ਤਾਂ ਉਸ ਨੇ ਕਿਹਾ ਕਿ ਜਿਸ ਥਾਂ ਹੁਣ ਉਹ ਕੰਮ ਕਰਦਾ ਸੀ, ਉੱਥੇ ਕੰਮ ਬੰਦ ਹੋ ਗਿਆ ਹੈ ਅਤੇ ਉਹ ਦੂਸਰੇ ਪਾਸੇ ਕੰਮ ਦੀ ਭਾਲ ਵਿੱਚ ਜਾ ਰਿਹਾ ਹੈ। ਇਸ ਮਗਰੋਂ ਉਸ ਦੀ ਪਰਿਵਾਰਕ ਮੈਂਬਰਾਂ ਨਾਲ ਕੋਈ ਗੱਲ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਪਰਮਿੰਦਰ ਦੇ ਦੋਸਤਾਂ ਨੂੰ ਫ਼ੋਨ ਕਰਨ 'ਤੇ ਬਿੰਦਰ ਨਾਂ ਦੇ ਲੜਕੇ ਨੇ ਦੱਸਿਆ ਕਿ 11 ਸਤੰਬਰ ਨੂੰ ਪਰਮਿੰਦਰ ਦਾ ਫ਼ੋਨ ਆਇਆ ਸੀ ਕਿ ਉਸ ਨੂੰ ਨਵੀਂ ਥਾਂ 32 ਪੋਲੀਆਂ ਰੈਸਟੋਰੈਂਟ ਵਿੱਚ ਨੌਕਰੀ ਮਿਲ ਗਈ ਹੈ। ਉਸ ਦਿਨ ਤੋਂ ਬਾਅਦ ਉਸ ਦਾ ਫ਼ੋਨ ਬੰਦ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਹ ਤਿੰਨ ਮਹੀਨਿਆਂ ਤੋਂ ਆਪਣੇ ਪੁੱਤਰ ਦੀ ਭਾਲ ਕਰ ਰਹੇ ਹਨ, ਪਰ ਉਸ ਦਾ ਕੁਝ ਵੀ ਪਤਾ ਨਹੀਂ ਲੱਗ ਰਿਹਾ ਹੈ। ਇਸ ਮੌਕੇ ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਉਹ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰ ਕੇ ਸਾਰੇ ਮਾਮਲੇ ਦੀ ਜਾਣਕਾਰੀ ਦੇਣਗੇ।



## ਹੁਣ ਜੱਗੀ ਜੌਹਲ ਦੇ ਸਹੁਰੇ ਘਰ ਉੱਤੇ ਵੀ ਛਾਪਾ ਮਾਰਿਆ

**ਜਲੰਧਰ/ਬਿਊਰੋ ਨਿਊਜ਼:** ਕੌਮੀ ਜਾਂਚ ਏਜੰਸੀ ( ਐਨਆਈਏ) ਨੇ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਦੇ ਸਹੁਰਿਆਂ ਦੇ ਘਰ ਪਿੰਡ ਸੋਹਲ ਜਗੀਰ 'ਚ ਛਾਪੇ ਮਾਰ ਕੇ ਉਸ ਦੀ ਪਤਨੀ ਤੋਂ ਪੁੱਛ-ਗਿੱਛ ਕੀਤੀ। ਉਹ ਘਰ ਵਿੱਚੋਂ ਦੋ-ਤਿੰਨ ਪੁਰਾਣੇ ਮੋਬਾਈਲ ਫੋਨ, ਟੈਲੀਫੋਨ ਵਾਲੀਆਂ ਡਾਇਰੀਆਂ, ਬੈਂਕਾਂ ਦੀਆਂ ਸਟੇਟਮੈਂਟਾਂ ਅਤੇ ਹੋਰ ਕਈ ਕਾਗਜ਼ ਪੱਤਰ ਵੀ ਨਾਲ ਲੈ ਗਏ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਐਨਆਈਏ ਟੀਮ ਨਾਲ ਦਰਜਨ ਤੋਂ ਵੱਧ ਪੰਜਾਬ ਪੁਲੀਸ ਦੇ ਬੰਦੇ ਵੀ ਸਨ। ਜੱਗੀ ਜੌਹਲ ਦੀ ਪਤਨੀ ਪਹਿਲਾਂ ਤਾਂ ਘਰ 'ਚ ਮੌਜੂਦ ਨਹੀਂ ਸੀ ਪਰ ਜਦੋਂ ਉਹ ਰਿਸ਼ਤੇਦਾਰਾਂ ਕੋਲੋਂ ਪਰਤੀ ਤਾਂ ਉਸ ਤੋਂ ਸਵਾਲ ਪੁੱਛੇ ਗਏ। ਜੱਗੀ ਜੌਹਲ ਦੇ ਸਹੁਰੇ ਬਲਵਿੰਦਰ ਸਿੰਘ ਨੇ ਕਿਹਾ ਕਿ ਸਵੇਰੇ 9 ਵਜੇ ਦੇ ਕਰੀਬ ਆਏ ਮੁਲਾਜ਼ਮ ਤਿੰਨ-ਚਾਰ ਘੰਟੇ ਘਰ ਦੀ ਤਲਾਸ਼ੀ ਲੈਂਦੇ ਰਹੇ। ਬਹੁਤੇ ਅਧਿਕਾਰੀ ਬੈਂਕਾਂ ਵਿੱਚੋਂ ਹੋਏ ਲੈਣ-ਦੇਣ ਬਾਰੇ ਪੁੱਛਦੇ ਰਹੇ। ਉਨ੍ਹਾਂ ਦੱਸਿਆ ਕਿ ਜਿਹੜੇ ਕਾਗਜ਼ ਉਹ ਨਾਲ ਲੈ ਗਏ ਹਨ, ਉਨ੍ਹਾਂ ਵਿੱਚ ਜੱਗੀ ਨਾਲ ਸਬੰਧਤ ਕੋਈ ਕਾਗਜ਼ ਪੱਤਰ ਨਹੀਂ ਹੈ। ਉਨ੍ਹਾਂ ਮੁਤਾਬਕ ਟੀਮ ਨੇ ਘਰ ਦੀਆਂ ਸਾਰੀਆਂ ਅਲਮਾਰੀਆਂ, ਬਾਕਸ ਬੈੱਡਾਂ, ਕੱਪੜੇ ਇੱਥੋਂ ਤਕ ਕੇ ਘਰ ਵਿੱਚ ਖੜ੍ਹੀਆਂ ਗੱਡੀਆਂ ਦੇ ਬੋਨਟ ਤਕ ਵੀ ਫਰੋਲ ਮਾਰੇ। ਬਲਵਿੰਦਰ ਸਿੰਘ ਅਨੁਸਾਰ ਉਨ੍ਹਾਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ।



# ਪੰਜਾਬ ਨੂੰ ਜਗ-ਮਗ ਕਰਨ ਵਾਲੇ ਬਠਿੰਡਾ ਥਰਮਲ ਨੂੰ ਹਮੇਸ਼ਾ ਲਈ ਹਨੇਰੇ ਦੀ ਗੋਦ 'ਚ ਸੁਆਇਆ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਦਾ ਥਰਮਲ ਪਲਾਂਟ ਸਵਾ 43 ਵਰ੍ਹਿਆਂ ਮਗਰੋਂ ਸੋਮਵਾਰ ਨੂੰ ਰਸਮੀ ਤੌਰ 'ਤੇ ਬੰਦ ਹੋ ਗਿਆ ਹੈ। ਥਰਮਲ ਪਲਾਂਟ ਦਾ ਪਹਿਲਾ ਯੂਨਿਟ 22 ਸਤੰਬਰ 1974 ਨੂੰ ਚਾਲੂ ਹੋਇਆ ਸੀ। ਨਵੇਂ ਸਾਲ ਦੇ ਪਹਿਲੇ ਦਿਨ ਭਾਵੇਂ ਥਰਮਲ ਮੁਲਾਜ਼ਮਾਂ ਨੇ ਦੋ ਸ਼ਿਫ਼ਟਾਂ 'ਚ ਡਿਊਟੀ ਤਾਂ ਨਿਭਾਈ ਪਰ ਇਨ੍ਹਾਂ ਮੁਲਾਜ਼ਮਾਂ ਨੂੰ ਆਉਂਦੇ ਦਿਨਾਂ ਅੰਦਰ ਨੇੜਲੀਆਂ ਥਾਵਾਂ 'ਤੇ ਬਦਲਿਆ ਜਾਣਾ ਹੈ। ਇਸੇ ਦੌਰਾਨ ਠੇਕਾ ਮੁਲਾਜ਼ਮਾਂ ਨੇ ਮਿਨੀ ਸਕੱਤਰੇਤ ਅੱਗੇ ਪੱਕਾ ਮੋਰਚਾ ਲਾ ਦਿੱਤਾ ਹੈ।

ਬਠਿੰਡਾ ਥਰਮਲ ਦੇ ਮੁੱਖ ਇੰਜਨੀਅਰ ਵੀਕੇ ਗਰਗ ਨੇ ਕਿਹਾ ਕਿ ਸਰਕਾਰੀ ਫ਼ੈਸਲੇ ਅਨੁਸਾਰ ਥਰਮਲ ਬੰਦ ਕਰ ਦਿੱਤਾ ਗਿਆ ਹੈ ਜਦਕਿ ਪਹਿਲਾਂ ਥਰਮਲ 'ਨੋ ਡਿਮਾਂਡ' ਕਾਰਨ ਬੰਦ ਸੀ ਅਤੇ ਹੁਣ ਇਸ ਦੇ ਮੁੜ ਚੱਲਣ ਦੀ ਕੋਈ ਸੰਭਾਵਨਾ ਨਹੀਂ ਬਚੀ ਹੈ। ਉਨ੍ਹਾਂ ਦੱਸਿਆ ਕਿ ਮੁਲਾਜ਼ਮ ਫਿਲਹਾਲ ਥਰਮਲ 'ਚ ਹੀ ਤਾਇਨਾਤ ਰਹਿਣਗੇ ਜਿਨ੍ਹਾਂ ਨੂੰ ਆਉਂਦੇ ਦਿਨਾਂ ਵਿੱਚ ਨੇੜਲੀਆਂ ਥਾਵਾਂ 'ਤੇ ਤਬਦੀਲ ਕਰਨ ਦਾ ਪੱਤਰ ਆ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਥਰਮਲ ਲਈ ਰੈਗੂਲਰ ਖਰੀਦਿਆ ਜਾਣ ਵਾਲਾ ਸਾਜ਼ੋ-ਸਾਮਾਨ ਬੰਦ ਕਰ ਦਿੱਤਾ ਗਿਆ ਹੈ ਅਤੇ ਰੇਲਵੇ ਦੇ ਜੋ ਬਕਾਏ ਹਨ, ਉਨ੍ਹਾਂ ਦਾ ਕੇਸ ਟ੍ਰਿਬਿਊਨਲ 'ਚ ਚਲਾ ਗਿਆ ਹੈ।

ਦੂਜੇ ਪਾਸੇ ਥਰਮਲਜ਼ ਕੰਟਰੈਕਟ ਵਰਕਰਜ਼ ਕੋਆਰਡੀਨੇਸ਼ਨ ਕਮੇਟੀ ਪੰਜਾਬ ਦੀ ਅਗਵਾਈ ਹੇਠ ਹਜ਼ਾਰਾਂ ਥਰਮਲ ਮੁਲਾਜ਼ਮਾਂ, ਔਰਤਾਂ, ਕਿਸਾਨਾਂ ਤੇ ਮਜ਼ਦੂਰਾਂ ਨੇ ਸਥਾਨਕ ਮਿੰਨੀ ਸਕੱਤਰੇਤ ਅੱਗੇ 'ਥਰਮਲ ਬਚਾਓ ਮੋਰਚਾ' ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਮੁਲਾਜ਼ਮਾਂ ਨੇ ਸਕੱਤਰੇਤ ਨੇੜਲੇ ਚੌਕ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ। ਐਂਪਲਾਈਜ਼ ਤਾਲਮੇਲ ਕਮੇਟੀ ਅਤੇ ਠੇਕਾ ਮੁਲਾਜ਼ਮਾਂ ਦੀ ਕਮੇਟੀ ਦੀ ਅਗਵਾਈ ਵਿੱਚ ਅੱਜ ਥਰਮਲ ਗੇਟ ਤੋਂ ਮੁਲਾਜ਼ਮਾਂ ਦਾ ਪੈਦਲ ਮਾਰਚ ਸ਼ੁਰੂ ਹੋਇਆ ਸੀ। ਇਸੇ ਦੌਰਾਨ ਰੈਗੂਲਰ ਮੁਲਾਜ਼ਮਾਂ ਨੇ ਸ਼ਹਿਰ 'ਚ ਵੱਖ ਵੱਖ ਵਪਾਰੀ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਕੀਤੀਆਂ ਤਾਂ ਜੋ ਆਉਂਦੇ ਦਿਨਾਂ 'ਚ ਰੋਸ ਵਜੋਂ ਬਾਜ਼ਾਰ ਬੰਦ ਕੀਤੇ ਜਾ ਸਕਣ।

ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਰਜਿੰਦਰ ਸਿੰਘ ਢਿੱਲੋਂ ਅਤੇ ਵਿਜੇ ਕੁਮਾਰ ਨੇ ਆਖਿਆ ਮਨਪ੍ਰੀਤ ਬਾਦਲ ਹੁਣ ਥਰਮਲ ਨੂੰ ਬੰਦ ਕਰਨ ਦੀ ਹਮਾਇਤ ਕਰ ਰਹੇ ਹਨ

**ਬਾਕੀ ਸਫ਼ਾ 36 'ਤੇ**


HOTHI FREIGHTLINES

248 South Hillview Dr Milpitas CA 95035

ਸਾਡੇ ਕੋਲ ਹੇਠ ਲਿਖੀਆਂ ਜਗ੍ਹਾ ਤੋਂ ਪੱਕੇ ਲੋਡ ਹਨ

- Salinas CA to Houston
- TX Sanantonio TX Schertz TX
- Saint Louis MO Chicago IL New Jersy Pansalvania PA ਅਤੇ

ਵਾਪਸੀ ਦੇ ਪੱਕੇ ਲੋਡ ਹਨ

- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
- ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।



ਭਾਈ ਜਸਵੰਤ ਸਿੰਘ ਹੋਠੀ ਗੁਰਜੀਤ ਸਿੰਘ ਹੋਠੀ





ਰਣਵੀਰ ਸਿੰਘ ਹੋਠੀ ਅਤੇ ਅਵਤੇਜ ਸਿੰਘ ਗਿੱਲ

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ
408-332-9355

# ਆਸ਼ਾ ਕੁਮਾਰੀ ਨੇ ਮਹਿਲਾ ਕਾਂਸਟੇਬਲ ਨਾਲ ਥੱਪੜੋ-ਥੱਪੜੀ ਹੋਣ ਦੇ ਮਾਮਲੇ 'ਚ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ

**ਸ਼ਿਮਲਾ/ਬਿਊਰੋ ਨਿਊਜ਼**, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਸ਼ਿਮਲਾ ਦੌਰੇ ਦੌਰਾਨ ਪਾਰਟੀ ਵਿਧਾਇਕ ਆਸ਼ਾ ਕੁਮਾਰੀ ਵੱਲੋਂ ਮਹਿਲਾ ਸਿਪਾਹੀ ਰਾਜਵੰਤੀ ਨੂੰ ਥੱਪੜ ਮਾਰਨ ਦਾ ਮਾਮਲਾ ਭਖ਼ਦਾ ਜਾ ਰਿਹਾ ਹੈ। ਪਹਿਲਾਂ ਮਹਿਲਾ ਸਿਪਾਹੀ ਨੇ ਕਾਂਗਰਸ ਵਿਧਾਇਕਾ ਖ਼ਿਲਾਫ਼ ਕੇਸ ਦਰਜ ਕਰਾਇਆ ਸੀ, ਲੰਘੇ ਸ਼ਨਿੱਚਰਵਾਰ ਨੂੰ ਆਸ਼ਾ ਕੁਮਾਰੀ ਨੇ ਸ਼ਿਮਲਾ ਦੇ ਥਾਣਾ ਸਦਰ ਵਿੱਚ ਮਹਿਲਾ ਕਾਂਸਟੇਬਲ ਖ਼ਿਲਾਫ਼ ਰਿਪੋਰਟ ਦਰਜ ਕਰਾਈ ਹੈ। ਆਸ਼ਾ ਕੁਮਾਰੀ ਨੇ ਆਪਣੀ ਸ਼ਿਕਾਇਤ ਵਿੱਚ ਮਹਿਲਾ ਸਿਪਾਹੀ 'ਤੇ ਉਸ ਨੂੰ ਜਾਣ-ਬੁੱਝ ਕੇ ਪਾਰਟੀ 'ਚ ਨਾ ਬੈਠਣ ਦੇਣ, ਧੱਕਾ-ਮੁੱਕੀ ਕਰਨ ਅਤੇ ਥੱਪੜ ਮਾਰਨ ਦਾ ਦੋਸ਼ ਲਾਇਆ ਹੈ। ਆਸ਼ਾ ਕੁਮਾਰੀ ਨੇ ਇਹ ਵੀ ਲਿਖਿਆ ਹੈ ਕਿ ਸਬੰਧਤ ਮਹਿਲਾ ਸਿਪਾਹੀ ਨੇ ਉਸ ਨੂੰ ਨਤੀਜੇ ਭੁਗਤਣ ਤੇ ਜਾਨੋਂ ਮਾਰਨ ਦੀਆਂ ਧਮਕੀ ਵੀ ਦਿੱਤੀ। ਕਾਂਗਰਸ ਆਗੂ ਨੇ ਮਹਿਲਾ ਸਿਪਾਹੀ 'ਤੇ ਗਾਲ੍ਹਾਂ ਕੱਢਣ ਤੇ ਭੱਦੀ ਭਾਸ਼ਾ ਵਰਤਣ ਦਾ ਦੋਸ਼ ਵੀ ਲਾਇਆ ਹੈ। ਆਸ਼ਾ ਕੁਮਾਰੀ ਨੇ ਕਿਹਾ ਕਿ ਬੀਤੇ ਦਿਨ ਉਹ ਜ਼ਿਆਦਾ ਮਸਰੂਫ਼ ਹੋਣ ਤੇ ਇੱਕ ਤੋਂ ਬਾਅਦ ਇੱਕ ਮੀਟਿੰਗ ਵਿੱਚ ਹਿੱਸਾ ਲੈਣ 'ਚ ਰੁੱਝੀ ਹੋਈ ਹੋਣ ਕਾਰਨ ਇਸ ਸਬੰਧੀ ਪੁਲੀਸ ਨੂੰ ਸ਼ਿਕਾਇਤ ਦਰਜ ਨਹੀਂ ਕਰਵਾ ਸਕੀ। ਉਨ੍ਹਾਂ ਕਿਹਾ ਕਿ ਉਹ ਮੌਜੂਦਾ ਵਿਧਾਇਕ ਹੈ ਅਤੇ ਹਾਲ ਹੀ 'ਚ ਮੁਕੰਮਲ ਹੋਈਆਂ ਚੋਣਾਂ 'ਚ ਮੁੜ ਤੋਂ ਵਿਧਾਇਕ ਬਣੀ ਹੈ। ਉਸ ਨਾਲ ਇਹ ਘਟਨਾ ਉਸ ਸਮੇਂ ਹੋਈ ਜਦੋਂ ਉਹ ਆਪਣੀ ਅਧਿਕਾਰਤ ਡਿਊਟੀ ਕਰਨ ਜਾ ਰਹੀ ਸੀ ਅਤੇ ਮਹਿਲਾ ਸਿਪਾਹੀ ਨੇ ਅਜਿਹਾ ਕਰਕੇ ਉਸ ਨੂੰ ਡਿਊਟੀ ਕਰਨ ਤੋਂ ਰੋਕਿਆ। ਇਸ ਲਈ ਮੁਲਜ਼ਮ ਮਹਿਲਾ ਸਿਪਾਹੀ ਖ਼ਿਲਾਫ਼ ਐਫਆਈਆਰ ਦਰਜ ਕੀਤੀ ਜਾਵੇ। ਦੂਜੇ ਪਾਸੇ ਸਦਰ ਥਾਣੇ ਦੀ ਪੁਲੀਸ ਨੇ ਇਸ ਮਾਮਲੇ 'ਚ ਆਸ਼ਾ ਕੁਮਾਰੀ ਵੱਲੋਂ ਕੋਈ ਵੀ ਐਫਆਈਆਰ ਦਰਜ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਵਿਧਾਇਕਾ ਦੀ ਸ਼ਿਕਾਇਤ 'ਤੇ ਸਿਰਫ਼ ਰਿਪੋਰਟ ਪਾਈ ਗਈ ਹੈ।

ਇਸ ਘਟਨਾ ਤੋਂ ਬਾਅਦ ਆਸ਼ਾ ਕੁਮਾਰੀ ਨੂੰ ਨਾ ਸਿਰਫ਼ ਸੂਬੇ ਵਿੱਚ ਕਾਂਗਰਸ ਵਿਧਾਇਕ ਦਲ ਦੀ ਆਗੂ ਦੀ ਦੌੜ 'ਚੋਂ ਬਾਹਰ ਮੰਨਿਆ ਜਾ ਰਿਹਾ ਹੈ ਬਲਕਿ ਉਨ੍ਹਾਂ ਨੂੰ ਇਸ ਮਾਮਲੇ 'ਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੋਂ ਜ਼ੋਰਦਾਰ ਝਾੜ ਵੀ ਪਈ ਹੈ। ਆਸ਼ਾ ਕੁਮਾਰੀ ਨੂੰ ਕੱਲ ਰਾਹੁਲ ਗਾਂਧੀ ਵੱਲੋਂ ਮੰਚ ਤੋਂ ਲਾਈ ਝਾੜ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ।

**ਮੁੱਖ ਮੰਤਰੀ ਖੁਦ ਦੇਖਣਗੇ ਮਾਮਲਾ**

ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਕਿਹਾ ਹੈ ਕਿ ਕਾਂਗਰਸ ਵਿਧਾਇਕ ਆਸ਼ਾ ਕੁਮਾਰੀ ਵੱਲੋਂ ਡਿਊਟੀ ਕਰ ਰਹੀ ਮਹਿਲਾ ਸਿਪਾਹੀ ਨੂੰ ਥੱਪੜ ਮਾਰਨ ਦੀ ਘਟਨਾ ਦੀ ਉਹ ਜਲਦ ਹੀ ਰਿਪੋਰਟ ਲੈਣਗੇ। ਦਿੱਲੀ ਦੇ ਦੋ ਰੋਜ਼ਾ ਦੌਰੇ ਤੋਂ ਬਾਅਦ ਸ਼ਿਮਲਾ ਪਰਤੇ ਜੈ ਰਾਮ ਠਾਕੁਰ ਨੇ ਵਿਧਾਇਕ ਵੱਲੋਂ ਮਹਿਲਾ ਸਿਪਾਹੀ ਨੂੰ ਥੱਪੜ ਮਾਰਨ ਦੀ ਘਟਨਾ ਨੂੰ ਸ਼ਰਮਨਾਕ ਦੱਸਿਆ।



ਆਪਸ 'ਚ ਖਹਿਬੜੀਆਂ ਕਾਂਗਰਸ ਵਿਧਾਇਕ ਆਸ਼ਾ ਕੁਮਾਰੀ ਤੇ ਮਹਿਲਾ ਸਿਪਾਹੀ ਨੂੰ ਰੋਕਦੇ ਹੋਏ ਕਾਂਗਰਸੀ ਆਗੂ ਤੇ ਪੁਲੀਸ ਮੁਲਾਜ਼ਮ।

## ਖਹਿਰਾ ਕਹਿੰਦਾ : ਆਸ਼ਾ ਕੁਮਾਰੀ ਮੁਆਫੀ ਮੰਗੇ

**ਅੰਮ੍ਰਿਤਸਰ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਆਖਿਆ ਕਿ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਆਗੂ ਆਸ਼ਾ ਕੁਮਾਰੀ ਵੱਲੋਂ ਸ਼ਿਮਲਾ ਵਿੱਚ ਪੁਲੀਸ ਮਹਿਲਾ ਕਰਮਚਾਰੀ ਨੂੰ ਥੱਪੜ ਮਾਰਨ ਦੇ ਮਾਮਲੇ ਵਿੱਚ ਜਨਤਕ ਮੁਆਫੀ ਮੰਗਣੀ ਚਾਹੀਦੀ ਹੈ। ਉਹ ਇੱਥੇ ਅੱਖਾਂ ਦੇ ਉਘੇ ਸਰਜਨ ਡਾ. ਦਲਜੀਤ ਸਿੰਘ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਨ। ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਸ੍ਰੀਮਤੀ ਆਸ਼ਾ ਕੁਮਾਰੀ ਨੂੰ ਨਾ ਸਿਰਫ ਪੁਲੀਸ ਮਹਿਲਾ ਕਰਮਚਾਰੀ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ ਸਗੋਂ ਇਸ ਮਾਮਲੇ ਵਿੱਚ ਮਹਿਲਾ ਕਰਮਚਾਰੀ ਨੂੰ ਢੁਕਵਾਂ ਮੁਆਵਜ਼ਾ ਵੀ ਮਿਲਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਮਹਿਲਾ ਪੁਲੀਸ ਕਰਮਚਾਰੀ ਸੂਬਾ ਸਰਕਾਰ ਦੀ ਪ੍ਰਤੀਨਿਧ ਹੈ ਅਤੇ ਉਸ ਨਾਲ ਅਜਿਹਾ ਵਤੀਰਾ ਠੀਕ ਨਹੀਂ।



'ਆਪ' ਆਗੂ ਸੁਖਪਾਲ ਸਿੰਘ ਖਹਿਰਾ ਸਵਰਗੀ ਡਾ. ਦਲਜੀਤ ਸਿੰਘ ਦੇ ਪੁੱਤਰ ਨਾਲ ਦੁੱਖ ਸਾਂਝਾ ਕਰਦੇ ਹੋਏ।

'ਆਪ' ਆਗੂ ਨੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡੀਓ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਸ਼ਰਮਨਾਕ ਕਾਰਵਾਈ ਹੈ। ਇਸ ਮਾਮਲੇ ਵਿੱਚ ਅਕਾਲ ਤਖ਼ਤ ਵੱਲੋਂ ਚੱਢਾ ਖਿਲਾਫ ਕੀਤੀ ਕਾਰਵਾਈ ਨੂੰ ਉਨ੍ਹਾਂ ਨਰਮ ਫੈਸਲਾ ਆਖਿਆ। ਪਦਮਸ੍ਰੀ ਡਾ. ਦਲਜੀਤ ਸਿੰਘ ਨੂੰ ਅਹਿਮ ਸ਼ਖ਼ਸੀਅਤ ਦੱਸਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਉਹ 'ਆਪ' ਨਾਲ ਵੀ ਜੁੜੇ ਰਹੇ ਹਨ। ਉਨ੍ਹਾਂ ਡਾ. ਦਲਜੀਤ ਸਿੰਘ ਦੇ ਪੁੱਤਰ ਡਾ. ਰਵੀਜੀਤ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

## ਆਸ਼ਾ ਕੁਮਾਰੀ ਦੇ ਥੱਪੜ ਨੂੰ ਟਕਰਿਆ ਥੱਪੜ

ਵਰਨਣਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਸ਼ੁੱਕਰਵਾਰ ਸ਼ਿਮਲਾ ਆਏ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੇ ਪ੍ਰੋਗਰਾਮ ਤੋਂ ਪਹਿਲਾਂ ਹੰਗਾਮਾ ਹੋ ਗਿਆ ਜਦੋਂ ਪਾਰਟੀ ਦੀ ਕੌਮੀ ਸਕੱਤਰ ਆਸ਼ਾ ਕੁਮਾਰੀ ਨੇ ਮਹਿਲਾ ਸਿਪਾਹੀ ਨੂੰ ਥੱਪੜ ਮਾਰ ਦਿੱਤਾ। ਇਸ ਦੇ ਜਵਾਬ 'ਚ ਮਹਿਲਾ ਸਿਪਾਹੀ ਨੇ ਵੀ ਆਸ਼ਾ ਕੁਮਾਰੀ ਨੂੰ ਥੱਪੜ ਜੜਿਆ। ਮਹਿਲਾ ਸਿਪਾਹੀ ਦੀ ਸ਼ਿਕਾਇਤ 'ਤੇ ਕਾਂਗਰਸ ਵਿਧਾਇਕ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਇਹ ਘਟਨਾ ਕਾਂਗਰਸ ਦਫ਼ਤਰ ਦੇ ਮੁੱਖ ਗੇਟ 'ਤੇ ਉਸ ਸਮੇਂ ਵਾਪਰੀ ਜਦੋਂ ਰਾਹੁਲ ਗਾਂਧੀ ਦੇ ਆਉਣ ਮਗਰੋਂ ਪਾਰਟੀ ਆਗੂ ਮੀਟਿੰਗ ਲਈ ਦਫ਼ਤਰ ਅੰਦਰ ਜਾਣ ਲੱਗੇ। ਵਿਧਾਇਕ ਮਕੇਸ਼ ਅਗਲੀਹੋਤਰੀ ਦੇ ਅੰਦਰ ਜਾਣ ਮਗਰੋਂ ਆਸ਼ਾ ਕੁਮਾਰੀ ਤੇ ਕਰਨਲ ਧਨੀ ਰਾਮ ਸ਼ਾਂਡਿਲ ਅੰਦਰ ਜਾਣ ਲੱਗੇ ਤਾਂ ਮਹਿਲਾ ਸਿਪਾਹੀ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਸ 'ਤੇ ਆਸ਼ਾ ਕੁਮਾਰੀ ਤੇ ਕਾਂਸਟੇਬਲ ਵਿਚਾਲੇ ਬਹਿਸ ਹੋ ਗਈ। ਗੁੱਸੇ 'ਚ ਆਈ ਵਿਧਾਇਕਾ ਨੇ ਪੁਲੀਸ ਮੁਲਾਜ਼ਮ ਨੂੰ ਥੱਪੜ ਮਾਰ ਦਿੱਤਾ, ਜਿਸ ਦਾ ਜਵਾਬ 'ਚ ਮਹਿਲਾ ਸਿਪਾਹੀ ਵੱਲੋਂ ਥੱਪੜ ਮਾਰ ਦੇ ਹੀ ਦਿੱਤਾ ਗਿਆ। ਇਸ ਘਟਨਾ ਤੋਂ ਰਾਹੁਲ ਗਾਂਧੀ ਖਾਸੇ ਨਾਰਾਜ਼ ਦਿਖਾਈ ਦਿੱਤੇ। ਉਨ੍ਹਾਂ ਮੀਟਿੰਗ ਦੌਰਾਨ ਮੰਚ ਤੋਂ ਕਿਹਾ, 'ਆਸ਼ਾ ਜੀ ਥੱਪੜ ਮਾਰਨਾ ਸਾਡਾ ਸੱਭਿਆਚਾਰ ਨਹੀਂ ਹੈ। ਅਸੀਂ ਗਾਂਧੀਵਾਦੀ ਵਿਚਾਰਧਾਰਾ 'ਚ ਵਿਸ਼ਵਾਸ ਰੱਖਦੇ ਹਾਂ ਅਤੇ ਇਹ ਵਿਚਾਰਧਾਰਾ ਅਹਿੰਸਾ ਦੀ ਹੈ।' ਉਨ੍ਹਾਂ ਕਿਹਾ ਕਿ ਜੋ ਹੋਇਆ ਉਹ ਠੀਕ ਨਹੀਂ ਹੈ। ਕੁੱਟ-ਮਾਰ ਦਾ ਸੱਭਿਆਚਾਰ ਭਾਜਪਾ ਦਾ ਹੈ।



ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਪੁਲੀਸ ਕਲਿਆਣ ਸੰਘ ਦੇ ਪ੍ਰਧਾਨ ਰਮੇਸ਼ ਚੌਹਾਨ ਨੇ ਕਿਹਾ ਕਿ ਜੇਕਰ ਡੀਜੀਪੀ ਨੇ ਵਿਧਾਇਕ ਖ਼ਿਲਾਫ਼ ਪੁਲੀਸ ਡਿਊਟੀ 'ਚ ਅੜਿੱਕਾ ਪਾਉਣ ਦਾ ਕੇਸ ਦਰਜ ਨਾ ਕੀਤਾ ਤਾਂ ਉਹ ਅਦਾਲਤ ਜਾਣਗੇ। ਇਸੇ ਦੌਰਾਨ ਮਹਿਲਾ ਸਿਪਾਹੀ ਨੇ ਕਾਂਗਰਸ ਵਿਧਾਇਕਾ ਆਸ਼ਾ ਕੁਮਾਰੀ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਸ਼ਿਮਲਾ ਦੇ ਐੱਸਪੀ ਸੌਮਿਆ ਨੇ ਦੱਸਿਆ ਕਿ ਕਾਂਗਰਸ ਆਗੂ ਖ਼ਿਲਾਫ਼ ਆਈਪੀਸੀ ਦੀ ਧਾਰਾ 353 ਤੇ 332 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਦੂਜੇ ਪਾਸੇ ਆਸ਼ਾ ਕੁਮਾਰੀ ਨੇ ਇਸ ਘਟਨਾ 'ਤੇ ਦੁਖ ਜ਼ਾਹਰ ਕੀਤਾ, ਪਰ ਮਹਿਲਾ ਸਿਪਾਹੀ ਤੋਂ ਨਿੱਜੀ ਤੌਰ 'ਤੇ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਇਸ ਘਟਨਾ ਲਈ ਮਹਿਲਾ ਪੁਲੀਸਕਰਮੀ ਨੂੰ ਦੋਸ਼ੀ ਠਹਿਰਾਇਆ।

**ਰਾਹੁਲ ਵੱਲੋਂ ਹਿਮਾਚਲ 'ਚ ਹਾਰ ਦਾ ਲੇਖ ਜੋਖਾ**

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇੱਥੇ ਨਵੇਂ ਚੁਣੇ ਵਿਧਾਇਕਾਂ ਤੇ ਹਾਰੇ ਉਮੀਦਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਤੋਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਹੋਈ ਹਾਰ ਦੇ ਕਾਰਨਾਂ ਦੀ ਜਾਣਕਾਰੀ ਲਈ। ਪਾਰਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਾਂਗਰਸ ਪ੍ਰਧਾਨ ਬਣਨ ਮਗਰੋਂ ਪਹਿਲੇ ਦੌਰੇ 'ਤੇ ਇੱਥੇ ਪਹੁੰਚੇ ਸ੍ਰੀ ਗਾਂਧੀ ਨੇ ਪਾਰਟੀ ਆਗੂਆਂ ਨੂੰ 2019 ਦੀਆਂ ਲੋਕ ਸਭਾ ਚੋਣਾਂ ਲਈ ਹੁਣ ਤੋਂ ਹੀ ਕਮਰ ਕੱਸੇ ਕਰਨ ਦੀ ਨਸੀਹਤ ਦਿੱਤੀ। ਸ੍ਰੀ ਗਾਂਧੀ ਨੇ ਕਿਹਾ ਕਿ ਸਮਰਪਿਤ, ਈਮਾਨਦਾਰ ਤੇ ਵਫ਼ਦਾਰ ਵਰਕਰਾਂ ਨੂੰ ਪਾਰਟੀ ਅੰਦਰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।









ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿੱਖੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ






**ਸ਼ਿਕਾਗੋ/ਬਿਊਰੋ ਨਿਊਜ਼ :** ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦਾ ਸ਼ਹੀਦੀ ਦਿਹਾੜਾ ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿੱਖੇ ਭਾਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸ਼ਹੀਦੀ ਦਿਹਾੜੇ ਤੇ ਪ੍ਰਬੰਧਕ ਕਮੇਟੀ ਨੇ ਸੰਗਤਾਂ ਦੇ ਸਹਿਯੋਗ ਨਾਲ ਸ਼ੁੱਕਰਵਾਰ 29 ਦਸੰਬਰ ਨੂੰ ਸ੍ਰੀ ਆਖੰਡਪਾਠ ਸਾਹਿਬ ਆਰੰਭ ਕਰਵਾਏ ਸਨ ਜਿੰਨਾਂ ਦੇ ਭੋਗ ਐਤਵਾਰ 31 ਦਸੰਬਰ ਨੂੰ ਪਾਏ ਗਏ।

ਸ਼ਹੀਦੀ ਦਿਹਾੜੇ ਤੇ ਵਿਸ਼ੇਸ਼ ਤੌਰ ਤੇ ਸਿੱਖ ਪਰਚਾਰਕ ਭਾਈ ਹਰਜਿੰਦਰ ਸਿੰਘ ਸੱਭਰਾ ਪ੍ਰਬੰਧਕਾਂ ਦੇ ਸੱਦੇ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਸਨ, ਜਿਨ੍ਹਾਂ ਨੇ ਪੂਰਾ ਹਫਤਾ ਸ਼ਹੀਦੀ ਦਿਹਾੜਿਆਂ ਦੇ ਸਬੰਧ ਵਿੱਚ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਅਤੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਕੀਰਤਨੀ ਜਥੇ ਨੇ ਕੀਰਤਨ ਰਾਹੀਂ ਹਾਜਰੀ ਲਗਵਾਈ।

ਇਸ ਤੋਂ ਇਲਾਵਾ ਐਤਵਾਰ 31 ਦਸੰਬਰ ਦੀ ਰਾਤ ਨੂੰ ਵਿਸ਼ੇਸ਼ ਤੌਰ ਤੇ ਨਵਾਂ ਸਾਲ 2018 ਨੂੰ ਜੀ ਆਇਆਂ ਕਹਿਣ ਵਾਸਤੇ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਅਜੀਤ ਸਿੰਘ ਇੰਡਿਆਨਾ ਵਾਲਿਆਂ ਦੇ ਕੀਰਤਨੀ ਜਥੇ, ਭਾਈ ਹਰਜਿੰਦਰ ਸਿੰਘ ਸੱਭਰਾ ਕਥਾਵਾਚਕ, ਭਾਈ ਪਰਮਿੰਦਰਜੀਤ ਸਿੰਘ ਤੇ ਜਲੰਧਰ ਵਾਲਿਆਂ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਨੇ ਨਿਵਾਈ।

## ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਰਾਤ ਦੇ ਵਿਸ਼ੇਸ਼ ਸਮਾਗਮ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਨਵੇਂ ਸਾਲ ਦੀ ਆਮਦ ਨੂੰ ਲੈ ਕੇ ਵਿਸ਼ੇਸ਼ ਸਮਾਗਮ ਫਰਿਜ਼ਨੋ ਦੇ ਗੁਰਦਿਆਂ ਗੁਰੂ ਨਾਨਕ ਪ੍ਰਕਾਸ਼ ਵਿਖੇ ਰਾਤ ਦੇ ਵਿਸ਼ੇਸ਼ ਸਮਾਗਮ ਹੋਏ। ਹਮੇਸ਼ਾ ਦੀ ਤਰ੍ਹਾਂ ਇਲਾਕੇ ਭਰ ਦੀਆਂ ਸੰਗਤਾਂ ਨੇ ਨਵੇਂ ਸਾਲ ਦੀ ਸੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅੰਦਰ ਕੀਤੀ। ਜਿਸ ਦੌਰਾਨ ਰਾਤਰੀ ਦੇ ਦੀਵਾਨਾ ਵਿੱਚ ਗੁਰਮਤਿ ਕਥਾ ਤੋਂ ਇਲਾਵਾ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਪਾਠ ਅਤੇ ਕੀਰਤਨ ਕੀਤਾ ਗਿਆ। ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਕਿ ਨਵਾਂ ਸਾਲ ਸਮੁੱਚੀ ਮਨੁੱਖਤਾ ਲਈ ਸੁੱਖ-ਸਾਂਤੀ, ਭਾਈਚਾਰਕ ਏਕਤਾ, ਪ੍ਰੇਮ ਸਦਭਾਵਨਾ ਵਾਲਾ ਅਤੇ ਖੁਸੀਆਂ-ਖੇੜਿਆਂ ਭਰਿਆ ਖੁਸ਼ਹਾਲ ਸਮਾਂ ਲੈ ਕੇ ਆਏ। ਗੁਰੂਘਰ ਦੇ ਮੁੱਖ ਗ੍ਰੰਥੀ ਬਾਬਾ ਅਮਰੀਕ ਸਿੰਘ ਨੇ ਸਭ ਨੂੰ ਗੁਰੂ ਦੇ ਲੜ ਲੱਗਣ ਅਤੇ ਸਰਬੱਤ ਦੇ ਭਲੇ ਦੀ ਗੱਲ ਕੀਤੀ।




ਨਵੇਂ ਸਾਲ ਦੀ ਸੁਰੂਆਤ ਜੈਕਾਰਿਆਂ ਦੀ ਗੂੰਜ ਵਿੱਚ ਕੀਤੀ ਗਈ। ਇਸ ਸਮੇਂ ਗੁਰੂ ਦੇ ਲੰਗਰਾਂ ਦੀ ਸੇਵਾ ਅਤੁੱਟ ਚਲਦੀ ਰਹੀ। ਇਸ ਸਮੇਂ ਭਾਰੀ ਠੰਡ ਨੂੰ ਧਿਆਨ 'ਚ ਰੱਖਦਿਆਂ ਮੀਰੀ ਪੀਰੀ ਸੇਵਾ ਸੁਸਾਇਟੀ ਵੱਲੋਂ ਵੀ ਵਿਸ਼ੇਸ਼ ਲੰਗਰਾਂ ਦੇ ਪ੍ਰਬੰਧ ਕੀਤੇ ਗਏ ਸਨ।

## ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਨਸ਼ਿਆਂ ਵਿਰੁੱਧ ਮੁਹਿੰਮ 'ਨਸ਼ਾ ਵਿਰੋਧੀ ਲੰਮੀ ਦੌੜ' ਨੂੰ ਲੋਕਾਂ ਤੋਂ ਮਿਲਿਆ ਭਰਵਾਂ ਹੁੰਗਾਰਾ




**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿੱਚ ਸਿੱਖੀ ਅਸੂਲਾਂ ਅਨੁਸਾਰ ਵਿਦਿਆ ਦੇ ਪਸਾਰ ਨੂੰ ਸਮਰਪਿਤ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਵੱਡੇ ਪੱਧਰ ਉੱਤੇ ਲਗਾਤਾਰ ਯਤਨ ਕਰਨ ਦਾ ਬੀੜਾ ਚੁਕਿਆ ਗਿਆ ਹੈ। ਇਸ ਮਿਸ਼ਨ ਦੀ ਹਰ ਪਾਸਿਓਂ ਸ਼ਲਾਘਾ ਹੋਣ ਦੇ ਨਾਲ ਨਾਲ ਲੋਕਾਂ ਦਾ ਤਕੜਾ ਸਹਿਯੋਗ ਮਿਲ ਰਿਹਾ ਹੈ। ਸੰਸਥਾ ਵਲੋਂ ਇਸ ਸਬੰਧ 'ਚ ਪਿਛਲੇ ਸਮੇਂ ਦੌਰਾਨ ਕਰਵਾਈ ਗਈ ਨਸ਼ਾ ਵਿਰੋਧੀ ਲੰਮੀ ਦੌੜ ਨੂੰ ਭਰਵਾਂ ਹੁੰਗਾਰਾ ਮਿਲਿਆ। ਅਕਾਲ ਡਰੱਗ ਦੀ ਅਡਿਕਸ਼ਨ ਅਤੇ ਰੀਹੈਬਲੀਏਸ਼ਨ ਸੈਂਟਰ ਵਲੋਂ ਪਹਿਲੀ ਵਾਰ ਕਰਵਾਈ ਇਸ ਦੌੜ 'ਚ ਭਾਗ ਲੈਣ ਵਾਲਿਆਂ 'ਚ ਸ਼ੌਕੀਆਂ ਦੌੜਾਕ, ਉੱਘੇ ਪਤਵੰਤੇ ਮਹਿਮਾਨ, ਵਿਦਿਆਰਥੀ ਅਤੇ ਹੋਰ ਲੋਕ ਸ਼ਾਮਲ ਸਨ। ਇਨ੍ਹਾਂ ਉਦਮੀਆਂ ਨੂੰ ਦੌੜਣ ਲਈ ਝੰਡਾ ਵਿਖਾ ਕੇ ਰਵਾਨਾ ਕਰਨ ਦਾ ਸ਼ੁਭ ਕਾਰਜ ਵਿਸ਼ਵ ਪ੍ਰਸਿੱਧ ਦੌੜਾਕ ਸਰਦਾਰ ਮਿਲਖਾ ਸਿੰਘ ਨੇ ਕੀਤਾ।



# ਆਸਟਰੇਲਿਆਈ ਜੌੜੇ ਭਰਾ ਸ਼ੌਨ ਅਤੇ ਡੀਨ 7 ਪੰਜਾਬੀਆਂ ਲਈ ਬਣੇ ਦੇਵਤਾ

**ਸਿਡਨੀ/ਬਿਊਰੋ ਨਿਊਜ਼:** ਦੋ ਆਸਟਰੇਲਿਆਈ ਜੌੜੇ ਭਰਾਵਾਂ ਸ਼ੌਨ ਅਤੇ ਡੀਨ ਦੀ ਮਦਦ ਨੇ ਪੰਜਾਬੀ ਭਾਈਚਾਰੇ ਨਾਲ ਵਾਪਰਨ ਜਾ ਰਹੀ ਵੱਡੀ ਅਣਹੋਣੀ ਨੂੰ ਮੋੜਾ ਦਿੱਤਾ ਹੈ। ਕ੍ਰਿਸਮਸ ਵਾਲੇ ਦਿਨ ਅੱਠ ਪੰਜਾਬੀ ਨੌਜਵਾਨ ਬੀਚ ਕੰਢੇ ਤੋਂ ਛੱਲ ਨਾਲ ਖਿਸਕ ਕਿ ਡੂੰਘੇ ਸਮੁੰਦਰ ਵਿਚ ਘਿਰ ਗਏ ਸਨ। ਸ਼ੌਨ ਅਤੇ ਡੀਨ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਸੱਤ ਨੌਜਵਾਨਾਂ ਨੂੰ ਮੌਤ ਦੇ ਮੂੰਹ ਵਿੱਚੋਂ ਬਾਹਰ ਕੱਢ ਲਿਆਂਦਾ। ਇਹ ਦੋਵੇਂ ਭਰਾ ਪੰਜਾਬੀਆਂ ਤੋਂ ਇਲਾਵਾ ਸਥਾਨਕ ਆਸਟਰੇਲੀਅਨ ਭਾਈਚਾਰੇ 'ਚ ਹੀਰੋ ਬਣ ਕਿ ਉੱਭਰੇ ਹਨ।


ਪੰਜਾਬੀ ਨੌਜਵਾਨਾਂ ਨੂੰ ਬਚਾਉਣ ਵਾਲੇ ਸ਼ੌਨ ਅਤੇ ਡੀਨ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮੰਦਭਾਗੀ ਘਟਨਾ ਗੋਲਡ ਕੋਸਟ ਨੇੜੇ ਬੀਚ ਕੰਢੇ ਵਾਪਰੀ ਸੀ। ਇਸ ਹਾਦਸੇ ਵਿੱਚ ਰਵਨੀਤ ਸਿੰਘ ਗਿੱਲ (22) ਵਾਸੀ ਪਿੰਡ ਗਿੱਲ, ਲੁਧਿਆਣਾ ਦੀ ਮੌਤ ਹੋ ਗਈ ਸੀ। ਸ਼ੌਨ ਅਤੇ ਡੀਨ ਦਾ ਕਹਿਣਾ ਹੈ ਕਿ ਉਹ ਆਪਣੇ ਪਰਿਵਾਰ ਨਾਲ ਬੀਚ ਕੰਢੇ ਕ੍ਰਿਸਮਸ ਦਿਹਾੜਾ ਮਨਾਉਣ ਲਈ ਗਏ ਸਨ ਕਿ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਨੌਜਵਾਨਾਂ ਦਾ ਗਰੁੱਪ ਬੀਚ ਦੀਆਂ ਛੱਲ ਵਿਚ ਘਿਰ ਗਿਆ। ਇਨ੍ਹਾਂ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਨਾਲ ਤੈਰਨਾ ਨਹੀਂ ਸੀ ਆਉਂਦਾ। ਉਹ ਮਦਦ ਲਈ ਗੁਹਾਰ ਲਾ ਰਹੇ ਸਨ। ਪਾਣੀ ਦੀਆਂ ਛੱਲਾਂ ਨਾਲ ਉਹ ਸਾਰੇ ਖਿੰਡ ਚੁੱਕੇ ਸਨ। ਇਸੇ ਦੌਰਾਨ ਦੋ ਲਾਈਫ਼ ਗਾਰਡ ਵੀ ਮਦਦ ਲਈ ਪਾਣੀ 'ਚ ਪਹੁੰਚੇ। ਸਭ ਨੂੰ ਛੇਤੀ ਨਾਲ ਕੱਢਣਾ ਮੁਸ਼ਕਲ ਸੀ। ਪਰ ਕੰਢੇ 'ਤੇ ਖੜ੍ਹੇ ਲੋਕ ਇਸ ਹੋਣੀ ਨੂੰ ਮੂਕ ਦਰਸ਼ਕ ਬਣ ਕਿ ਵੇਖ ਰਹੇ ਸਨ।

ਉਹ ਦੋਵੇਂ ਭਰਾ ਫੁਰਤੀ ਨਾਲ ਪਾਣੀ 'ਚ ਕੁੱਦੇ। ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਨੂੰ ਬਾਹਰ ਕੱਢਿਆ। ਪਰ ਰਵਨੀਤ ਕੰਢੇ ਤੋਂ ਕਰੀਬ 100 ਮੀਟਰ ਦੂਰ ਡੂੰਘੇ ਪਾਣੀ 'ਚ ਜਾ ਚੁੱਕਾ ਸੀ। ਤੈਰਾਕਾਂ ਨੇ ਉਸ ਦੇ ਸਰੀਰ ਨੂੰ ਲੱਭ ਕਿ ਬਾਹਰ ਲਿਆਂਦਾ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਸੁਖਮਿੰਦਰ ਸਿੰਘ ਧਾਲੀਵਾਲ ਅਨੁਸਾਰ ਸਾਰੇ ਨੌਜਵਾਨਾਂ ਨੂੰ ਅਮਲੇ ਨੇ ਮੁੱਢਲੀ ਸਹਾਇਤਾ ਨਾਲ ਬਚਾ ਲਿਆ ਪਰ ਦੋ ਨੌਜਵਾਨਾਂ ਦੀ ਹਾਲਤ ਗੰਭੀਰ ਸੀ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਕੱਲ੍ਹ ਉਨ੍ਹਾਂ ਨੂੰ ਹਸਪਤਾਲ ਵਿੱਚੋਂ ਛੁੱਟੀ ਮਿਲੀ। ਸਮਾਜ ਸੇਵੀ ਮਨਜੀਤ ਬੋਪਾਰਾਏ ਨੂੰ ਮ੍ਰਿਤਕ ਰਵਨੀਤ ਦੇ ਵਾਰਸਾਂ ਨੇ ਸਰਕਾਰ ਨਾਲ ਪੱਤਰ ਵਿਹਾਰ ਕਰਨ ਅਤੇ ਉਸ ਦੀ ਮ੍ਰਿਤਕ ਦੇਹ ਪੰਜਾਬ ਪਹੁੰਚਾਉਣ ਲਈ ਲਿਖਤੀ ਅਥਾਰਟੀ ਦਿੱਤੀ ਹੈ। ਬੋਪਾਰਾਏ ਨੇ ਕਿਹਾ ਕਿ ਸਿਡਨੀ 'ਚ ਗਲੀਬ ਵਿਖੇ ਸਟੇਟ ਜਾਂਚ ਅਧਿਕਾਰੀ, ਹਸਪਤਾਲ ਪ੍ਰਬੰਧਕ ਤੇ ਭਾਰਤੀ ਦੂਤਾਵਾਸ ਦਫ਼ਤਰ ਵੱਲੋਂ ਯਤਨ ਕੀਤੇ ਜਾ ਰਹੇ ਹਨ ਪਰ ਕ੍ਰਿਸਮਸ ਦੀਆਂ ਛੁੱਟੀਆਂ ਅੜਿੱਕਾ ਬਣ ਰਹੀਆਂ ਹਨ। ਗੋਲਡ ਕੋਸਟ ਸਿੱਖ ਕੌਂਸਲ ਨੇ ਮ੍ਰਿਤਕ ਪਰਿਵਾਰ ਦੀ ਆਰਥਿਕ ਮਦਦ ਵਜੋਂ ਕਰੀਬ 13000 ਡਾਲਰ ਦਾਨ ਰਾਹੀਂ ਇਕੱਠੇ ਕੀਤੇ ਹਨ। ਸਾਊਦਰਨ ਕਰੌਸ, ਯੂਨੀਵਰਸਿਟੀ ਨੇ ਵਿਦਿਆਰਥੀ ਰਵਨੀਤ ਨੂੰ ਹੋਣਹਾਰ ਤੇ ਸਾਊ ਸੁਭਾਅ ਵਾਲਾ ਦੱਸਦਿਆਂ ਉਸ ਦੀ ਸ਼ਲਾਘਾ ਕੀਤੀ। ਉਹ 2014 ਵਿੱਚ ਆਸਟਰੇਲੀਆ ਆਇਆ ਸੀ।

## ਸੰਵਿਧਾਨ ਬਦਲਣ ਦੇ ਹਮਾਇਤੀ ਹੇਗੜੇ ਨੂੰ ਮੰਗਣੀ ਪਈ ਮੁਆਫ਼ੀ



**ਨਵੀਂ ਦਿੱਲੀ/ਬਿਊਰੋ ਨਿਊਜ਼** ਅਨੰਤ ਕੁਮਾਰ ਹੇਗੜੇ ਨੇ ਆਪਣੇ ਵਿਵਾਦਤ ਬਿਆਨ ਲਈ ਲੋਕ ਸਭਾ 'ਚ ਮੁਆਫ਼ੀ ਮੰਗ ਲਈ ਹੈ। ਉਨ੍ਹਾਂ ਕਿਹਾ ਕਿ ਉਹ ਸੰਵਿਧਾਨ ਦੀ ਉਲੰਘਣਾ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਉਨ੍ਹਾਂ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਜੇਕਰ ਉਸ ਦੇ ਬਿਆਨ ਤੋਂ ਕਿਸੇ ਨੂੰ ਠੇਸ ਪਹੁੰਚੀ ਹੋਵੇ ਤਾਂ ਉਨ੍ਹਾਂ ਨੂੰ ਮੁਆਫ਼ੀ ਮੰਗਣ ਤੋਂ ਕੋਈ ਝਿਜਕ ਨਹੀਂ ਹੈ। ਇਸ ਤੋਂ ਪਹਿਲਾਂ ਕਾਂਗਰਸ ਆਗੂ ਮੱਲਿਕਾਰਜੁਨ ਖੜਗੇ ਨੇ ਇਹ ਮੁੱਦਾ ਚੁੱਕਣ ਦੀ ਆਗਿਆ ਮੰਗੀ ਸੀ।


JESSIE TAX SERVICES

We Provide Comprehensive Tax Services


JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com


# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਾਕਾ ਸਰਹਿੰਦ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮੌਂਟ/ਬਿਊਰੋ ਨਿਊਜ਼:** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪਰਿਵਾਰ ਤੋਂ ਸੇਧ ਲੈ ਕੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਮੇਂ ਸਮੇਂ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਣ ਦੀ ਲੜੀ ਵਿਚ 'ਸਾਕਾ ਸਰਹਿੰਦ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੇ-ਏਰੀਆ ਦੇ ਉੱਘੇ ਗੁਰਦੁਆਰਾ ਸਾਹਿਬ ਫਰੀਮਾਂਟ (Gurdwara Sahib Fremont-300 Gurdwara Road Fremont CA IDECF) ਵਿਖੇ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਚਲਦੇ ਦਿਵਾਨਾਂ ਵਿਚ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਦਵਿੰਦਰ ਸਿੰਘ ਵੱਲੋਂ ਪੰਜਾਬੀ ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੂੰ ਕਾਰਵਾਈ ਚਲਾਉਣ ਦਾ ਸੱਦਾ ਦਿੱਤਾ ਗਿਆ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਸਾਕਾ ਸਰਹਿੰਦ ਦੇ ਇਤਿਹਾਸ ਤੇ ਰੋਸ਼ਨੀ ਪਾਉਂਦਿਆਂ ਦਸਿਆ ਕਿ ਇਹ ਦਰਦਨਾਕ ਘਟਨਾ ਅਣਮਨੁਖੀ ਤਸ਼ਦਦ ਦੀ ਘਿਨੌਣੀ ਮਿਸਾਲ ਹੈ। ਦਸੰਬਰ 1704 ਨੂੰ 7-9 ਸਾਲ ਦੇ ਬਹਾਦਰ ਸਾਹਿਬਜ਼ਾਦਿਆਂ ਅਤੇ ਦਾਦੀ




ਮਾਤਾ ਗੁਜਰੀ ਜੀ ਦੀ ਸਰਵਉੱਚ ਸ਼ਹੀਦੀ ਨੇ ਦੁਨੀਆਂ ਵਿਚ ਲਾਸਾਨੀ ਮਿਸਾਲ ਕਾਇਮ ਕੀਤੀ ਕਿ ਕੋਈ ਵੀ ਲਾਲਚ ਜਾਂ ਡਰ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਨੂੰ ਡੁਲਾ ਨਹੀਂ ਸਕਦਾ।

ਧਾਰਮਿਕ ਕਵੀ ਦਰਬਾਰ ਵਿਚ ਕਵੀ ਠਾਕੁਰ ਸਿੰਘ, ਮਹਿੰਦਰ ਸਿੰਘ ਰਾਜਪੂਤ, ਤਰਸੇਮ ਸਿੰਘ ਸੁੰਮਨ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ ਫਰੀਮੌਂਟ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਰਚਨਾਵਾਂ ਸੰਗਤਾਂ ਦੇ ਰੂਬਰੂ ਕੀਤੀਆਂ। ਪ੍ਰਬੰਧਕਾਂ ਵੱਲੋਂ ਕਵੀਆਂ ਦੇ ਸਨਮਾਨ ਵਿਚ ਕਿਹਾ ਗਿਆ ਕਿ ਕਵੀਆਂ ਦਾ ਇਹ ਉਦਮ ਹਮੇਸ਼ਾ ਸ਼ਲਾਘਾਯੋਗ ਰਿਹਾ ਹੈ। ਇਹ ਵਿਸ਼ੇਸ਼ ਤੌਰ ਤੇ ਗੁਰਦੁਆਰਾ ਵਿਚ ਹਾਜ਼ਰੀ ਭਰਦੇ ਰਹਿੰਦੇ ਹਨ। ਪ੍ਰੋਗਰਾਮ ਨੂੰ ਸਫਲ ਬਨਾਉਣ ਵਿਚ ਜਸਦੇਵ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਦੇਵਿੰਦਰ ਸਿੰਘ, ਕਮਲਜੀਤ ਸਿੰਘ ਅਟਵਾਲ, ਅਤੇ ਜਗਤਾਰ ਸਿੰਘ ਦਾ ਯੋਗਦਾਨ ਰਿਹਾ। ਧਾਰਮਿਕ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4489 ਹੈ।

# ਉੱਘੇ ਸਮਾਜਸੇਵੀ ਡਾ. ਦਲਜੀਤ ਸਿੰਘ ਨੂੰ ਸ਼ਰਧਾਂਜਲੀਆਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਅੱਖਾਂ ਦੇ ਰੋਗਾਂ ਦੇ ਮਾਹਿਰ, ਸਮਾਜਸੇਵੀ ਤੇ ਉਘੇ ਸਾਹਿਤਕਾਰ ਡਾ. ਦਲਜੀਤ ਸਿੰਘ, ਜਿਨ੍ਹਾਂ ਦਾ ਬੀਤੀ 27 ਦਸੰਬਰ ਨੂੰ ਦੇਹਾਂਤ ਹੋ ਗਿਆ ਸੀ, ਨੂੰ ਬੀਤੇ ਦਿਨ ਵਿਸ਼ੇਸ਼ ਸਮਾਗਮ ਮੌਕੇ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਫਤਹਿਗੜ੍ਹ ਚੂੜੀਆਂ ਰੋਡ 'ਤੇ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਅੰਮ੍ਰਿਤਸਰ ਸ਼ਹਿਰ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਉਨ੍ਹਾਂ ਦੇ ਰਿਸ਼ਤੇਦਾਰ, ਸੱਜਣ-ਮਿੱਤਰ ਤੇ ਡਾਕਟਰੀ ਕਿੱਤੇ ਨਾਲ ਸਬੰਧਤ ਵੱਡੀ ਗਿਣਤੀ ਸਾਥੀ ਸ਼ਾਮਲ ਹੋਏ। ਇਸ ਮੌਕੇ ਭਾਈ ਗੁਰਚਰਨ ਸਿੰਘ ਨੇ ਕੀਰਤਨ ਕੀਤਾ। ਸ਼ਰਧਾਂਜਲੀ ਸਮਾਗਮ ਤੋਂ ਪਹਿਲਾਂ ਪਰਿਵਾਰ ਵੱਲੋਂ ਘਰ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਜਗਦੀਸ਼ ਸਿੰਘ ਕਿਹਾ ਕਿ ਡਾ. ਦਲਜੀਤ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੀ ਕਮੀ ਉਹ ਸਦਾ ਮਹਿਸੂਸ ਕਰਦੇ ਰਹਿਣਗੇ। ਡਾ. ਦਲਜੀਤ ਸਿੰਘ ਦੇ ਪੁੱਤਰ ਡਾ. ਰਵੀਜੀਤ ਸਿੰਘ ਨੇ ਸ਼ਰਧਾਂਜਲੀ ਸਮਾਗਮ ਵਿੱਚ ਪੁੱਜੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਦੇਸ਼ ਦੇ


ਡਾ. ਦਲਜੀਤ ਸਿੰਘ ਨਮਿਤ ਅੰਤਿਮ ਅਰਦਾਸ ਵਿੱਚ ਸ਼ਾਮਲ ਸੰਗਤ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭੇਜੇ ਸੋਗ ਸੁਨੇਹੇ ਵਿੱਚ ਕਿਹਾ ਕਿ ਅੱਖਾਂ ਦੇ ਮਾਹਿਰ ਡਾ. ਦਲਜੀਤ ਸਿੰਘ ਦੇ ਵਿਛੋੜੇ ਨਾਲ ਦੇਸ਼ ਨੂੰ ਵੱਡਾ ਘਾਟਾ ਪਿਆ ਹੈ। ਉਨ੍ਹਾਂ ਪੰਜਾਬ ਤੇ ਹੋਰ ਸੂਬਿਆਂ ਦੇ ਹਜ਼ਾਰਾਂ ਲੋਕਾਂ ਦੀਆਂ ਅੱਖਾਂ ਦਾ ਸਫ਼ਲ ਇਲਾਜ ਕੀਤਾ ਸੀ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਹੈਲਥ ਕੈਂਪ ਜਨਵਰੀ ਨੂੰ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਸਿੱਖ ਕਲਚਰਲ ਸੁਸਾਇਟੀ ਦੇ ਸਹਿਯੋਗ ਨਾਲ ਕੌਰੇਜਸ ਲਵ ਸੰਸਥਾ ਵੱਲੋਂ ਗੁਰਦੁਆਰਾ ਸਾਹਿਬ ਵਿਖੇ 7 ਜਨਵਰੀ 2018 ਐਤਵਾਰ ਨੂੰ ਸਿਹਤ ਅਤੇ ਤੰਦਰੁਸਤੀ ਲਈ ਹੈਲਥ ਕੈਂਪ ਲਾਇਆ ਜਾ ਰਿਹਾ ਹੈ। ਇਸ ਮੌਕੇ ਮਾਨਸਿਕ ਸਿਹਤ ਕੋਲੈਸਟਰੋਲ, ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਗਲੂਕੋਜ਼ ਸਕਰੀਨਿੰਗ ਅਤੇ ਹੋਰ ਬਿਮਾਰੀਆਂ ਨਾਲ ਸਬੰਧਤ ਚੈਕਅੱਪ ਕੀਤੇ ਜਾਣਗੇ। ਇਸ ਕੈਂਪ ਵਿਚ ਵਿਸ਼ੇਸ਼ ਤੌਰ ਤੇ ਬਜ਼ੁਰਗਾਂ ਦੇ ਡਾਕਟਰ ਮਨੋਵਿਗਿਆਨਿਕ ਡਾਕਟਰ, ਸਰੀਰਕ ਥੈਰੇਪਿਸਟ ਅਤੇ ਹੋਰ ਵੀ ਸਪੈਸ਼ਲਿਸਟ ਪਹੁੰਚ ਰਹੇ ਹਨ। ਇਸ ਕੈਂਪ ਵਿਚ ਵਿਸ਼ੇਸ਼ ਤੌਰ ਤੇ ਨਿਊਯਾਰਕ ਮੇਅਰ ਦੇ ਦਫ਼ਤਰ ਜਿਵੇਂ ਕਿ Thrive Nyc, Nnity Nyc, Dfta Get Covered Lgbtq ਅਤੇ ਪ੍ਰਵਾਸੀ ਮਾਮਲਿਆਂ ਬਾਰੇ ਵਿਭਾਗ ਤੋਂ ਸੰਬੰਧਤ ਅਧਿਕਾਰੀ ਪਹੁੰਚ ਰਹੇ ਹਨ। ਪ੍ਰਬੰਧਕਾਂ ਵਲੋਂ ਆਪ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਪਹੁੰਚ ਕੇ ਇਸਦਾ ਲਾਭ ਉਠਾਓ।

## ਭਾਸ਼ਾ ਵਿਭਾਗ ਨੇ ਇਨਾਮਾਂ ਲਈ ਚੋਣ ਵਾਸਤੇ ਕਿਤਾਬਾਂ ਭੇਜਣ ਨੂੰ ਕਿਹਾ

**ਪਟਿਆਲਾ/ ਬਿਊਰੋ ਨਿਊਜ਼**

ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਵੋਤਮ ਸਾਹਿਤਕ' ਅਤੇ 'ਵਧੀਆ ਛਪਾਈ' ਪੁਰਸਕਾਰ (2018-19) ਲਈ ਪਹਿਲੀ ਜਨਵਰੀ ਤੋਂ 31 ਦਸੰਬਰ 2017 ਦੌਰਾਨ ਛਪੀਆਂ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਵਾਰ ਚਾਰੇ ਭਾਸ਼ਾਵਾਂ ਦੀਆਂ ਵੱਖ-ਵੱਖ ਵਿਧਾਵਾਂ ਨਾਲ ਸਬੰਧਿਤ 21 ਪੁਸਤਕਾਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਭਾਸ਼ਾ ਵਿਭਾਗ ਦੇ ਡਾਇਰੈਕਟਰ ਗੁਰਸ਼ਰਨ ਕੌਰ ਨੇ ਦੱਸਿਆ ਕਿ ਸਰਵੋਤਮ ਸਾਹਿਤਕ ਪੁਰਸਕਾਰ ਮੁਕਾਬਲੇ ਲਈ ਪੰਜਾਬੀ ਵਿੱਚ ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਟੀਕਾਕਾਰੀ/ਕੋਸ਼ਕਾਰੀ), ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ), ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ), ਈਸ਼ਵਰ ਚੰਦਰ ਨੰਦਾ ਪੁਰਸਕਾਰ (ਨਾਟਕ/ਇਕਾਂਗੀ), ਤੇਜਾ ਸਿੰਘ ਪੁਰਸਕਾਰ (ਸੰਪਾਦਨ), ਐੱਮਐੱਸ ਰੰਧਾਵਾ ਪੁਰਸਕਾਰ (ਗਿਆਨ ਸਾਹਿਤ), ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਵਿਆਕਰਣ/ਭਾਸ਼ਾ ਵਿਗਿਆਨ/ਹਵਾਲਾ ਗ੍ਰੰਥ), ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ), ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਅਤੇ ਨਾਨਕ ਸਿੰਘ ਪੁਰਸਕਾਰ (ਨਾਵਲ) ਲਈ ਪੁਸਤਕਾਂ ਭੇਜਣ ਲਈ ਚਾਰ ਚਾਰ ਪੁਸਤਕਾਂ ਦੀ ਮੰਗ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹਿੰਦੀ ਦੇ ਗਿਆਨੀ ਸੰਤ ਸਿੰਘ ਪੁਰਸਕਾਰ (ਕਵਿਤਾ), ਸੁਦਰਸ਼ਨ ਪੁਰਸਕਾਰ (ਨਾਵਲ/ਕਹਾਣੀ), ਮੋਹਨ ਰਾਕੇਸ਼ ਪੁਰਸਕਾਰ (ਨਾਟਕ/ਇਕਾਂਗੀ), ਇੰਦਰ ਨਾਥ ਮਦਾਨ ਪੁਰਸਕਾਰ (ਆਲੋਚਨਾ/ਸੰਪਾਦਨ),

ਬਾਕੀ ਸਫ਼ਾ 36 'ਤੇ

# ਸ਼ਹੀਦੀ ਸਭਾ ਮੌਕੇ ਸਿਆਸੀ ਕਾਨਫ਼ਰੰਸਾਂ ਰੱਦ ਕਰਨ ਦੀ ਮੁਤਵਾਜ਼ੀ ਜਥੇਦਾਰਾਂ ਵਲੋਂ ਨਿਖੇਧੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼:**
ਸਰਬੱਤ ਖ਼ਾਲਸਾ ਵੱਲੋਂ ਥਾਪੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਇੱਥੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਸਰਹਿੰਦ ਦੇ ਸ਼ਹੀਦਾਂ ਨੂੰ ਨਮਨ ਕਰਨ ਤੋਂ ਬਾਅਦ ਕੀਤੀ ਪ੍ਰੈੱਸ ਕਾਨਫ਼ਰੰਸ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼ਹੀਦੀ ਸਭਾ ਦੌਰਾਨ ਸਿਆਸੀ ਕਾਨਫ਼ਰੰਸਾਂ ਰੱਦ ਕਰਨ ਦੀ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਹ ਕਾਨਫ਼ਰੰਸਾਂ ਮੁੱਢ ਤੋਂ ਹੀ ਹੁੰਦੀਆਂ ਆ ਰਹੀਆਂ ਹਨ ਅਤੇ ਕਾਨਫ਼ਰੰਸਾਂ ਨੂੰ ਰੱਦ ਕੀਤੇ ਜਾਣਾ ਕੌਮ ਲਈ ਗ਼ਲਤ ਸੰਦੇਸ਼ ਹੈ, ਕਿਉਂਕਿ ਸਿੱਖ ਧਰਮ ਦੀ ਹੋਂਦ ਮੀਰੀ ਪੀਰੀ ਦੇ ਸਿਧਾਂਤ 'ਤੇ ਹੋਈ ਹੈ। ਇਸ ਲਈ ਧਰਮ ਤੇ ਸਿਆਸਤ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਤੇ ਸ਼ਹੀਦੀ ਸਮਾਗਮ ਵਿੱਚ ਅਕਾਲੀ ਦਲ ਨੂੰ ਕਾਨਫ਼ਰੰਸ ਕਰਕੇ ਕੌਮ ਦੇ ਨਾਮ ਧਾਰਮਿਕ ਸੰਦੇਸ਼ ਦੇਣਾ ਚਾਹੀਦਾ ਸੀ ਤਾਂ ਜੋ ਨੌਜਵਾਨਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਾਨਫ਼ਰੰਸਾਂ ਵਿੱਚ ਇਕੱਠ ਦੌਰਾਨ ਸਿੱਖ ਕੌਮ ਨੂੰ ਗੁਰਬਾਣੀ ਇਤਿਹਾਸ ਨਾਲ ਜੋੜਨ ਦੇ ਨਾਲ-ਨਾਲ ਸਿੱਖਾਂ ਨਾਲ ਹੋਏ ਧੱਕੇ ਅਤੇ ਬੇਇਨਸਾਫ਼ੀਆਂ ਬਾਰੇ ਜਾਣੂ ਕਰਵਾਇਆ ਜਾਂਦਾ ਸੀ।


ਮੀਡੀਆ ਨਾਲ ਗੱਲਬਾਤ ਕਰਦੇ ਹੋਏ ਭਾਈ ਧਿਆਨ ਸਿੰਘ ਮੰਡ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ।

ਮੁਤਵਾਜ਼ੀ ਜਥੇਦਾਰਾਂ ਨੇ ਕਿਹਾ ਕਿ ਸਰਬੱਤ ਖ਼ਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਚੋਣ ਲੜੀ ਜਾਵੇਗੀ ਅਤੇ ਜਿੱਤ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਦੀ 'ਗ੍ਰਿਫ਼ਤ' ਵਿੱਚੋਂ ਬਾਹਰ ਕੱਢਿਆ ਜਾਵੇਗਾ ਤੇ ਸਿੱਖ ਕੌਮ ਨੂੰ ਸਾਫ਼ ਸੁਥਰੀ ਧਾਰਮਿਕ ਕਮੇਟੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਬੱਤ ਖ਼ਾਲਸਾ ਸਮੁੱਚੇ ਪੰਥ ਦੀ ਏਕਤਾ ਲਈ ਯਤਨਸ਼ੀਲ ਹੈ। ਉਨ੍ਹਾਂ ਬਾਦਲ ਵਿਰੋਧੀ ਸਾਰੀਆਂ ਧਿਰਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ।

## ਸ਼ਹੀਦੀ ਕਾਨਫ਼ਰੰਸਾਂ ਕਰਨ ਉੱਤੇ ਪਾਬੰਦੀ ਸਬੰਧੀ ਅਕਾਲ ਤਖ਼ਤ ਦਾ ਫੈਸਲਾ ਗਲਤ: ਚੰਦੂਮਾਜਰਾ

**ਫ਼ਤਹਿਗੜ੍ਹ ਸਾਹਿਬ/ ਬਿਊਰੋ ਨਿਊਜ਼** , ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੇ 69ਵੇਂ ਜਨਮ ਦਿਨ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਇਕਾਈ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਬਲਜੀਤ ਸਿੰਘ ਭੁੱਟਾ ਦੀ ਅਗਵਾਈ ਹੇਠ ਇਤਿਹਾਸਕ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਇੱਕ ਸਨਮਾਨ ਸਮਾਗਮ ਕੀਤਾ ਗਿਆ। ਇਸ ਵਿੱਚ ਐਸਜੀਪੀਸੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਅਵਤਾਰ ਸਿੰਘ ਰਿਆ ਤੇ ਨਗਰ ਕੌਂਸਲ ਪ੍ਰਧਾਨ ਸ਼ੇਰ ਸਿੰਘ ਹਾਜ਼ਰ ਸਨ। ਇਸ ਮੌਕੇ ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਸ਼ਹੀਦੀ ਕਾਨਫਰੰਸਾਂ ਰੱਦ ਕਰਨ ਸਬੰਧੀ ਅਕਾਲ ਤਖ਼ਤ ਵੱਲੋਂ ਜਾਰੀ ਹੁਕਮਨਾਮਾ ਗਲਤ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੇ ਖਿੜੇ ਮੱਥੇ ਪ੍ਰਵਾਨ ਕੀਤਾ ਹੈ ਕਿਉਂਕਿ ਅਕਾਲ ਤਖ਼ਤ ਸਿੱਖਾਂ ਦੀ ਸਰਵਉੱਚ ਸੰਸਥਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਪੰਜੋਲੀ ਅਤੇ ਹੋਰ ਸਿੱਖ ਆਗੂਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੰਗ ਪੱਤਰ ਦੇ ਕੇ ਬਸੀ ਪਠਾਣਾਂ ਦੀ ਇਤਿਹਾਸਕ ਸਬ ਜੇਲ੍ਹ (ਜੋ ਹੁਣ ਬੰਦ ਪਈ ਹੈ), ਨੂੰ ਇਤਿਹਾਸਕ ਸਥਾਨ ਬਣਾਉਣ, ਸਫ਼ਰ ਏ ਸ਼ਹਾਦਤ ਮਾਰਗ ਨੂੰ ਮੁਕੰਮਲ ਕਰਨ ਅਤੇ ਹੋਰ ਗੁਰਦੁਆਰਿਆਂ ਦੇ ਆਸ ਪਾਸ ਸੁੰਦਰੀਕਰਨ ਕਰਵਾਉਣ ਸਬੰਧੀ ਸ਼ਹੀਦੀ ਸਭਾ ਦੌਰਾਨ ਮੰਗ ਪੱਤਰ ਦਿੱਤਾ ਗਿਆ ਸੀ ਪਰ ਕੁਝ ਅਖੌਤੀ ਸਿੱਖ ਬੁੱਧੀਜੀਵੀਆਂ ਵੱਲੋਂ ਇਸ ਉੱਪਰ ਕਿੰਤੂ ਪ੍ਰੰਤੂ ਕਰਨਾ ਮੰਦਭਾਗਾ ਹੈ। ਜਥੇਦਾਰ ਪੰਜੋਲੀ ਨੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦਾ ਨਾਮ ਲਏ ਬਗੈਰ ਉਨ੍ਹਾਂ ਉੱਪਰ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਕਾਨਫ਼ਰੰਸਾਂ ਬੰਦ ਕਰਵਾਉਣ ਲਈ ਸਭ ਤੋਂ ਅੱਗੇ ਸਨ, ਪਰ ਉਹ ਖੁਦ ਕਿਸੇ ਵੀ ਪਾਰਟੀ ਵਿੱਚ ਨਹੀਂ ਟਿਕ ਸਕੇ।

# ਕਾਂਗਰਸ ਮਾਘੀ ਮੇਲੇ ਮੌਕੇ ਨਹੀਂ ਕਰੇਗੀ ਸਿਆਸੀ ਕਾਨਫ਼ਰੰਸ : ਜਾਖੜ

**ਗੁਰਦਾਸਪੁਰ/ਬਿਊਰੋ ਨਿਊਜ਼:**
ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਕਿਹਾ ਹੈ ਕਿ ਅਕਾਲ ਤਖ਼ਤ ਵੱਲੋਂ ਧਾਰਮਿਕ ਸਥਾਨਾਂ 'ਤੇ ਸਿਆਸੀ ਕਾਨਫ਼ਰੰਸਾਂ ਨਾ ਕਰਨ ਦੇ ਸੱਦੇ ਦਾ ਸਤਿਕਾਰ ਕਰਦਿਆਂ ਕਾਂਗਰਸ ਨੇ ਇਸ ਵਾਰ ਮਾਘੀ ਮੇਲੇ 'ਤੇ ਸਿਆਸੀ ਕਾਨਫ਼ਰੰਸ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਨੂੰ ਸਿਆਸੀ ਲਾਭ ਲਈ ਵਰਤਣਾ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਰਿਹਾ ਹੈ।

ਇੱਥੇ ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਘਰ ਪ੍ਰੈੱਸ ਕਾਨਫ਼ਰੰਸ ਦੌਰਾਨ ਸ੍ਰੀ ਜਾਖੜ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੋਕਾਂ ਨੂੰ ਗੁੰਮਰਾਹ ਕਰਨ ਲਈ ਧਰਮ ਦੇ ਨਾਂ 'ਤੇ ਬਿਆਨਬਾਜ਼ੀ ਕਰ ਰਹੇ ਹਨ ਤੇ ਪੁਲੀਸ ਨੂੰ ਧਮਕੀਆਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਵਿੱਚ ਅਜੇ ਵੀ ਹੰਕਾਰ ਬੋਲ ਰਿਹਾ ਹੈ। ਸ੍ਰੀ ਜਾਖੜ ਨੇ ਕਿਹਾ ਕਿ ਉਹ ਸੰਸਦੀ ਹਲਕੇ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਦੀ ਹੈਂਕੜਬਾਜ਼ੀ ਕਾਰਨ ਸਦਨ ਦਾ ਇੱਕ ਹਫ਼ਤੇ ਦਾ ਸਮਾਂ ਖ਼ਰਾਬ ਹੋਣ ਕਰਕੇ ਬਹੁਤ ਸਾਰੇ ਮੁੱਦੇ ਬਹਿਸ ਤੋਂ ਵਾਂਝੇ ਰਹਿ ਗਏ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਭਲੇ ਇਨਸਾਨ ਹਨ ਤੇ ਉਨ੍ਹਾਂ ਦਾ ਨਾਂ ਪਾਕਿਸਤਾਨ ਨਾਲ ਜੋੜਨਾ ਨਿੰਦਣਯੋਗ ਹੈ। ਇਸ ਮੌਕੇ ਚੇਅਰਮੈਨ ਗੁਰਮੀਤ ਸਿੰਘ ਪਾਹੜਾ ਤੇ ਯੂਥ ਵਿੰਗ ਦੇ ਹਲਕਾ ਪ੍ਰਧਾਨ ਬਲਜੀਤ ਸਿੰਘ ਪਾਹੜਾ ਵੀ ਹਾਜ਼ਰ ਸਨ।


ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੁਨੀਲ ਜਾਖੜ।

ਬਟਾਲਾ (ਨਿੱਜੀ ਪੱਤਰ ਪ੍ਰੇਰਕ): ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੱਤੀ ਕਿ ਧਰਮ ਪ੍ਰਚਾਰ ਦਾ ਕੰਮ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਕਰਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਵਿੱਚ ਸੁੱਚਾ ਸਿੰਘ ਲੰਗਾਹ ਅਤੇ ਅੰਮ੍ਰਿਤਸਰ ਵਿੱਚ ਚਰਨਜੀਤ ਸਿੰਘ ਚੱਢਾ ਮਾਮਲੇ ਨਾਲ ਇਸ ਪਾਰਟੀ ਨਾਲ ਜੁੜੇ ਵਿਅਕਤੀਆਂ ਦਾ ਅਸਲ ਕਿਰਦਾਰ ਸਾਹਮਣੇ ਆਇਆ ਹੈ। ਸ੍ਰੀ ਜਾਖੜ ਅੱਜ ਅਹਿਮਦੀਆ ਜਮਾਤ ਵੱਲੋਂ ਕਾਦੀਆਂ ਵਿੱਚ ਕਰਵਾਏ ਕੌਮਾਂਤਰੀ ਅਹਿਮਦੀਆ ਸੰਮੇਲਨ ਵਿੱਚ ਪੁੱਜੇ। ਮੀਡੀਆ ਨਾਲ ਗੱਲਬਾਤ ਦੌਰਾਨ ਕਾਦੀਆਂ ਤੋਂ ਬਿਆਸ ਤੱਕ ਰੇਲ ਲਾਈਨ ਵਿਛਾਉਣ ਲਈ ਵਿਭਾਗ ਵੱਲੋਂ ਭੇਜੇ 350 ਕਰੋੜ ਰੁਪਏ ਦੇ ਮਾਮਲੇ 'ਤੇ ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੇ ਰਾਜ ਮੰਤਰੀ ਅਤੇ ਪੰਜਾਬ ਭਾਜਪਾ ਪ੍ਰਧਾਨ ਵਿਜੈ ਸਾਂਪਲਾ ਵੱਲੋਂ ਪ੍ਰੋਜੈਕਟ ਵਿੱਚ ਅੜਿੱਕੇ ਲਾਏ ਜਾ ਰਹੇ ਹਨ। ਇਸ ਮੌਕੇ ਕਾਦੀਆਂ ਤੋਂ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਤੇ ਹਰਗੋਬਿੰਦਪੁਰ ਤੋਂ ਵਿਧਾਇਕ ਬਲਵਿੰਦਰ ਸਿੰਘ ਲਾਡੀ ਵੀ ਹਾਜ਼ਰ ਸਨ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

## ਰਾਜਸਥਾਨ ਵਿਚਲੇ ਪੰਜਾਬੀ ਢਾਬਿਆਂ ਉੱਤੇ ਭੁੱਕੀ ਵਾਲਿਆਂ ਲਈ ਮੌਜਾਂ

**ਬੀਕਾਨੇਰ (ਰਾਜਸਥਾਨ)/ਬਿਊਰੋ ਨਿਊਜ਼:** ਇਥੋਂ ਦੀਆਂ ਜਰਨੈਲੀ ਸੜਕਾਂ 'ਤੇ ਦਰਜਨਾਂ ਪੰਜਾਬੀ ਢਾਬੇ' ਹਨ, ਜਿਨ੍ਹਾਂ 'ਤੇ ਰੋਟੀ ਨਹੀਂ ਪਰ ਭੁੱਕੀ 24 ਘੰਟੇ ਮਿਲਦੀ ਹੈ। ਰਾਜਸਥਾਨ 'ਚ ਜਦੋਂ ਦੇ ਭੁੱਕੀ ਦੇ ਠੇਕੇ ਬੰਦ ਹੋਏ ਹਨ, ਉਦੋਂ ਤੋਂ ਇਨ੍ਹਾਂ ਢਾਬਿਆਂ ਦੀ ਪੋਸਤ ਨੇ ਚਾਂਦੀ ਕਰ ਦਿੱਤੀ ਹੈ। ਬਹੁਤੇ ਢਾਬੇ ਮਝੈਲਾਂ ਦੇ ਹਨ ਤੇ ਇੱਕਾ ਦੁੱਕਾ ਢਾਬਾ ਮਾਲਕਾਂ ਦਾ ਪਿਛੋਕੜ ਮਾਲਵੇ ਦਾ ਹੈ। ਜਦੋਂ ਇਨ੍ਹਾਂ ਢਾਬਿਆਂ 'ਤੇ ਪੋਸਤ ਦੀ ਗੱਲ ਛੇੜੀ ਤਾਂ ਕਿਸੇ ਨੇ ਨਾਂਹ ਨਹੀਂ ਕੀਤੀ। ਬੱਸ ਥੋੜ੍ਹਾ ਭਰੋਸਾ ਦੇਣਾ ਪੈਂਦਾ ਹੈ। ਟਰੱਕਾਂ ਦੀ ਭੀੜ ਤੋਂ ਦੂਰੋਂ ਪਤਾ ਲੱਗ ਜਾਂਦਾ ਹੈ ਕਿ ਢਾਬੇ ਉਤੇ ਮਾਲ' ਵੀ ਮਿਲਦਾ ਹੈ।

ਹਨੂੰਮਾਨਗੜ੍ਹ-ਬੀਕਾਨੇਰ-ਫਲੌਦੀ ਜਰਨੈਲੀ ਸੜਕ 'ਤੇ ਤਕਰੀਬਨ 23 ਪੰਜਾਬੀ ਢਾਬੇ' ਹਨ, ਜਿਨ੍ਹਾਂ 'ਚੋਂ ਵਿਰਲੇ ਟਾਵੇਂ ਢਾਬੇ 'ਤੇ ਰੋਟੀ ਪਾਣੀ ਦਾ ਪ੍ਰਬੰਧ ਹੈ, ਬਾਕੀ ਤਾਂ 'ਭੁੱਕੀ ਵਾਲੀ ਚਾਹ' ਹੀ ਛਕਾਉਂਦੇ ਹਨ। ਇਨ੍ਹਾਂ 'ਚੋਂ ਕਈ ਢਾਬੇ ਨਾਂ ਦੇ ਹੀ ਪੰਜਾਬੀ ਹਨ ਪਰ ਇਨ੍ਹਾਂ ਨੂੰ ਰਾਜਸਥਾਨੀ ਹੀ ਚਲਾਉਂਦੇ ਹਨ। ਜਦੋਂ ਫਲੌਦੀ ਕੋਲ ਭੁੱਕੀ ਬਾਰੇ ਪੁੱਛਿਆ ਤਾਂ ਸਾਰਿਆਂ ਨੇ 'ਗੋਪੀ ਦੇ ਢਾਬੇ' ਦੀ ਦੱਸ ਪਾਈ। ਇੱਕ ਢਾਬੇ ਵਾਲੇ ਕੋਲ ਰੋਟੀ ਦਾ ਕੋਈ ਪ੍ਰਬੰਧ ਨਹੀਂ ਸੀ ਪਰ ਉਹ ਭੁੱਕੀ ਦੇਣ ਨੂੰ ਤਿਆਰ ਹੋ ਗਿਆ। ਕੀਮਤ 2700 ਰੁਪਏ ਕਿਲੋ। ਢਾਬੇ 'ਤੇ ਖੜ੍ਹੇ ਰਾਜਸਥਾਨੀ ਏਜੰਟ ਨੇ ਸਕੀਮ' ਦੀ ਪੇਸ਼ਕਸ਼ ਕੀਤੀ, ਪੰਜ ਕਿਲੋ ਲੈਣੀ ਹੈ ਤਾਂ 2500 ਰੁਪਏ ਕਿਲੋ ਮਿਲੇਗੀ ਪਰ ਅੱਧਾ ਕਿਲੋ ਦਾ 1500 ਰੁਪਏ ਲੱਗੇਗਾ।' ਬੀਕਾਨੇਰ ਲਾਗੇ ਇੱਕ ਢਾਬੇ ਵਾਲੇ ਰੇਸ਼ਮ ਸਿੰਘ ਨੇ ਦੱਸਿਆ ਕਿ ਉਹ ਕਾਰਾਂ ਵਾਲਿਆਂ 'ਤੇ ਵਿਸ਼ਵਾਸ ਨਹੀਂ ਕਰਦੇ, ਟਰੱਕਾਂ ਵਾਲਿਆਂ ਨੂੰ ਮਾਲ ਦਿੰਦੇ ਹਨ। ਉਹ ਢਾਬੇ ਉਤੇ ਮਾਲ' ਨਹੀਂ ਰੱਖਦੇ ਬਲਕਿ ਗਾਹਕ ਦੇ ਆਉਣ 'ਤੇ ਹੀ ਗੁਪਤ ਸਟਾਕ 'ਚੋਂ ਲਿਆ ਕੇ ਦਿੰਦੇ ਹਨ। ਇੱਕ ਢਾਬੇ ਦੇ ਮਾਲਕ ਨੇ ਦੱਸਿਆ ਕਿ ਉਹ ਪੋਸਤ ਖਾਣ ਦਾ ਆਦੀ ਸੀ ਤੇ ਮਗਰੋਂ ਇੱਧਰ ਹੀ ਪੱਕਾ ਵਸ ਗਿਆ। ਇੱਕ ਦੋ ਢਾਬਿਆਂ 'ਤੇ ਕੰਮ ਕਰਦੇ ਨੌਕਰ ਵੀ ਪੋਸਤ ਖਾਣ ਦੇ ਆਦੀ ਸਨ। ਦੱਸਦੇ ਹਨ ਕਿ ਹਨੂੰਮਾਨਗੜ੍ਹ ਤੋਂ ਜੈਪੁਰ ਅਤੇ ਨਾਗੌਰ ਦੇ ਖੇਤਰ ਹੁਣ ਵੀ ਭੁੱਕੀ ਆਮ ਵਿਕਦੀ ਹੈ।

ਜਰਨੈਲੀ ਸੜਕਾਂ 'ਤੇ ਤਾਂ ਕਈ ਆਜੜੀ ਵੀ ਭੁੱਕੀ ਵਾਲੇ ਪੈਕੇਟ ਵੇਚਣ ਲਈ ਵਾਹਨ ਚਾਲਕਾਂ ਨੂੰ ਇਸ਼ਾਰੇ ਕਰਦੇ ਹਨ। ਢਾਬਿਆਂ 'ਤੇ ਬੈਠੇ ਟਰੱਕਾਂ ਵਾਲਿਆਂ ਨੇ ਖੁਲਾਸਾ ਕੀਤਾ ਕਿ ਭੁੱਕੀ ਵੇਚਣ ਵਾਲੇ ਢਾਬਾ ਮਾਲਕਾਂ ਨੂੰ ਸਥਾਨਕ ਪੁਲੀਸ ਨੂੰ 10 ਤੋਂ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਪੈਂਦੇ ਹਨ। ਰਾਜਸਥਾਨ ਸਰਕਾਰ ਨੇ 1 ਅਪਰੈਲ, 2015 ਤੋਂ ਭੁੱਕੀ ਦੇ ਠੇਕੇ ਬੰਦ ਕੀਤੇ ਸਨ ਪਰ ਉਸ ਮਗਰੋਂ ਇੱਕ ਵਰ੍ਹੇ ਲਈ ਹੋਰ ਮੋਹਲਤ ਦੇ ਦਿੱਤੀ ਗਈ ਸੀ। 1 ਅਪਰੈਲ, 2016 ਤੋਂ ਰਾਜਸਥਾਨ ਵਿਚਲੇ 125 ਭੁੱਕੀ ਦੇ ਠੇਕੇ ਪੂਰੀ ਤਰ੍ਹਾਂ ਬੰਦ ਹੋ ਗਏ ਹਨ। ਰਾਜਸਥਾਨ ਵਿੱਚ ਤਕਰੀਬਨ 22 ਹਜ਼ਾਰ ਪੋਸਤ ਖਾਣ ਵਾਲੇ ਪਰਮਿਟ ਹੋਲਡਰ ਸਨ। ਭੁੱਕੀ ਦੇ ਠੇਕਿਆਂ ਤੋਂ ਪਰਮਿਟ ਹੋਲਡਰਾਂ ਨੂੰ 500 ਰੁਪਏ ਕਿਲੋ ਪੋਸਤ ਮਿਲਦਾ ਸੀ।

ਬਾਕੀ ਸਫ਼ਾ 36 'ਤੇ

*ਇਤਰਾਜ਼ਯੋਗ ਵੀਡੀਓ ਮਾਮਲਾ*

# ਚੀਫ਼ ਖਾਲਸਾ ਦੀਵਾਨ ਦੇ ਅਹੁਦਿਓਂ ਲਾਹੇ ਪ੍ਰਧਾਨ ਚੱਢਾ ਦੀ ਗ੍ਰਿਫ਼ਤਾਰੀ ਲਈ ਲੁੱਕਆਊਟ ਸਰਕੂਲਰ ਜਾਰੀ

**ਅੰਮ੍ਰਿਤਸਰ/ਬਿਊਰੋ ਨਿਊਜ਼:** ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਤੋਂ ਬਾਅਦ ਰੂਪੋਸ਼ ਹੋਏ ਚਰਨਜੀਤ ਸਿੰਘ ਚੱਢਾ ਦੀ ਇੱਕ ਹੋਰ ਵੀਡੀਓ ਸੋਸ਼ਲ ਮੀਡੀਆ 'ਤੇ ਚੱਲ ਰਹੀ ਹੈ, ਜਿਸ ਵਿੱਚ ਉਹ ਇੱਕ ਗੁਰਦੁਆਰੇ ਦੇ ਕੈਂਪਸ ਵਿੱਚ ਵਿਖਾਈ ਦੇ ਰਿਹਾ ਹੈ। ਇਸ ਦੌਰਾਨ ਪੁਲੀਸ ਨੇ ਚੱਢਾ ਦੀ ਗ੍ਰਿਫ਼ਤਾਰੀ ਲਈ ਲੁਕ ਆਊਟ ਸਰਕੂਲਰ' (ਐਲਓਸੀ) ਜਾਰੀ ਕਰ ਦਿੱਤਾ ਹੈ। ਇੱਥੇ ਦੱਸਣਯੋਗ ਹੈ ਕਿ ਇਸ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿੱਚ ਇੱਕ ਔਰਤ ਵੱਲੋਂ ਚੱਢਾ ਅਤੇ ਉਸ ਦੇ ਪੁੱਤਰ ਖਿਲਾਫ਼ ਪੁਲੀਸ ਕੇਸ ਦਰਜ ਕਰਾਇਆ ਗਿਆ ਹੈ। ਇਸ ਮਾਮਲੇ ਵਿੱਚ ਉਸ ਦੇ ਪੁੱਤਰ ਨੂੰ ਹੇਠਲੀ ਅਦਾਲਤ ਤੋਂ ਅੰਤ੍ਰਿਮ ਜ਼ਮਾਨਤ ਮਿਲ ਚੁੱਕੀ ਹੈ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ, ਪਰ ਹੁਣ ਤਕ ਪੁਲੀਸ ਉਸ ਦਾ ਪਤਾ ਲਾਉਣ ਵਿੱਚ ਫਿਲਹਾਲ ਅਸਫ਼ਲ ਰਹੀ ਹੈ। ਪੁਲੀਸ ਦੇ ਡਿਪਟੀ ਕਮਿਸ਼ਨਰ ਲਖਬੀਰ ਸਿੰਘ ਨੇ ਦੱਸਿਆ ਕਿ ਫਿਲਹਾਲ ਉਸ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ ਤੇ ਪੁਲੀਸ ਨੇ ਉਸ ਦੀ ਗ੍ਰਿਫ਼ਤਾਰੀ ਲਈ ਐਲਓਸੀ ਜਾਰੀ ਕਰ



ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦੇਸ਼ ਦੇ ਪੁਲੀਸ ਥਾਣਿਆਂ ਨੂੰ ਭੇਜੀ ਜਾ ਰਹੀ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿੱਚ ਚੱਢਾ ਕੋਟ ਪੈਂਟ ਵਿੱਚ ਦਿਖਾਈ ਦੇ ਰਿਹਾ ਹੈ ਅਤੇ ਉਸ ਨੇ ਨਾਭੀ ਰੰਗ ਦੀ ਪੱਗ ਬੰਨ੍ਹੀ ਹੈ। ਉਸ ਦੇ ਨੇੜੇ ਹੀ ਇੱਕ ਕਾਰ ਸੇਵਾ ਵਾਲੀ ਬੱਸ ਦਿਖਾਈ ਦੇ ਰਹੀ ਹੈ। ਉਸ ਕੋਲੋਂ ਲੰਘਦੇ ਲੋਕ ਵੀ ਉਸ ਨੂੰ ਉਤਸੁਕਤਾ ਨਾਲ ਦੇਖਦੇ ਹਨ ਪਰ ਉਹ ਇਸ ਤੋਂ ਬੇਖ਼ਬਰ ਦਿਖਾਈ ਦਿੰਦੇ ਹਨ। ਇਹ ਤਸਵੀਰ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਦੱਸੀ ਜਾ ਰਹੀ ਹੈ।

### ਚੱਢਾ ਤੇ ਪੁੱਤ ਖ਼ਿਲਾਫ਼ ਕੇਸ

ਅਸ਼ਲੀਲ ਵੀਡੀਓ ਮਾਮਲੇ ਵਿੱਚ ਮਹਿਲਾ ਦੀ ਸ਼ਿਕਾਇਤ ਤੋਂ ਬਾਅਦ ਪੁਲੀਸ ਨੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਖ਼ਿਲਾਫ਼ ਸਰੀਰਕ ਸ਼ੋਸ਼ਣ ਦਾ ਕੇਸ ਦਰਜ ਕੀਤਾ ਗਿਆ ਸੀ ਜਦਕਿ ਚੱਢਾ ਦੇ ਬੇਟੇ ਖ਼ਿਲਾਫ਼ ਡਰਾਉਣ ਧਮਕਾਉਣ ਦਾ ਕੇਸ ਦਰਜ ਕੀਤਾ ਗਿਆ। ਪੁਲੀਸ ਵੱਲੋਂ ਥਾਣਾ ਇਸਲਾਮਾਬਾਦ 'ਚ ਚਰਨਜੀਤ ਸਿੰਘ ਚੱਢਾ ਅਤੇ ਉਸ ਦੇ ਬੇਟੇ ਇੰਦਰਬੀਰ ਸਿੰਘ ਚੱਢਾ ਖ਼ਿਲਾਫ਼ ਕੇਸ ਦਰਜ ਕੀਤਾ । ਇਹ ਕੇਸ ਇਤਰਾਜ਼ਯੋਗ ਵੀਡੀਓ ਵਿੱਚ ਦਿਖਾਈ ਦਿੰਦੀ ਮਹਿਲਾ ਵੱਲੋਂ ਦਰਜ ਕਰਾਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ । ਆਪਣੀ ਸ਼ਿਕਾਇਤ ਵਿੱਚ ਮਹਿਲਾ ਨੇ ਆਖਿਆ ਕਿ ਉਹ ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਚਲਦੇ ਸਕੂਲ ਵਿੱਚ ਪਿਛਲੇ 22 ਸਾਲਾਂ ਤੋਂ ਨੌਕਰੀ ਕਰ ਰਹੀ ਹੈ। ਉਸ ਨੇ ਦੋਸ਼ ਲਾਇਆ ਕਿ ਚਰਨਜੀਤ ਸਿੰਘ ਚੱਢਾ ਨੇ ਉਸ ਨੂੰ ਕਥਿਤ ਤੌਰ 'ਤੇ ਜਬਰੀ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕੀਤਾ। ਉਸ ਨੇ ਅਜਿਹਾ ਕਰਨ ਤੋਂ ਰੋਕਿਆ ਤਾਂ ਉਸ ਨੂੰ ਡਰਾਇਆ-ਧਮਕਾਇਆ ਗਿਆ। ਔਰਤ ਨੇ ਚੱਢਾ ਦੇ ਬੇਟੇ ਖ਼ਿਲਾਫ਼ ਦੋਸ਼ ਲਾਇਆ ਕਿ ਉਸ ਨੇ ਫੋਨ ਕਰਕੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ । ਪੁਲੀਸ ਨੇ ਜ਼ਿਲ੍ਹਾ ਅਟਾਰਨੀ ਲੀਗਲ ਦੀ ਰਾਏ ਲੈਣ ਮਗਰੋਂ ਕੇਸ ਦਰਜ ਕੀਤਾ ਹੈ। ਮਾਮਲੇ ਦੀ ਜਾਂਚ ਲਈ ਏਡੀਸੀਪੀ ਕਰਾਇਮ ਦੀ ਅਗਵਾਈ ਹੇਠ ਜਾਂਚ ਟੀਮ ਦਾ ਗਠਨ ਕੀਤਾ ਗਿਆ।

## ਚੱਢਾ ਤੇ ਪੁੱਤਰ ਚੀਫ਼ ਖਾਲਸਾ ਦੀਵਾਨ ਦੇ ਅਹੁਦਿਆਂ ਤੇ ਮੈਂਬਰੀ ਤੋਂ ਫਾਰਗ

**ਅੰਮ੍ਰਿਤਸਰ/ਬਿਊਰੋ ਨਿਊਜ਼**

ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਰੋਕ ਤੋਂ ਬਾਅਦ ਚੀਫ਼ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਹੋਈ ਮੀਟਿੰਗ ਵਿੱਚ ਚਰਨਜੀਤ ਸਿੰਘ ਚੱਢਾ ਅਤੇ ਉਸ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਨੂੰ ਸੰਸਥਾ ਨਾਲ ਸਬੰਧਤ ਸਾਰੇ ਅਹੁਦਿਆਂ ਅਤੇ ਚੀਫ਼ ਖਾਲਸਾ ਦੀਵਾਨ ਦੀ ਮੁਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰਨ ਦਾ ਫ਼ੈਸਲਾ ਲਿਆ ਗਿਆ। ਇਤਰਾਜ਼ਯੋਗ ਵੀਡਿਓ ਵਾਇਰਲ ਹੋਣ ਬਾਅਦ ਬੀਤੇ ਕੱਲ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸਤਿਆਜੀਤ ਸਿੰਘ ਮਜੀਠੀਆ ਵੱਲੋਂ ਵੀ ਚਰਨਜੀਤ ਸਿੰਘ ਚੱਢਾ ਨੂੰ ਕੌਂਸਲ ਦੇ ਮੀਤ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਚੱਢਾ ਅਤੇ ਉਸ ਦੇ ਬੇਟੇ ਖਿਲਾਫ਼ ਪੁਲੀਸ ਵੱਲੋਂ ਕੇਸ ਵੀ ਦਰਜ ਕੀਤਾ ਜਾ ਚੁੱਕਾ ਹੈ। ਅੱਜ ਇਥੇ ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵਿੱਚ ਸਮੂਹ ਅਹੁਦੇਦਾਰਾਂ ਦੀ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਚਰਨਜੀਤ ਸਿੰਘ ਚੱਢਾ ਅਤੇ ਇੰਦਰਪ੍ਰੀਤ ਸਿੰਘ ਚੱਢਾ ਨੂੰ ਦੀਵਾਨ ਦੇ ਸਾਰੇ ਅਹੁਦਿਆਂ ਅਤੇ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰਨ ਦਾ ਫ਼ੈਸਲਾ ਲਿਆ ਗਿਆ। ਸੰਸਥਾ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਅਹੁਦੇਦਾਰਾਂ ਦੇ ਫ਼ੈਸਲੇ ਸਬੰਧੀ ਸਿਫ਼ਾਰਿਸ਼ ਕਾਰਜਸਾਧਕ ਕਮੇਟੀ ਕੋਲ ਜਾਵੇਗੀ। ਉਨ੍ਹਾਂ ਦੱਸਿਆ ਕਿ ਅਗਲੇ ਕੁਝ ਦਿਨਾਂ ਵਿੱਚ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦੀ ਗਈ ਹੈ, ਜਿਸ ਵਿੱਚ ਇਸ ਸਿਫਾਰਿਸ਼ ਦਾ ਤਿੰਨ ਚੌਥਾਈ ਮੈਂਬਰਾਂ ਦੇ ਸਮਰਥਨ ਨਾਲ ਇਹ ਫ਼ੈਸਲਾ ਜਨਰਲ ਹਾਊਸ ਕੋਲ ਭੇਜਿਆ ਜਾਵੇਗਾ ਅਤੇ ਜਨਰਲ ਹਾਊਸ ਦੀ ਪ੍ਰਵਾਨਗੀ ਨਾਲ ਦੋਵਾਂ ਨੂੰ ਸਮੂਹ ਅਹੁਦਿਆਂ ਤੇ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕੀਤਾ ਜਾਵੇਗਾ। ਦੀਵਾਨ ਦੀ ਕਾਰਜਸਾਧਕ ਕਮੇਟੀ ਵਿੱਚ ਲਗਭਗ 30 ਮੈਂਬਰ ਅਤੇ ਜਨਰਲ ਹਾਊਸ ਵਿੱਚ 500 ਤੋਂ ਵੱਧ ਮੈਂਬਰ ਹਨ। ਇਸ ਤੋਂ ਪਹਿਲਾਂ ਦੀਵਾਨ ਦੇ ਸੀਨੀਅਰ ਮੀਤ ਪ੍ਰਧਾਨ ਧਨਰਾਜ ਸਿੰਘ ਨੂੰ ਚੀਫ਼ ਖਾਲਸਾ ਦੀਵਾਨ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਜਾ ਚੁੱਕਾ ਹੈ। ਉਧਰ ਸਾਬਕਾ ਕਾਂਗਰਸ ਆਗੂ ਮਨਦੀਪ ਸਿੰਘ ਮੰਨਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਇਸ ਸਿੱਖ ਸੰਸਥਾ ਦਾ ਪ੍ਰਬੰਧ ਰਸੀਵਰ ਨੂੰ ਸੌਂਪ ਕੇ ਆਪਣੇ ਹੱਥਾਂ ਵਿੱਚ ਲਏ। ਉਨ੍ਹਾਂ ਕਿਹਾ ਕਿ ਸਿਰਫ਼ ਚੱਢਾ ਹੀ ਨਹੀਂ ਸਗੋਂ ਸਮੁੱਚੀ ਟੀਮ ਵੱਲੋਂ ਕੀਤੀਆਂ ਕਥਿਤ ਬੇਨਿਯਮੀਆਂ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਸੰਸਥਾ ਨੂੰ ਚਰਨਜੀਤ ਸਿੰਘ ਚੱਢਾ ਵੱਲੋਂ ਆਪਣੀ ਪਰਿਵਾਰਕ ਕੰਪਨੀ ਬਣਾ ਲਿਆ ਗਿਆ ਸੀ ਜਿਸ ਵਿੱਚ ਪਰਿਵਾਰ ਤੇ ਹੋਰ ਚਹੇਤਿਆਂ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਸੀ। ਨੌਜਵਾਨ ਆਗੂ ਨੇ ਧਨਰਾਜ ਸਿੰਘ ਨੂੰ ਕਾਰਜਕਾਰੀ ਪ੍ਰਧਾਨ ਬਣਾਉਣ 'ਤੇ ਵੀ ਇਤਰਾਜ਼ ਕੀਤਾ ਹੈ। ਉਨ੍ਹਾਂ ਅਪੀਲ ਕੀਤੀ ਕਿ ਚੱਢਾ ਦੇ ਕਾਰਜਕਾਲ ਦੌਰਾਨ ਖਰੀਦੀਆਂ ਜ਼ਮੀਨਾਂ ਤੇ ਹੋਰ ਸਾਰੇ ਕੰਮਾਂ ਦੀ ਜਾਂਚ ਹੋਣੀ ਚਾਹੀਦੀ ਹੈ।

### ਚੱਢਾ ਦੇ ਹੋਟਲ ਵਿਚਲੇ ਬਣੇ ਦਫ਼ਤਰ ਉੱਤੇ ਪੁਲੀਸ ਛਾਪਾ

ਇਸ ਦੌਰਾਨ ਪੁਲੀਸ ਵੱਲੋਂ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਇਤਰਾਜ਼ਯੋਗ ਵੀਡਿਓ ਵਿੱਚ ਦਿਖਾਈ ਥਾਂ ਦਾ ਦੌਰਾ ਕੀਤਾ। ਟੀਮ ਦੀ ਅਗਵਾਈ ਕਰ ਰਹੇ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਜਾਂਚ ਟੀਮ ਨੇ ਚੱਢਾ ਦੇ ਹੋਟਲ ਵਿਚਲੇ ਉਸ ਦਫ਼ਤਰ ਦਾ ਮੁਆਇਨਾ ਕੀਤਾ ਜਿਥੇ ਇਤਰਾਜ਼ਯੋਗ ਵੀਡਿਓ ਬਣਾਈ ਗਈ ਸੀ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਫਿਲਹਾਲ ਇਸ ਸਬੰਧੀ ਕੋਈ ਗ੍ਰਿਫ਼ਤਾਰੀ ਨਹੀਂ ਹੋਈ । ਜ਼ਿਕਰਯੋਗ ਹੈ ਕਿ ਵੀਡਿਓ ਨਾਲ ਸਬੰਧਤ ਔਰਤ ਵੱਲੋਂ ਪੁਲੀਸ ਕੋਲ ਸ਼ਿਕਾਇਤ ਕੀਤੀ ਗਈ ਸੀ ਕਿ ਉਸ ਨੂੰ ਇਸ ਕੰਮ ਲਈ ਡਰਾ-ਧਮਕਾ ਕੇ ਮਜਬੂਰ ਕੀਤਾ ਗਿਆ ਸੀ। ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਹਨ। ਉਸ ਨੇ ਪੁਲੀਸ ਕੋਲੋਂ ਨਿਆਂ ਦੀ ਮੰਗ ਕੀਤੀ ਸੀ।

# ਲੱਖਾਂ ਸ਼ਰਧਾਲੂਆਂ ਵਲੋਂ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ

**ਅੰਮ੍ਰਿਤਸਰ/ਬਿਊਰੋ ਨਿਊਜ਼:** ਨਵੇਂ ਵਰ੍ਹੇ ਨੂੰ ਜੀ ਆਇਆਂ ਆਖਣ ਲਈ ਇਕ ਪਾਸੇ ਲੋਕ ਹੋਟਲਾਂ, ਕਲੱਬਾਂ, ਰੈਸਟੋਰੈਂਟਾਂ, ਸੜਕਾਂ ਤੇ ਹੋਰਨਾਂ ਸਮਾਰੋਹਾਂ 'ਤੇ ਇਕੱਠੇ ਹੋ ਕੇ ਪਾਰਟੀਆਂ ਕਰ ਰਹੇ ਹਨ, ਦੂਜੇ ਪਾਸ ਲੱਖਾਂ ਸ਼ਰਧਾਲੂ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ ਹਰਿਮੰਦਰ ਸਾਹਿਬ ਪੁੱਜੇ ਹਨ।

ਐਤਵਾਰ ਸਵੇਰ ਤੋਂ ਹੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਦੀ ਭਾਰੀ ਆਮਦ ਰਹੀ, ਜੋ ਦੇਰ ਸ਼ਾਮ ਨੂੰ ਹੋਰ ਵਧ ਗਈ ਤੇ ਰਾਤ 12 ਵਜੇ ਪਰਿਕ੍ਰਮਾ ਵੀ ਪੂਰੀ ਤਰ੍ਹਾਂ ਭਰੀ ਗਈ। ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ 2 ਲੱਖ ਤੋਂ ਵਧੇਰੇ ਸ਼ਰਧਾਲੂ ਨਵੇਂ ਵਰ੍ਹੇ ਦੀ ਪੂਰਵ ਸੰਧਿਆ 'ਤੇ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਹਨ। ਸ਼ਰਧਾਲੂ ਰਾਤ ਨੂੰ ਪਰਿਕ੍ਰਮਾ 'ਚ ਠਹਿਰਣ ਨੂੰ ਤਰਜੀਹ ਦਿੰਦੇ ਹਨ। ਇਸ ਲਈ ਪ੍ਰਬੰਧਾਂ ਵਾਸਤੇ ਵਧੇਰੇ ਕਰਮਚਾਰੀ ਨਿਯੁਕਤ ਕੀਤੇ ਹਨ, ਸਿਰਫ ਪਰਿਕ੍ਰਮਾ ਵਿੱਚ ਹੀ ਪ੍ਰਬੰਧਾਂ ਲਈ 50 ਕਰਮਚਾਰੀ ਵਧਾਏ ਹਨ।ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਸਰਾਵਾਂ ਵੀ ਪੂਰੀ ਤਰ੍ਹਾਂ ਬੁੱਕ ਹਨ। ਉਨ੍ਹਾਂ ਦੱਸਿਆ ਕਿ ਸੰਗਤ ਦੀ ਭਾਰੀ



ਅੰਮ੍ਰਿਤਸਰ ਵਿੱਚ ਐਤਵਾਰ ਨੂੰ ਨਵੇਂ ਸਾਲ ਦੇ ਮੱਦੇਨਜ਼ਰ ਦਰਬਾਰ ਸਾਹਿਬ ਵਿਖੇ ਪਹੁੰਚੀ ਹੋਈ ਸੰਗਤ।

ਆਮਦ ਕਾਰਨ ਸੜਕਾਂ 'ਤੇ ਦੂਰ ਤੱਕ ਵਾਹਨਾਂ ਦੀ ਕਤਾਰ ਲੱਗੀ ਹੋਈ ਹੈ। ਸੰਗਤ ਰਾਤ 12 ਵਜੇ ਤੋਂ ਬਾਅਦ ਸਰੋਵਰ 'ਚ ਇਸ਼ਨਾਨ ਕਰਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ। ਇਸ ਤਹਿਤ ਸ੍ਰੀ ਗੁਰੂ ਰਾਮਦਾਸ ਲੰਗਰ ਘਰ 'ਚ ਵੀ ਵਧੇਰੇ ਸ਼ਰਧਾਲੂਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਅਤੇ ਲੰਗਰ ਸਾਰੀ ਰਾਤ ਜਾਰੀ ਰਿਹਾ। ਦਿੱਲੀ ਤੋਂ ਆਏ ਮਨੋਜ ਕੁਮਾਰ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਨਵਾਂ ਵਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਆਏ। ਉਨ੍ਹਾਂ ਕਿਹਾ ਕਿ ਇਥੋਂ ਦਾ ਰੂਹਾਨੀ ਤੇ ਸ਼ਾਂਤਮਈ ਵਾਤਾਵਰਣ ਉਨ੍ਹਾਂ ਨੂੰ ਹਮੇਸ਼ਾ ਯਾਦ ਰਹੇਗਾ। ਨਵੇਂ ਵਰ੍ਹੇ ਨੂੰ ਸ੍ਰੀ ਹਰਿਮੰਦਰ ਸਾਹਿਬ 'ਚ ਜੀ ਆਇਆਂ ਕਹਿਣਾ ਉਸ ਦੇ ਪਰਿਵਾਰ ਲਈ ਇਕ ਨਵਾਂ ਤਜਰਬਾ ਹੈ। ਉਨ੍ਹਾਂ ਨੇ ਪਰਿਵਾਰ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ।

### ਸਾਹਿਬਜ਼ਾਦਿਆਂ ਨੂੰ ਸੰਸਦ 'ਚ ਸ਼ਰਧਾਂਜਲੀ

**ਨਵੀਂ ਦਿੱਲੀ/ਬਿਊਰੋ ਨਿਊਜ਼:** ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ ਨੇ ਲੋਕ ਸਭਾ ਵਿੱਚ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮਤਾ ਪੇਸ਼ ਕੀਤਾ। ਵਿਰੋਧੀ ਧਿਰ ਸਮੇਤ ਸਮੁੱਚੀਆਂ ਪਾਰਟੀਆਂ ਨੇ ਸੰਸਦ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਇਹ ਪਹਿਲਾ ਮੌਕਾ ਸੀ ਜਦੋਂ ਸੰਸਦ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਨੂੰ ਸ਼ਰਧਾਂਜਲੀ ਦਿੱਤੀ ਗਈ। ਚੰਦੂਮਾਜਰਾ ਵੱਲੋਂ ਲਿਆਂਦੇ ਮਤੇ ਦੀ ਵਿਰੋਧੀ ਧਿਰ ਦੇ ਆਗੂਆਂ ਨੇ ਪ੍ਰੋੜਤਾ ਕੀਤੀ, ਜਿਸ ਤੋਂ ਬਾਅਦ ਸਮੁੱਚੀਆਂ ਪਾਰਟੀਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਲਾਸਾਨੀ ਹੈ। ਸਮੁੱਚੀ ਲੋਕਾਈ ਅੱਜ ਦੇ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀਆਂ ਭੇਟ ਕਰਦੀ ਹੈ ਅਤੇ ਉਨ੍ਹਾਂ ਦੀ ਕੁਰਬਾਨੀ ਅੱਗੇ ਨਤਮਸਤਕ ਹੁੰਦੀ ਹੈ। ਇਸ ਲਈ ਉਹ ਸੰਸਦ ਵਿੱਚ ਇਹ ਮਤਾ ਲਿਆਏ ਸੀ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਦੀ ਸਾਜਨਾ ਦੀ ਪਵਿੱਤਰ ਧਰਤੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਆਸ਼ੀਰਵਾਦ ਸਦਕਾ ਹੀ ਉਹ ਸੰਸਦ ਮੈਂਬਰ ਬਣੇ ਹਨ।

# ਹਿਊਸਟਨ ਤੇ ਲੌਂਗ ਬੀਚ 'ਚ ਗੋਲੀਬਾਰੀ ਦੀਆਂ ਦੋ ਵਾਰਦਾਤਾਂ ਦੌਰਾਨ 5 ਲੋਕ ਮਾਰੇ ਗਏ

**ਹਿਊਸਟਨ/ਬਿਊਰੋ ਨਿਊਜ਼:** ਅਮਰੀਕਾ ਵਿੱਚ ਦੋ ਥਾਈਂ ਹਿਊਸਟਨ ਅਤੇ ਲੌਂਗ ਬੀਚ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਪੰਜ ਵਿਅਕਤੀ ਮਾਰੇ ਗਏ ਹਨ। ਹਿਊਸਟਨ ਆਟੋ ਸ਼ਾਪ ਵਿੱਚ ਵੜੇ ਹਥਿਆਰਬੰਦ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ 'ਚ ਦੋ ਮੁਲਾਜ਼ਮ ਮਾਰੇ ਗਏ ਹਨ। ਇਸ ਵਾਰਦਾਤ ਬਾਅਦ ਹਮਲਾਵਰ ਨੇ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਆਟੋ ਸ਼ਾਪ ਉਤੇ ਹਮਲਾਵਰ ਕੰਮ ਕਰਦਾ ਰਿਹਾ ਸੀ। ਐਗਜ਼ੀਕਿਊਟਿਵ ਐਸਿਸਟੈਂਟ ਪੁਲੀਸ ਚੀਫ ਟਰੋਇ ਫਿੰਨਰ ਨੇ ਦੱਸਿਆ ਕਿ ਹਮਲਾਵਰ, ਜਿਸ ਦਾ ਨਾਂ ਜਾਰੀ ਨਹੀਂ ਕੀਤਾ ਗਿਆ, ਤਕਰੀਬਨ ਸ਼ਾਮ 4:00 ਵਜੇ 'ਬੀਮਰ ਪਲੱਸ' ਵਿੱਚ ਦਾਖ਼ਲ ਹੋਇਆ ਅਤੇ ਇਸ ਦੇ ਕੁੱਝ ਮਿੰਟਾਂ ਬਾਅਦ 'ਗੋਲੀਬਾਰੀ ਸ਼ੁਰੂ ਹੋਣ' ਬਾਰੇ ਫੋਨ ਆ ਗਿਆ। ਇਸ ਸ਼ਾਪ ਵਿੱਚ ਗਾਹਕਾਂ ਤੋਂ ਇਲਾਵਾ ਕਈ ਮੁਲਾਜ਼ਮ ਸਨ। ਹਿਊਸਟਨ ਪੁਲੀਸ ਨੇ ਇਸ ਗੋਲੀਬਾਰੀ ਵਿੱਚ ਮਾਰੇ ਗਏ ਦੋ ਮੁਲਾਜ਼ਮਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਸ ਗੋਲੀਬਾਰੀ ਦੇ ਉਦੇਸ਼ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲੀ ਹੈ।

ਇਸ ਦੌਰਾਨ ਦੱਖਣੀ ਕੈਲੀਫੋਰਨੀਆ ਲਾਅ ਆਫਿਸ ਵਿੱਚ ਹੋਈ ਗੋਲੀਬਾਰੀ ਵਿੱਚ ਹਥਿਆਰਬੰਦ ਵਿਅਕਤੀ ਸਮੇਤ ਦੋ ਜਣੇ ਮਾਰੇ ਗਏ ਅਤੇ ਇਕ ਵਿਅਕਤੀ ਫੱਟੜ ਹੋ ਗਿਆ ਹੈ। ਅਧਿਕਾਰੀਆਂ ਨੇ ਇਸ ਵਾਰਦਾਤ ਨੂੰ ਕੰਮ-ਕਾਜ ਵਾਲੇ ਸਥਾਨ 'ਤੇ ਹਿੰਸਾ ਦੱਸਿਆ ਹੈ। ਲੌਂਗ ਬੀਚ ਪੁਲੀਸ ਨੇ ਦੱਸਿਆ ਕਿ ਇਸ ਮਾਮਲੇ ਦੀ ਕਤਲ ਕੇਸ ਵਜੋਂ ਪੜਤਾਲ ਕੀਤੀ ਜਾ ਰਹੀ ਹੈ। ਲੌਂਗ ਬੀਚ ਦੇ ਮੇਅਰ ਰੋਬਰਟ ਗਾਰਸੀਆ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ ਅਤੇ ਉਸ ਦੀ ਹਾਲਤ ਸਥਿਰ ਹੈ। ਅਜੇ ਇਹ ਸਪੱਸ਼ਟ ਨਹੀਂ ਹੋਇਆ ਸੀ ਕਿ ਹਥਿਆਰਬੰਦ ਵਿਅਕਤੀ ਨੇ ਆਪਣੇ ਖ਼ੁਦ ਗੋਲੀ ਮਾਰੀ ਹੈ ਜਾਂ ਉਸ ਦੇ ਪੁਲੀਸ ਨੇ ਗੋਲੀ ਮਾਰੀ ਹੈ।



ਕੈਲਿਫ ਦੇ ਲੌਂਗ ਬੀਚ 'ਤੇ ਹੋਈ ਗੋਲੀਬਾਰੀ ਮਗਰੋਂ ਪੁਲੀਸ ਕੋਲ ਬੈਠੇ ਨੇੜਲੇ ਦਫ਼ਤਰਾਂ ਦੇ ਸਹਿਮੇ ਹੋਏ ਮੁਲਾਜ਼ਮ।

## ਸੈਂਸਰ ਬੋਰਡ ਨੇ 'ਪਦਮਾਵਤੀ' ਫਿਲਮ ਨੂੰ ਸਰਟੀਫਿਕੇਟ ਦੇਣ ਲਈ ਨਾਂ ਬਦਲਣ ਅਤੇ ਕੁਝ ਹੋਰ ਤਬਦੀਲੀਆਂ ਕਰਨ ਲਈ ਕਿਹਾ

**ਮੁੰਬਈ/ਬਿਊਰੋ ਨਿਊਜ਼:** ਸੈਂਸਰ ਬੋਰਡ ਨੇ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ' ਨੂੰ ਬਿਨਾਂ ਕਿਸੇ ਕੱਟ ਵੱਢ ਦੇ ਯੂਏ ਸਰਟੀਫਿਕੇਟ ਦੇਣ ਦਾ ਫੈਸਲਾ ਕੀਤਾ ਹੈ, ਪਰ ਬੋਰਡ ਨੇ ਡਾਇਰੈਕਟਰ ਨੂੰ ਫਿਲਮ ਦਾ ਨਾਂ 'ਪਦਮਾਵਤ' ਕਰਨ ਸਮੇਤ ਪੰਜ ਬਦਲਾਅ ਕਰਨ ਦੀ ਸ਼ਰਤ ਲਾਈ ਹੈ।



ਰਿਪੋਰਟਾਂ ਆ ਰਹੀਆਂ ਸਨ ਕਿ ਬੋਰਡ ਨੇ ਫਿਲਮ ਵਿੱਚ 26 ਕੱਟ ਲਾਉਣ ਦਾ ਸੁਝਾਅ ਦਿੱਤਾ ਹੈ, ਪਰ ਕੇਂਦਰੀ ਬੋਰਡ ਆਫ ਸਰਟੀਫਿਕੇਸ਼ਨ (ਸੀਬੀਐਫਸੀ) ਦੇ ਚੇਅਰਮੈਨ ਪ੍ਰਸੂਨ ਜੋਸ਼ੀ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਬਿਨਾਂ ਕੱਟ ਦੇ ਫਿਲਮ ਦਾ ਨਾਂ ਬਦਲਣ ਸਮੇਤ ਪੰਜ ਬਦਲਾਅ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਬੋਰਡ ਨੇ ਬੇਦਾਅਵੇ ਵਿੱਚ ਖਾਸ ਕਰ ਕੇ 'ਸਤੀ' ਅਤੇ ਘੂਮਰ ਗੀਤ ਵਿਚ ਦਿਖਾਏ ਗਏ ਕਿਰਦਾਰ ਵਿੱਚ ਸੁਧਾਰ ਕਰਨ ਦੀ ਸਲਾਹ ਦਿੱਤੀ ਹੈ। ਸ੍ਰੀ ਜੋਸ਼ੀ ਨੇ ਕਿਹਾ ਕਿ ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਬੋਰਡ ਦੇ ਸੁਝਾਅ ਅਨੁਸਾਰ ਬਦਲਾਅ ਕਰਨ ਲਈ ਸਹਿਮਤ ਹਨ। ਜ਼ਿਕਰਯੋਗ ਹੈ ਕਿ ਬੋਰਡ ਨੇ 28 ਦਸੰਬਰ ਨੂੰ ਹੋਈ ਮੀਟਿੰਗ ਵਿੱਚ ਫਿਲਮ ਨੂੰ ਕੁਝ ਬਦਲਾਵਾਂ ਨਾਲ ਪਾਸ ਕਰਨ ਦੀ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸੰਸਦੀ ਪੈਨਲ ਕੋਲ ਪੇਸ਼ ਹੋਏ ਭੰਸਾਲੀ ਨੇ ਕਿਹਾ ਸੀ ਕਿ ਉਨ੍ਹਾਂ ਨੇ ਫਿਲਮ 'ਤੇ 150 ਕਰੋੜ ਰੁਪਏ ਖਰਚੇ ਹਨ ਅਤੇ ਇਹ ਫਿਲਮ ਮਲਿਕ ਮੁਹੰਮਦ ਜਾਇਸੀ ਵੱਲੋਂ ਲਿਖੀ 16ਵੀਂ ਸਦੀ ਦੀ ਸੂਰਬੀਰਤਾ ਗਾਥਾ 'ਪਦਮਾਵਤ' 'ਤੇ ਅਧਾਰਤ ਹੈ। ਫਿਲਮ ਦੀ ਗੁੰਝਲ ਅਤੇ ਚਿੰਤਾਵਾਂ ਨੂੰ ਦੇਖਦਿਆਂ ਸੀਬੀਐਫਸੀ ਨੇ ਅੰਤਿਮ ਫੈਸਲੇ ਲਈ ਸੈਂਸਰ ਬੋਰਡ ਅਧਿਕਾਰੀਆਂ ਦੇ ਵਿਸ਼ੇਸ਼ ਪੈਨਲ ਦਾ ਗਠਨ ਕੀਤਾ ਸੀ। ਇਸ ਪੈਨਲ ਵਿੱਚ ਉਦੈਪੁਰ ਤੋਂ ਚੰਦਰਮਣੀ ਸਿੰਘ ਅਤੇ ਜੈਪੁਰ ਯੂਨੀਵਰਸਿਟੀ ਦੇ ਪੋ ?ਫੈਸਰ ਕੇ ਕੇ ਸਿੰਘ ਵੀ ਸ਼ਾਮਲ ਸੀ। ਸ੍ਰੀ ਜੋਸ਼ੀ ਨੇ ਕਿਹਾ ਕਿ ਇਹ ਇਕ ਮੁਸ਼ਕਲ ਸਥਿਤੀ ਸੀ ਜਿਸ ਨੂੰ ਸੰਤੁਲਿਤ ਪਹੁੰਚ ਨਾਲ ਨਜਿੱਠ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜੀਂਦੇ ਬਦਲਾਅ ਤੋਂ ਬਾਅਦ ਫਿਲਮ ਨੂੰ ਸਰਟੀਫਿਕੇਟ ਦੇ ਦਿੱਤਾ ਜਾਵੇਗਾ।

### ਰਾਜਪੂਤ ਜਥੇਬੰਦੀਆਂ ਅਜੇ ਅੜਿੱਗ

ਸੈਨਦਰ ਬੋਰਡ ਦੇ ਫੈਸਲੇ 'ਤੇ ਰਾਜਪੂਤ ਕਰਨੀ ਸੈਨਾ ਦੇ ਬਾਨੀ ਲੋਖੇਂਦਰ ਸਿੰਘ ਕਾਲਵੀ ਨੇ ਕਿਹਾ ਕਿ ਹਾਲੇ ਇਸ ਮਾਮਲੇ ਵਿੱਚ ਬਹੁਤ ਕੁਝ ਸਪਸ਼ਟ ਕੀਤੇ ਜਾਣ ਦੀ ਲੋੜ ਹੈ ਅਤੇ ਇਸ ਬਾਰੇ ਕੁਝ ਕਹਿਣਾ ਜਲਦਬਾਜ਼ੀ ਹੋਵੇਗਾ। ਰਾਜਪੂਤ ਸਭਾ ਦੇ ਪ੍ਰਧਾਨ ਗਿਰੀਰਾਜ ਸਿੰਘ ਲੋਟਵਾ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਬੋਰਡ ਫਿਲਮ ਨਿਰਮਾਤਾ ਦਾ ਪੱਖ ਪੂਰ ਰਿਹਾ ਹੈ।

## ਜਹਾਦੀ ਜਥੇਬੰਦੀ ਵਲੋਂ ਕਾਬੁਲ 'ਚ ਸ਼ੀਆ ਕੇਂਦਰ 'ਤੇ ਹਮਲਾ, 41 ਮੌਤਾਂ

**ਕਾਬੁਲ/ਬਿਊਰੋ ਨਿਊਜ਼,** ਸ਼ੀਆ ਭਾਈਚਾਰੇ ਦੇ ਇਥੇ ਤਬਾਯਨ ਕਲਚਰਲ ਸੈਂਟਰ 'ਤੇ ਅੱਜ ਕੀਤੇ ਗਏ ਫਿਦਾਈਨ ਹਮਲੇ 'ਚ 41 ਵਿਅਕਤੀ ਹਲਾਕ ਹੋ ਗਏ। ਹਮਲੇ 'ਚ ਦਰਜਨਾਂ ਲੋਕ ਜ਼ਖ਼ਮੀ ਹੋਏ ਹਨ। ਜਹਾਦੀ ਜਥੇਬੰਦੀ ਇਸਲਾਮਿਕ ਸਟੇਟ ਨੇ ਇਸ ਭਿਆਨਕ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ। ਇਹ ਕਾਰਾ ਉਸੇ ਇਮਾਰਤ 'ਚ ਹੋਇਆ ਹੈ ਜਿਥੇ ਅਫ਼ਗਾਨ ਵੁਆਇਸ ਏਜੰਸੀ ਦਾ ਦਫ਼ਤਰ ਹੈ ਅਤੇ ਮੁਢਲੀਆਂ ਰਿਪੋਰਟਾਂ 'ਚ ਕਿਹਾ ਗਿਆ ਸੀ ਕਿ ਮੀਡੀਆ ਦੇ ਇਸ ਦਫ਼ਤਰ ਨੂੰ ਨਿਸ਼ਾਨਾ ਬਣਾਇਆ ਗਿਆ ਹੋ ਸਕਦਾ ਹੈ। ਅੰਦਰੂਨੀ ਮਾਮਲਿਆਂ ਬਾਰੇ ਮੰਤਰਾਲੇ ਦੇ ਉਪ ਤਰਜਮਾਨ ਨਸਰਤ ਰਹੀਮੀ ਨੇ ਖ਼ਬਰ ਏਜੰਸੀ ਏਐਫਪੀ ਨੂੰ ਦੱਸਿਆ ਕਿ ਅਕਤੂਬਰ 'ਚ ਸ਼ੀਆ ਮਸਜਿਦ 'ਤੇ ਹੋਏ ਹਮਲੇ,



ਜਿਸ 'ਚ 50 ਤੋਂ ਵੱਧ ਨਮਾਜ਼ੀ ਮਾਰੇ ਗਏ ਸਨ, ਮਗਰੋਂ ਇਹ ਸਭ ਤੋਂ ਭਿਆਨਕ ਹਮਲਾ ਹੈ। ਰਹੀਮੀ ਨੇ ਕਿਹਾ ਕਿ ਫਿਦਾਈਨ ਹਮਲਾਵਰ ਨੇ ਤਬਾਯਨ ਕਲਚਰਲ ਸੈਂਟਰ 'ਚ ਹੋਏ ਇਕੱਠ ਦੌਰਾਨ ਆਪਣੇ ਆਪ ਨੂੰ ਉਡਾ ਲਿਆ ਜਿਸ ਕਾਰਨ ਵੱਡੀ ਗਿਣਤੀ 'ਚ ਜਾਨੀ ਨੁਕਸਾਨ ਹੋਇਆ। ਵੱਡੇ ਧਮਾਕੇ ਮਗਰੋਂ ਜਦੋਂ ਜ਼ਖ਼ਮੀ ਅਤੇ ਹੋਰ ਲੋਕ ਮੌਕੇ ਤੋਂ ਨਿਕਲ ਰਹੇ ਸਨ ਤਾਂ ਦੋ ਛੋਟੇ ਬੰਬ ਧਮਾਕੇ ਵੀ ਹੋਏ। ਰਹੀਮੀ ਮੁਤਾਬਕ ਉਸ ਮੌਕੇ ਅਫ਼ਗਾਨਿਸਤਾਨ 'ਚ ਸੋਵੀਅਤ ਚੜ੍ਹਾਈ ਦੀ 38ਵੀਂ ਵਰ੍ਹੇਗੰਢ ਮਨਾਉਣ ਲਈ ਲੋਕ ਇਕੱਤਰ ਹੋਏ ਸਨ। ਅਫ਼ਗਾਨ ਵੁਆਇਸ ਏਜੰਸੀ ਦੇ ਪੱਤਰਕਾਰ ਨੇ ਦੱਸਿਆ ਕਿ ਇਮਾਰਤ ਦੇ ਤਹਿਖਾਨੇ 'ਚ 100 ਤੋਂ ਵੱਧ ਲੋਕ ਜਮਾਂ ਸਨ। ਇਸਤਿਕਲਾਲ ਹਸਪਤਾਲ 'ਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਜਿਥੇ ਜ਼ਖ਼ਮੀਆਂ ਨੂੰ ਲਿਆਂਦਾ ਜਾ ਰਿਹਾ ਸੀ। ਜ਼ਿਆਦਾਤਰ ਦੇ ਚਿਹਰਿਆਂ ਅਤੇ ਸਰੀਰ 'ਤੇ ਸੜਨ ਦੇ ਨਿਸ਼ਾਨ ਸਨ। ਯੂਨੀਵਰਸਿਟੀ ਦੇ ਵਿਦਿਆਰਥੀ ਮੁਹੰਮਦ ਹਸਨ ਰਿਜ਼ਾਈ ਨੇ ਦੱਸਿਆ ਕਿ ਧਮਾਕੇ ਮਗਰੋਂ ਉਸ ਦੇ ਚਿਹਰੇ 'ਤੇ ਜ਼ਖ਼ਮ ਹਨ। ਉਹ ਦੂਜੀ ਕਤਾਰ 'ਚ ਬੈਠਾ ਹੋਇਆ ਸੀ ਅਤੇ ਉਨ੍ਹਾਂ ਦੇ ਪਿੱਛੇ ਧਮਾਕਾ ਹੋਇਆ ਸੀ। ਉਧਰ ਅਮਾਕ 'ਤੇ ਜਾਰੀ ਬਿਆਨ ਮੁਤਾਬਕ ਇਸਲਾਮਿਕ ਸਟੇਟ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਸ਼ੀਆ ਕਲਚਰਲ ਸੈਂਟਰ ਨੂੰ ਨਿਸ਼ਾਨਾ ਬਣਾਇਆ ਜਿਸ 'ਚ 41 ਵਿਅਕਤੀ ਹਲਾਕ ਹੋ ਗਏ। ਜਹਾਦੀ ਜਥੇਬੰਦੀ ਨੇ ਕਿਹਾ ਕਿ ਕੇਂਦਰ 'ਤੇ ਫਿਦਾਈਨ ਹਮਲੇ ਤੋਂ ਬਾਅਦ ਤਿੰਨ ਹੋਰ ਧਮਾਕੇ ਕੀਤੇ ਗਏ।

## ਵਿਸ਼ਵ ਸ਼ਾਂਤੀ ਲਈ ਭਾਰਤ ਦੀ ਭੂਮਿਕਾ ਅਹਿਮ: ਦਲਾਈ ਲਾਮਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਤਿੱਬਤੀਆਂ ਦੇ ਧਾਰਮਿਕ ਆਗੂ ਦਲਾਈ ਲਾਮਾ ਦਾ ਕਹਿਣਾ ਹੈ ਕਿ ਭਾਰਤ ਇਕ ਜਮਹੂਰੀ ਤੇ ਸਥਿਰ ਮੁਲਕ ਹੈ ਅਤੇ ਉਹ ਵਿਸ਼ਵ ਸ਼ਾਂਤੀ ਵਿੱਚ ਅਹਿਮ ਯੋਗਦਾਨ ਪਾ ਸਕਦਾ ਹੈ। ਜਲਾਵਤਨ ਆਗੂ ਨੇ ਕਿਹਾ ਕਿ ਗੁੱਸਾ ਤੇ ਦਰਦ, ਜਜ਼ਬਾਤ ਦਾ ਹਿੱਸਾ ਹਨ ਤੇ ਇਨ੍ਹਾਂ ਨੂੰ ਪ੍ਰਾਚੀਨ ਭਾਰਤੀ ਗਿਆਨ ਨਾਲ ਵੱਸ ਵਿੱਚ ਕੀਤਾ ਜਾ ਸਕਦਾ ਹੈ। ਇਥੇ 'ਭਾਰਤ ਦੇ ਧਰਮ ਤੇ ਫ਼ਲਸਫ਼ੇ ਬਾਰੇ ਸਹਿਹੋਂਦ' ਨਾਲ ਸਬੰਧਤ ਇਕ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਆਏ ਤਿੱਬਤੀ ਆਗੂ ਨੇ ਕਿਹਾ ਕਿ ਉਹ ਆਪਣੀ ਬਾਕੀ ਰਹਿੰਦੀ ਜ਼ਿੰਦਗੀ ਨੂੰ ਪ੍ਰਾਚੀਨ ਭਾਰਤੀ ਗਿਆਨ ਨੂੰ ਸੁਰਜੀਤ ਕਰਨ ਦੇ ਲੇਖੇ ਲਾਉਣਗੇ। ਉਨ੍ਹਾਂ ਕਿਹਾ, 'ਮੇਰਾ ਮੰਨਣਾ ਹੈ ਕਿ ਭਾਰਤ ਵਿਸ਼ਵ ਦੇ ਅਮਨ ਚੈਨ ਲਈ ਕੁਝ ਯੋਗਦਾਨ ਪਾ ਸਕਦਾ ਹੈ। ਕਿਉਂਕਿ ਸ਼ਾਂਤੀ ਨਾਲ ਹੀ ਅਸਲ ਸ਼ਾਂਤੀ ਆਉਂਦੀ ਹੈ੩.ਇਹ ਮੁਲਕ, ਜਿਹੜਾ ਆਬਾਦੀ ਪੱਖੋਂ ਸਭ ਤੋਂ ਵੱਡਾ ਅਤੇ ਜਮਹੂਰੀ ਹੈ, ਬਹੁਤ ਸਥਿਰ ਹੈ੩ਵਿਸ਼ਵ ਵਿੱਚ ਅਮਨ ਸ਼ਾਂਤੀ ਬਣਾਏ ਰੱਖਣ ਵਿੱਚ ਭਾਰਤ ਅਹਿਮ ਹਿੱਸੇਦਾਰੀ ਪਾ ਸਕਦਾ ਹੈ।'

ਤਿੱਬਤੀਅਨ ਧਾਰਮਿਕ ਆਗੂ ਨੇ ਕਿਹਾ ਕਿ ਡਰ ਜਿਹੇ ਤਬਾਹਕੁਨ ਜਜ਼ਬਾਤ ਨੂੰ ਘਟਾਉਣ ਲਈ ਜ਼ਰੂਰੀ ਹੈ ਕਿ ਪਿਆਰ ਵਰਗੇ ਸਕਾਰਾਤਮਕ ਜਜ਼ਬਾਤਾਂ ਦਾ ਵੱਧ ਤੋਂ ਵੱਧ ਫੈਲਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰਾਚੀਨ ਭਾਰਤੀ ਰਵਾਇਤਾਂ ਸਿੱਖਿਆ ਜ਼ਰੀਏ ਬਿਹਤਰ ਵਿਸ਼ਵ ਦਾ ਨਿਰਮਾਣ ਕਰ ਸਕਦੀਆਂ ਹਨ। ਕਾਨਫਰੰਸ ਵਿੱਚ ਹੋਰ ਵੀ ਕਈ ਧਾਰਮਿਕ ਆਗੂ ਮੌਜੂਦ ਸਨ, ਜਿਨ੍ਹਾਂ ਤਿੱਬਤੀ ਆਗੂ ਦੇ ਵਿਚਾਰਾਂ ਨਾਲ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਹਰ ਧਰਮ ਇਨਸਾਨਾਂ ਵਿੱਚ ਆਪਸੀ ਸਮਝ ਤੇ ਸ਼ਾਂਤੀ ਦਾ ਪ੍ਰਚਾਰ ਪਾਸਾਰ ਕਰਦਾ ਹੈ। ਦਾਊਦੀ ਬੋਹਰਾ ਭਾਈਚਾਰੇ ਦੇ ਮੁਖੀ ਸਾਇਦਨਾ ਤਾਹਿਰ ਫਖ਼ਰੁਦਦੀਨ ਸਾਹਿਬ ਨੇ ਦਲਾਈ ਲਾਮਾ ਨੂੰ ਸਾਇਦਨਾ ਕੁਤਬੁਦੀਨ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ।




ਤਿੱਬਤੀ ਆਗੂ ਦਲਾਈ ਲਾਮਾ ਦਾ ਸ਼ਾਂਤੀ ਪੁਰਸਕਾਰ ਨਾਲ ਸਨਮਾਨ ਕਰਦੇ ਹੋਏ ਸਾਇਦਨਾ ਤਾਹਿਰ ਫ਼ਖ਼ਰੁਦੀਨ।

## ਅਮਰੀਕਾ ਵਲੋਂ ਪਾਕਿਸਤਾਨ ਨੂੰ 25 ਕਰੋੜ ਡਾਲਰ ਦੀ ਸਹਾਇਤਾ ਉੱਤੇ ਰੋਕ ਲਾਏ ਜਾਣ ਦਾ ਸੰਕੇਤ

**ਨਿਊ ਯਾਰਕ/ਬਿਊਰੋ ਨਿਊਜ਼:** ਟਰੰਪ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਨੂੰ 25.5 ਕਰੋੜ ਡਾਲਰ ਦੀ ਸਹਾਇਤਾ ਰੋਕੇ ਜਾਣ ਬਾਰੇ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਮੀਡੀਆ ਰਿਪੋਰਟ ਮੁਤਾਬਕ ਇਸਲਾਮਾਬਾਦ ਵੱਲੋਂ ਦਹਿਸ਼ਤੀ ਨੈੱਟਵਰਕਾਂ ਖ਼ਿਲਾਫ਼ ਕਾਰਵਾਈ ਨਾ ਕੀਤੇ ਜਾਣ ਤੋਂ ਅਮਰੀਕਾ ਅਸੰਤੁਸ਼ਟ ਨਜ਼ਰ ਆ ਰਿਹਾ ਹੈ। 'ਨਿਊ ਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਦੀ ਵੀ ਇਹ ਪ੍ਰੀਖਿਆ ਦੀ ਘੜੀ ਹੈ ਕਿ ਉਹ ਇਸਲਾਮਾਬਾਦ ਖ਼ਿਲਾਫ਼ ਕਾਰਵਾਈ ਨੂੰ ਅਮਲ 'ਚ ਲਿਆਉਂਦਾ ਹੈ ਜਾਂ ਨਹੀਂ। ਰਿਪੋਰਟ ਮੁਤਾਬਕ ਅਮਰੀਕਾ ਅਤੇ ਪਾਕਿਸਤਾਨ ਦਰਮਿਆਨ ਸਬੰਧਾਂ 'ਚ ਉਸ ਸਮੇਂ ਤੋਂ ਨਿਘਾਰ ਆ ਗਿਆ ਜਦੋਂ ਰਾਸ਼ਟਰਪਤੀ ਨੇ ਐਲਾਨ ਕੀਤਾ ਸੀ ਕਿ ਪਾਕਿਸਤਾਨ ਦਹਿਸ਼ਤੀਆਂ ਨੂੰ ਸੁਰੱਖਿਅਤ ਪਨਾਹ ਦਿੰਦਾ ਹੈ। ਅਮਰੀਕਾ, ਜਿਸ ਨੇ ਪਾਕਿਸਤਾਨ ਨੂੰ 2002 ਤੋਂ 33 ਅਰਬ ਡਾਲਰ ਤੋਂ ਵੱਧ ਸਹਾਇਤਾ ਮੁਹੱਈਆ ਕਰਵਾਈ ਹੈ, ਨੇ ਅਗਸਤ 'ਚ ਕਿਹਾ ਕਿ ਉਹ ਪਾਕਿਸਤਾਨ ਨੂੰ 25.5 ਕਰੋੜ ਡਾਲਰ ਦੀ ਸਹਾਇਤਾ ਰੋਕ ਰਿਹਾ ਹੈ ਜਦੋਂ ਤਕ ਕਿ ਉਹ ਦਹਿਸ਼ਤੀ ਜਥੇਬੰਦੀਆਂ ਖ਼ਿਲਾਫ਼ ਹੋਰ ਸਖ਼ਤੀ ਨਾਲ ਕਾਰਵਾਈ ਨਹੀਂ ਕਰਦਾ। ਅਖ਼ਬਾਰ ਨੇ ਕਿਹਾ ਕਿ ਸੀਨੀਅਰ ਪ੍ਰਸ਼ਾਸਕੀ ਅਧਿਕਾਰੀਆਂ ਨੇ ਇਸ ਮਹੀਨੇ ਬੈਠਕ ਕਰਕੇ ਫ਼ੈਸਲਾ ਲਿਆ ਕਿ ਸਹਾਇਤਾ ਬਾਰੇ ਅੰਤਿਮ ਫ਼ੈਸਲਾ ਆਉਂਦੇ ਹਫ਼ਤਿਆਂ 'ਚ ਲਿਆ ਜਾਵੇਗਾ। 'ਨਿਊ ਯਾਰਕ ਟਾਈਮਜ਼' ਦੀ ਰਿਪੋਰਟ ਉਸ ਸਮੇਂ ਆਈ ਹੈ ਜਦੋਂ ਕੁਝ ਦਿਨ ਪਹਿਲਾਂ ਅਮਰੀਕੀ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕਾਬੁਲ 'ਚ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਨੇ ਪਾਕਿਸਤਾਨ ਨੂੰ ਨੋਟਿਸ 'ਤੇ ਰੱਖਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨੀ ਫ਼ੌਜ ਨੇ ਵੀਰਵਾਰ ਨੂੰ ਅਮਰੀਕਾ ਨੂੰ ਉਨ੍ਹਾਂ ਦੀ ਧਰਤੀ 'ਤੇ ਕਾਰਵਾਈ ਦੀ ਸੰਭਾਵਨਾ ਖ਼ਿਲਾਫ਼ ਚਿਤਾਵਨੀ ਦਿੱਤੀ ਸੀ।

## ਇਰਾਨ ਦੇ ਮਾੜੇ ਮਾਲੀ ਹਾਲਾਤ ਵਿਰੁਧ ਮੁਜ਼ਾਹਰਿਆਂ ਉੱਤੇ ਪੁਲੀਸ ਤਸ਼ੱਦਦ ਦੌਰਾਨ ਝੜਪਾਂ 'ਚ 12 ਲੋਕ ਮਾਰੇ ਗਏ

**ਤਹਿਰਾਨ/ਬਿਊਰੋ ਨਿਊਜ਼:** ਇਰਾਨ ਵਿੱਚ ਮਾੜੇ ਆਰਥਿਕ ਹਾਲਾਤ ਖ਼ਿਲਾਫ਼ ਜਾਰੀ ਪ੍ਰਦਰਸ਼ਨਾਂ ਤੇ ਰਾਸ਼ਟਰਪਤੀ ਹਸਨ ਰੂਹਾਨੀ ਵੱਲੋਂ ਅਮਨ ਬਣਾਏ ਰੱਖਣ ਦੇ ਦਿੱਤੇ ਸੱਦੇ ਦੇ ਬਾਵਜੂਦ 12 ਲੋਕਾਂ ਦੀ ਮੌਤ ਹੋ ਗਈ ਹੈ। ਹਥਿਆਰਬੰਦ ਪ੍ਰਦਰਸ਼ਨਕਾਰੀਆਂ ਨੇ ਪੁਲੀਸ ਸਟੇਸ਼ਨਾਂ ਤੇ ਫ਼ੌਜੀ ਅੱਡਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਸਰਕਾਰੀ ਟੀਵੀ ਮੁਤਾਬਕ 10 ਲੋਕਾਂ ਦੀ ਬੀਤੀ ਰਾਤ ਝੜਪਾਂ ਦੌਰਾਨ ਮੌਤ ਹੋ ਗਈ ਜਦਕਿ ਦੋ ਜਣੇ ਪੱਛਮੀ ਇਰਾਨ ਵਿੱਚ ਪ੍ਰਦਰਸ਼ਨਾਂ ਮੌਕੇ ਮਾਰੇ ਗਏ। ਪ੍ਰਦਰਸ਼ਨ ਲੰਘੇ ਵੀਰਵਾਰ ਤੋਂ ਮਸ਼ਾਦ ਸ਼ਹਿਰ ਵਿੱਚ ਸ਼ੁਰੂ ਹੋਏ ਸਨ, ਪਰ ਜਲਦੀ ਹੀ ਮੁਲਕ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਲੋਕ ਸੜਕਾਂ 'ਤੇ ਉੱਤਰ ਆਏ। ਉਧਰ ਰੂਹਾਨੀ ਨੇ ਅਮਨ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਆਲੋਚਨਾ ਤੇ ਹਿੰਸਾ ਵਿੱਚ ਫਰਕ ਹੁੰਦਾ ਹੈ।

ਇਸ ਤੋਂ ਪਹਿਲਾਂ ਮੁਕਾਮੀ ਸੰਸਦ ਮੈਂਬਰ ਹਿਦਾਏਤੁੱਲ੍ਹਾ ਖਾਦੇਮੀ ਨੇ ਖ਼ਬਰ ਏਜੰਸੀ ਇਲਨਾ ਨੂੰ ਦੱਸਿਆ ਕਿ ਇਜ਼ੇਹ ਦੇ ਲੋਕ ਹੋਰਨਾਂ ਸ਼ਹਿਰਾਂ ਵਾਂਗ ਮੁਲਕ ਦੇ ਮਾੜੇ ਆਰਥਿਕ ਹਾਲਾਤ ਖ਼ਿਲਾਫ਼ ਰੋਸ ਮੁਜ਼ਾਹਰਾ ਕਰ ਰਹੇ ਸਨ ਕਿ ਇਸ ਦੌਰਾਨ ਦੋ ਲੋਕ ਫ਼ੌਤ ਅਤੇ ਕਈ ਹੋਰ ਜ਼ਖ਼ਮੀ ਹੋ ਗਏ।' ਸਰਕਾਰੀ ਟੈਲੀਵਿਜ਼ਨ ਨੇ ਕਿਹਾ ਕਿ ਦੋ ਜਣੇ ਛੋਟੇ ਪੱਛਮੀ ਕਸਬੇ ਦੋਰੂਦ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਚੋਰੀ ਕੀਤੇ ਫਾਇਰ ਇੰਜਣ ਦੀ ਫ਼ੇਟ ਵੱਜਣ ਕਰਕੇ ਹਲਾਕ ਹੋ ਗਏ। ਤਾਕਿਸਤਾਨ ਦੇ ਉੱਤਰ ਪੱਛਮੀ ਕਸਬੇ ਵਿੱਚ ਮੌਲਵੀਆਂ ਦੇ ਇਕ ਸਕੂਲ ਤੇ ਸਰਕਾਰੀ ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ। ਪੁਲੀਸ ਨੇ ਤਹਿਰਾਨ ਦੇ ਇੰਗਲੈਬ ਚੌਕ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਅਥਰੂ ਗੈਸ ਤੇ ਜਲ ਤੋਪਾਂ ਦੀ ਵਰਤੋਂ ਕੀਤੀ। ਪਿਛਲੇ ਚਾਰ ਦਿਨਾਂ ਤੋਂ ਮੁਲਕ ਭਰ ਵਿੱਚ ਜਾਰੀ ਪ੍ਰਦਰਸ਼ਨਾਂ ਦੌਰਾਨ ਹੁਣ ਤਕ ਚਾਰ ਸੌ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਉਧਰ ਰਾਸ਼ਟਰਪਤੀ ਰੂਹਾਨੀ ਨੇ ਸਾਲ 2009 ਤੋਂ ਹੋ ਰਹੇ ਪ੍ਰਦਰਸ਼ਨਾਂ, ਜੋ ਕਿ ਸਰਕਾਰ ਲਈ ਵੱਡੀ ਚੁਣੌਤੀ ਹਨ, ਖ਼ਿਲਾਫ਼ ਬੀਤੀ ਰਾਤ ਚੁੱਪੀ ਤੋੜਦਿਆਂ ਕਿਹਾ ਕਿ ਲੋਕਾਂ ਨੂੰ ਆਪਣਾ ਵਿਰੋਧ ਦਰਜ ਕਰਾਉਣ ਤੇ ਮੁਜ਼ਾਹਰੇ ਕਰਨ ਦੀ ਪੂਰੀ ਖੁੱਲ੍ਹ ਹੈ। ਉਨ੍ਹਾਂ ਕਿਹਾ, 'ਆਲੋਚਨਾ ਅਤੇ ਹਿੰਸਾ ਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਕਰਨ ਵਿੱਚ ਫ਼ਰਕ ਹੁੰਦਾ ਹੈ।

### ਮੁਜ਼ਾਹਰੇ ਲੋਕਾਂ ਦੇ ਸਿਆਣੇ ਹੋਣ ਦਾ ਸੰਕੇਤ: ਟਰੰਪ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਤੇ ਤਹਿਰਾਨ ਦੇ ਸਭ ਤੋਂ ਵੱਡੇ ਆਲੋਚਕ ਡੋਨਲਡ ਟਰੰਪ ਨੇ ਕਿਹਾ ਕਿ ਮੁਜ਼ਾਹਰੇ ਇਸ ਗੱਲ ਦਾ ਸੰਕੇਤ ਹਨ ਕਿ ਲੋਕ ਹੁਣ ਸਿਆਣੇ ਹੋ ਗਏ ਹਨ ਤੇ ਉਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਪੈਸੇ ਤੇ ਸੰਪਤੀ ਦੀ ਚੋਰੀ ਕਰਕੇ ਇਸ ਨੂੰ ਅਤਿਵਾਦ 'ਤੇ ਲੁਟਾਇਆ ਜਾ ਰਿਹਾ। ਇਸ ਦੌਰਾਨ ਟਰੰਪ ਨੇ ਆਪਣੇ ਕਾਰਜਕਾਲ ਦਾ ਪਹਿਲਾ ਸਾਲ ਮੁਕੰਮਲ ਹੋਣ ਮਗਰੋਂ ਕਿਹਾ ਕਿ ਆਉਣ ਵਾਲਾ ਸਾਲ ਸ਼ਾਨਦਾਰ ਰਹੇਗਾ।

# ਭ੍ਰਿਸ਼ਟਾਚਾਰ ਦੇ ਮਾਮਲੇ 'ਚ ਗ੍ਰਿਫਤਾਰ ਗੁਰਿੰਦਰ ਸਿੰਘ ਠੇਕੇਦਾਰ ਦਾ ਰੇਤ ਦੀਆਂ ਖੱਡਾਂ ਦੀ ਨਿਲਾਮੀ ਦੇ ਮਾਮਲੇ ਵਿੱਚ ਵੀ ਨਾਂ ਬੋਲਿਆ

**ਚੰਡੀਗੜ੍ਹ/ਬਿਊਰੋ ਨਿਊਜ਼,**
ਭ੍ਰਿਸ਼ਟਾਚਾਰ ਦੇ ਕੇਸ 'ਚ ਫਸੇ ਠੇਕੇਦਾਰ ਗੁਰਿੰਦਰ ਸਿੰਘ, ਜਿਸ ਨੂੰ ਵਿਜੀਲੈਂਸ ਨੇ ਇਕ ਹਜ਼ਾਰ ਕਰੋੜ ਰੁਪਏ ਦੇ ਸਿੰਜਾਈ ਘੁਟਾਲੇ 'ਚ ਗ੍ਰਿਫ਼ਤਾਰ ਕੀਤਾ ਹੈ, ਨੇ ਰੇਤੇ ਦੀਆਂ ਖੱਡਾਂ ਦੀ ਬੋਲੀ 'ਚ ਪੈਸਾ ਲਾਇਆ ਸੀ ਜਿਸ 'ਚ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਕਥਿਤ ਚਾਰ ਮੁਲਾਜ਼ਮਾਂ ਨੂੰ ਰੇਤ ਖੱਡਾਂ ਦੇ ਠੇਕੇ ਮਿਲੇ ਸਨ। ਕਈ ਹਫ਼ਤੇ ਫ਼ਰਾਰ ਰਹਿਣ ਮਗਰੋਂ 13 ਦਸੰਬਰ ਨੂੰ ਵਿਜੀਲੈਂਸ ਬਿਊਰੋ ਨੇ ਗੁਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਸ ਦੇ ਬੈਂਕ ਖ਼ਾਤਿਆਂ 'ਚੋਂ ਹੋਏ ਲੈਣ-ਦੇਣ ਮੁਤਾਬਕ 23 ਮਈ ਨੂੰ, ਸਫ਼ਲ ਬੋਲੀਕਾਰਾਂ ਵੱਲੋਂ ਪੂਰੀ ਰਕਮ ਅਦਾਇਗੀ ਦੇ ਆਖ਼ਰੀ ਦਿਨ, ਗੁਰਿੰਦਰ ਸਿੰਘ ਵੱਲੋਂ ਕਿਸੇ ਜਤਿਨ ਸਿੰਗਲਾ ਦੇ ਖ਼ਾਤੇ 'ਚ 5 ਕਰੋੜ ਰੁਪਏ ਤਬਦੀਲ ਕੀਤੇ ਗਏ ਜੋ ਰਾਣਾ ਗੁਰਜੀਤ ਸਿੰਘ ਦੇ ਚਾਰਟਰਡ ਅਕਾਊਂਟੈਂਟ ਤ੍ਰਿਲੋਕੀ ਨਾਥ ਸਿੰਗਲਾ ਦਾ ਭਤੀਜਾ ਹੈ। ਛੇਤੀ ਹੀ ਜਤਿਨ ਸਿੰਗਲਾ ਨੇ 5 ਕਰੋੜ ਰੁਪਏ ਰਾਜਬੀਰ ਐਂਟਰਪ੍ਰਾਈਜਿਜ਼ 'ਚ ਟਰਾਂਸਫਰ ਕਰ ਦਿੱਤੇ। ਇਸ ਤੋਂ ਪਹਿਲਾਂ ਨਾਰੰਗ ਕਮਿਸ਼ਨ ਮੂਹਰੇ ਰਾਜਬੀਰ ਐਂਟਰਪ੍ਰਾਈਜਿਜ਼ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਮੰਤਰੀ ਦੇ ਕੁੱਕ ਅਮਿਤ ਬਹਾਦਰ ਅਤੇ ਉਸ ਦੇ ਇਕ ਹੋਰ ਮੁਲਾਜ਼ਮ ਕੁਲਵਿੰਦਰਪਾਲ ਸਿੰਘ, ਜਿਨ੍ਹਾਂ ਨੂੰ ਰੇਤ ਖੱਡਾਂ ਦੇ ਠੇਕੇ ਮਿਲੇ ਸਨ, ਨੂੰ ਪੈਸਾ ਮੁਹੱਈਆ ਕਰਵਾਇਆ ਸੀ। ਜਾਂਚ ਦੌਰਾਨ ਜਸਟਿਸ ਨਾਰੰਗ ਕਮਿਸ਼ਨ ਨੇ 23 ਨਿਵੇਸ਼ਕਾਂ ਨੂੰ ਸੰਮਨ ਭੇਜੇ ਸਨ ਜਿਨ੍ਹਾਂ 'ਚੋਂ ਜਤਿਨ ਗਰਗ ਇਕ ਸੀ। ਰਾਜਬੀਰ ਐਂਟਰਪ੍ਰਾਈਜਿਜ਼ ਦੀ ਮਾਲਕੀ ਦਾ ਦਾਅਵਾ ਕਰਨ ਵਾਲੇ ਕੈਪਟਨ ਜੇ ਐਸ ਰੰਧਾਵਾ ਅਤੇ ਸਾਹਿਲ ਸਿੰਗਲਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਗੁਰਿੰਦਰ ਸਿੰਘ ਨੇ ਉਨ੍ਹਾਂ ਵੱਲੋਂ ਲਈਆਂ ਗਈਆਂ ਰੇਤ ਖੱਡਾਂ ਦੇ ਠੇਕਿਆਂ 'ਚ ਕੋਈ ਪੈਸਾ ਲਾਇਆ ਹੈ। ਰੰਧਾਵਾ ਮੁਤਾਬਕ ਗੁਰਿੰਦਰ ਸਿੰਘ ਨੇ ਤ੍ਰਿਲੋਕੀ ਨਾਥ ਸਿੰਗਲਾ ਦੇ ਭਰਾ ਨੂੰ ਉਸ ਦਾ ਪੈਸਾ ਨਿਵੇਸ਼ ਕਰਨ ਲਈ ਕਿਹਾ ਸੀ। ਉਸ ਨੇ ਗੁਰਿੰਦਰ ਸਿੰਘ ਤੋਂ 5 ਕਰੋੜ ਰੁਪਏ ਦਾ ਕਰਜ਼ਾ 12 ਫ਼ੀਸਦੀ ਵਿਆਜ 'ਤੇ ਲਿਆ। ਉਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਢੁਕਵਾਂ ਪੈਸਾ ਹੋਣ ਕਰਕੇ ਉਨ੍ਹਾਂ ਇਹ ਪੈਸਾ 25 ਮਈ (ਇਸੇ ਦਿਨ ਟ੍ਰਿਬਿਊਨ ਨੇ ਰੇਤ ਖੱਡਾਂ ਦੀ ਨਿਲਾਮੀ 'ਚ ਘੁਟਾਲੇ ਸਬੰਧੀ ਖ਼ਬਰ ਪ੍ਰਕਾਸ਼ਿਤ ਕੀਤੀ ਸੀ) ਨੂੰ ਗੁਰਿੰਦਰ ਸਿੰਘ ਨੂੰ ਮੋੜ ਦਿੱਤਾ ਸੀ।

### ਖੱਡਾਂ ਦੀ ਬੋਲੀ ਦਾ ਘੁਟਾਲਾ

25 ਮਈ ਨੂੰ ਅਖ਼ਬਾਰਾਂ 'ਚ ਮਾਮਲਾ ਉਭਰਿਆ ਸੀ ਕਿ ਕਿਵੇਂ ਕੁੱਕ ਅਮਿਤ ਬਹਾਦਰ ਸਮੇਤ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਚਾਰ ਮੁਲਾਜ਼ਮਾਂ ਨੇ ਸ਼ਹੀਦ ਭਗਤ ਸਿੰਘ ਨਗਰ 'ਚ ਪਿੰਡ ਸੈਦਪੁਰ ਖੁਰਦ ਦੀ ਰੇਤ ਖੱਡ 26.51 ਕਰੋੜ, ਡਿਪਟੀ ਜਨਰਲ ਮੈਨੇਜਰ ਕੁਲਵਿੰਦਰਪਾਲ ਸਿੰਘ ਨੇ ਮਹਿਦੀਪੁਰ ਖੱਡ 9.21 ਕਰੋੜ, ਗੁਰਿੰਦਰ ਸਿੰਘ ਨੇ ਮੁਹਾਲੀ ਜ਼ਿਲ੍ਹੇ ਦੇ ਪਿੰਡ ਰਾਮਪੁਰ ਕਲਾਂ 'ਚ 4.11 ਕਰੋੜ ਅਤੇ ਬਲਰਾਜ ਸਿੰਘ ਨੇ ਨਵਾਂਸ਼ਹਿਰ ਦੇ ਪਿੰਡ ਬੈਰਸਾਲ 'ਚ 10.58 ਕਰੋੜ ਰੁਪਏ ਦੇ ਮਾਈਨਿੰਗ ਠੇਕੇ ਲਏ ਸਨ। ਉਂਜ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਇਹ ਉਸ ਦੇ ਸਾਬਕਾ ਮੁਲਾਜ਼ਮ ਸਨ ਅਤੇ ਖੱਡਾਂ ਦੀ ਨਿਲਾਮੀ ਤੋਂ ਪਹਿਲਾਂ ਉਨ੍ਹਾਂ ਨੌਕਰੀ ਛੱਡ ਦਿੱਤੀ ਸੀ। ਰਿਪੋਰਟਾਂ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਸਟਿਸ ਜੇ ਐਸ ਨਾਰੰਗ ਦੀ ਅਗਵਾਈ ਹੇਠ ਇਕ ਮੈਂਬਰੀ ਜੁਡੀਸ਼ਲ ਕਮਿਸ਼ਨ ਬਣਾਇਆ ਸੀ। ਉਂਜ ਕਮਿਸ਼ਨ ਨੇ ਸਾਰੇ ਅਹਿਮ ਸਬੂਤਾਂ ਦੀ ਅਣਦੇਖੀ ਕਰਦਿਆਂ ਮੰਤਰੀ ਨੂੰ ਕਲੀਨ ਚਿੱਟ ਦੇ ਦਿੱਤੀ ਸੀ।





### ਸਿੰਚਾਈ ਮੰਤਰੀ ਰਾਣਾ ਨੂੰ ਬਰਖ਼ਾਸਤ ਕੀਤਾ ਜਾਵੇ-ਖਹਿਰਾ

ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਜਾਰੀ ਕੀਤੇ ਗਏ ਬਿਆਨ 'ਚ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਉਹ ਰਾਣਾ ਗੁਰਜੀਤ ਸਿੰਘ ਨੂੰ ਮੰਤਰੀ ਮੰਡਲ 'ਚੋਂ ਤੁਰੰਤ ਬਰਖ਼ਾਸਤ ਕਰਕੇ ਸੀਬੀਆਈ ਜਾਂਚ ਦੇ ਹੁਕਮ ਦੇਣ ਤਾਂ ਜੋ ਖੱਡਾਂ ਦੀ ਬੋਲੀ 'ਚ ਕਾਲੇ ਧਨ ਦੀ ਜਾਂਚ ਹੋ ਸਕੇ। ਸ੍ਰੀ ਖਹਿਰਾ ਨੇ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਗੁਰਿੰਦਰ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਵਿਚਕਾਰ ਗੰਢ-ਤੁੱਪ ਤੋਂ ਇਨਕਾਰ ਕਰਨ। ਉਨ੍ਹਾਂ ਕਿਹਾ ਕਿ ਜੇਕਰ ਉਹ ਅਜਿਹਾ ਨਹੀਂ ਕਰਦੇ ਹਨ ਤਾਂ ਫਿਰ ਮੰਤਰੀ ਨੂੰ ਕੈਬਨਿਟ 'ਚੋਂ ਤੁਰੰਤ ਹਟਾਇਆ ਜਾਵੇ।

## ਕਪਤਾਨ ਅਮਰਿੰਦਰ ਸਿੰਘ ਦੇ ਸਾਬਕਾ ਫੌਜੀਆਂ ਨੂੰ ਗੱਫ਼ੇ

**ਬਠਿੰਡਾ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ 'ਕਪਤਾਨੀ ਮੋਹ' ਫੰਡਾਂ ਦੇ ਗੱਫ਼ੇ ਨੂੰ ਜੱਫਾ ਮਾਰਨ ਲੱਗਾ ਹੈ। 'ਫੌਜੀ ਪ੍ਰੇਮ' ਦਾ ਕ੍ਰਿਸ਼ਮਾ ਹੈ ਕਿ ਮੁੱਖ ਮੰਤਰੀ ਮੁੜ ਘਿੜ ਫੰਡਾਂ ਦੀ ਸ਼ੀਰਨੀ ਫੌਜੀਆਂ ਨੂੰ ਵੰਡ ਰਹੇ ਹਨ। ਖ਼ਜ਼ਾਨੇ ਦਾ ਸੰਕਟ ਕਿਸੇ ਤੋਂ ਭੁੱਲਿਆ ਨਹੀਂ। ਇਵੇਂ ਅਮਰਿੰਦਰ ਸਿੰਘ ਨੇ ਵੀ ਫੰਡਾਂ ਦੀ ਵੰਡ ਸੈਨਿਕਾਂ ਤੋਂ ਸ਼ੁਰੂ ਕੀਤੀ ਹੈ। ਮੁੱਖ ਮੰਤਰੀ ਨੇ ਆਪਣੇ ਅਖ਼ਤਿਆਰੀ ਕੋਟੇ ਦੇ ਸਾਲ 2017-18 ਦੇ ਫੰਡ ਹੁਣ ਵੰਡਣੇ ਸ਼ੁਰੂ ਕੀਤੇ ਹਨ। ਪੰਜ ਵਜ਼ੀਰਾਂ ਨੇ ਤਾਂ ਇਨ੍ਹਾਂ ਫੰਡਾਂ ਵਾਲੇ ਬੋਝੇ ਦਾ ਹਾਲੇ ਤਕ ਮੂੰਹ ਵੀ ਨਹੀਂ ਖੋਲ੍ਹਿਆ ਹੈ। ਇਹ ਕਪਤਾਨੀ ਪ੍ਰੇਮ ਦਾ ਹੀ ਜਲਵਾ ਹੈ ਕਿ ਚੰਡੀਗੜ੍ਹ 'ਚ ਮਿਲਟਰੀ ਸਾਹਿਤ ਫੈਸਟੀਵਲ ਹੋਇਆ। ਏਦਾਂ ਹੀ ਮੁੱਖ ਮੰਤਰੀ ਨੇ ਸਾਬਕਾ ਸੈਨਿਕਾਂ ਦੇ ਕਈ ਸਮਾਗਮਾਂ 'ਚ ਸ਼ਮੂਲੀਅਤ ਕੀਤੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਆਰਟੀਆਈ ਰਾਹੀਂ ਪ੍ਰਾਪਤ ਵੇਰਵਿਆਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਖ਼ਤਿਆਰੀ ਕੋਟੇ ਦੇ ਫੰਡਾਂ 'ਚੋਂ 1.33 ਕਰੋੜ ਦੇ ਫੰਡਾਂ ਦੀ ਵੰਡ ਕੀਤੀ ਹੈ, ਜਿਸ 'ਚੋਂ 83 ਲੱਖ ਰੁਪਏ ਤਾਂ ਪੰਜਾਬ 'ਚੋਂ ਬਾਹਰ ਵੰਡੇ ਗਏ ਹਨ। ਤੱਥਾਂ ਅਨੁਸਾਰ 'ਫੌਜੀ ਪ੍ਰੇਮ' ਤਹਿਤ ਮੁੱਖ ਮੰਤਰੀ ਨੇ 74 ਲੱਖ ਰੁਪਏ ਵੰਡੇ ਹਨ। ਮੁੱਖ ਮੰਤਰੀ ਨੇ ਅਖ਼ਤਿਆਰੀ ਫੰਡਾਂ 'ਚੋਂ 23 ਲੱਖ ਰੁਪਏ ਲੱਦਾਖ (ਜੰਮੂ ਕਸ਼ਮੀਰ) ਵਿਚਲੀ ਸਿੱਖ ਰੈਜੀਮੈਂਟ ਦੀ 23ਵੀਂ ਬਟਾਲੀਅਨ ਨੂੰ ਦਿੱਤੇ ਹਨ। ਇਸੇ ਤਰ੍ਹਾਂ ਬੀ.ਐਸ.ਐਫ. ਨੂੰ ਗੁਰਦਾਸਪੁਰ ਸਟੇਸ਼ਨ ਹੈਡਕੁਆਰਟਰ 'ਤੇ ਅਨੈਕਸੀ ਦੀ ਉਸਾਰੀ ਲਈ 40 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਹਨ।



ਮੁੱਖ ਮੰਤਰੀ ਨੇ ਸਿੱਖ ਰੈਜੀਮੈਂਟ ਦੀ ਤੀਸਰੀ ਬਟਾਲੀਅਨ, ਟਿੱਬਰੀ ਕੈਂਟ ਗੁਰਦਾਸਪੁਰ ਨੂੰ 11 ਲੱਖ ਰੁਪਏ ਜਾਰੀ ਕੀਤੇ ਹਨ। ਇਸੇ ਤਰਜ਼ 'ਤੇ ਪੰਚਾਇਤ ਮੰਤਰੀ ਨੇ ਵੀ ਤਿੰਨ ਲੱਖ ਦੇ ਫੰਡ ਚੰਡੀਗੜ੍ਹ 'ਚ ਰਾਜਪੂਤ ਸੈਨਿਕਾਂ ਦੀ ਭਲਾਈ ਲਈ ਰਾਜਪੂਤ ਰੈਜੀਮੈਂਟ ਐਸੋਸੀਏਸ਼ਨ ਨੂੰ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਪੰਜਾਬ ਦੇ ਸਿਰਫ਼ ਦੋ ਜ਼ਿਲ੍ਹਿਆਂ ਫਤਹਿਗੜ੍ਹ ਸਾਹਿਬ ਦੇ ਪਿੰਡ ਅੰਨੀਆਂ ਨੂੰ ਚਾਰ ਲੱਖ ਅਤੇ ਗੁਰਦਾਸਪੁਰ 'ਚ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਮੌਕੇ ਪੇਸ਼ਕਾਰੀ ਦੇਣ ਵਾਲੇ ਬੱਚਿਆਂ ਨੂੰ ਪੰਜ ਲੱਖ ਰੁਪਏ ਦਿੱਤੇ ਹਨ। ਵਜ਼ੀਰਾਂ 'ਚੋਂ ਪੰਚਾਇਤ ਮੰਤਰੀ ਦੀ ਇਸ ਮਾਮਲੇ 'ਚ ਝੰਡੀ ਹੈ ਜਿਨ੍ਹਾਂ ਨੇ ਅਖ਼ਤਿਆਰੀ ਕੋਟੇ 'ਚੋਂ 1.35 ਕਰੋੜ ਦੇ ਫੰਡ ਜਾਰੀ ਕਰ ਦਿੱਤੇ ਹਨ। ਉਨ੍ਹਾਂ ਨੇ ਜ਼ਿਆਦਾ ਫੰਡ ਆਪਣੇ ਹਲਕੇ ਦੇ ਪਿੰਡਾਂ ਨੂੰ ਦਿੱਤੇ ਹਨ ।
ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਆਪਣੇ ਹਲਕੇ ਬਠਿੰਡਾ (ਸ਼ਹਿਰੀ) ਤੋਂ ਬਾਹਰ ਜ਼ਿਆਦਾ ਫੰਡ ਵੰਡੇ ਹਨ। ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਪਟਿਆਲਾ ਸ਼ਹਿਰ ਵਿਚ 13.51 ਲੱਖ ਦੀ ਗਰਾਂਟ ਜਾਰੀ ਕੀਤੀ ਹੈ।
ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ 14 ਗਰਾਂਟਾਂ ਵੰਡੀਆਂ ਹਨ ਅਤੇ ਉਨ੍ਹਾਂ ਨੇ ਚੰਡੀਗੜ੍ਹ ਦੇ ਅਰੁਨਾ ਆਸਿਫ ਅਲੀ ਮੈਮੋਰੀਅਲ ਟਰੱਸਟ ਨੂੰ ਵੀ 3 ਲੱਖ ਦੇ ਫੰਡ ਦਿੱਤੇ ਹਨ। ਦੱਸਣਯੋਗ ਹੈ ਕਿ ਗੱਠਜੋੜ ਸਰਕਾਰ ਸਮੇਂ ਹੱਥੋਂ ਹੱਥੀ ਅਖ਼ਤਿਆਰੀ ਕੋਟੇ ਦੇ ਫੰਡ ਵੰਡੇ ਜਾਂਦੇ ਸਨ। ਵਿੱਤੀ ਸਥਿਤੀ ਠੀਕ ਨਾ ਹੋਣ ਕਰਕੇ ਕਾਫ਼ੀ ਸਮਾਂ ਬੀਤਣ ਮਗਰੋਂ ਅਖ਼ਤਿਆਰੀ ਕੋਟੇ ਦੇ ਫੰਡ ਵੰਡਣ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ 'ਚੋਂ 'ਫੌਜੀ ਪ੍ਰੇਮ' ਦਾ ਝਲਕਾਰਾ ਪੈਂਦਾ ਹੈ।

# ਸੁਖਪਾਲ ਖਹਿਰਾ ਨੇ ਕੈਪਟਨ ਨੂੰ ਘੇਰਨ ਲਈ ਫਿਰ ਉਭਾਰਿਆ ਅਰੂਸਾ ਦਾ ਮਾਮਲਾ

**ਜਲੰਧਰ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਕੈਪਟਨ ਅਮਰਿੰਦਰ ਸਿੰਘ ਅਤੇ ਅਰੂਸਾ ਆਲਮ ਦੀ ਪਾਰਟੀ ਦੀ ਵੀਡੀਓ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਾਕਿਸਤਾਨ ਕੁਲਭੂਸ਼ਨ ਜਾਧਵ ਦੇ ਪਰਿਵਾਰ ਨਾਲ ਬਦਸਲੂਕੀ ਕਰ ਰਿਹਾ ਹੈ, ਉੱਥੇ ਕੈਪਟਨ ਨੇ ਗੁਆਂਢੀ ਮੁਲਕ ਦੀ ਡਿਫੈਂਸ ਐਨਾਲਿਸਟ ਨੂੰ ਸਰਕਾਰੀ ਰਿਹਾਇਸ਼ 'ਤੇ ਰੱਖਿਆ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਵੀਡੀਓ ਕਾਂਗਰਸ ਦੇ ਹੀ ਇੱਕ ਸੀਨੀਅਰ ਆਗੂ ਦੇ ਘਰ ਦੀ ਹੈ। ਸ੍ਰੀ ਖਹਿਰਾ ਨੇ ਇਸ ਸਬੰਧੀ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਪੱਤਰ ਭੇਜ ਕੇ ਕੈਪਟਨ ਨੂੰ ਅਹੁਦੇ ਤੋਂ ਲਾਂਭੇ ਕਰਨ ਦੀ ਅਪੀਲ ਕੀਤੀ ਹੈ।
ਵੀਰਵਾਰ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਖਹਿਰਾ ਨੇ ਕਿਹਾ ਕਿ ਜਿੱਥੇ ਪਾਕਿਸਤਾਨ ਨਾਲ ਸਰਹੱਦੀ ਝਗੜੇ ਕਾਰਨ ਰੋਜ਼ਾਨਾ ਭਾਰਤੀ ਜਵਾਨ ਸ਼ਹੀਦ ਹੋ ਰਹੇ ਹਨ, ਉੱਥੇ ਕੈਪਟਨ ਨੇ ਪਾਕਿਸਤਾਨੀ ਡਿਫੈਂਸ ਐਨਾਲਿਸਟ ਨੂੰ ਚੰਡੀਗੜ੍ਹ ਵਿੱਚ ਸਰਕਾਰੀ ਰਿਹਾਇਸ਼ ਮਕਾਨ ਨੰਬਰ 44 (ਸੈਕਟਰ ਦੋ) ਵਿੱਚ ਰੱਖਿਆ ਹੋਇਆ ਹੈ। ਉਨ੍ਹਾਂ ਨੇ ਇਸ ਸਬੰਧ ਵਿੱਚ ਕਈ ਗੰਭੀਰ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪਹਿਲਾਂ ਕੈਪਟਨ ਨੇ ਸ਼ਹੀਦੀ ਦਿਹਾੜੇ 'ਤੇ ਮੱਥਾ ਟੇਕ ਕੇ ਸੰਗਤ 'ਤੇ ਚੰਗਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਬਾਅਦ ਵਿੱਚ ਉਸੇ ਦਿਨ ਸ਼ਾਮ ਨੂੰ ਉਹ ਅਨੈਤਿਕ ਪਾਰਟੀ ਕਰ ਰਹੇ ਹਨ। ਰਾਹੁਲ ਗਾਂਧੀ ਨੂੰ ਭੇਜੇ ਪੱਤਰ ਵਿੱਚ ਸ੍ਰੀ ਖਹਿਰਾ ਨੇ ਕਿਹਾ ਕਿ ਸੋਨੀਆ ਗਾਂਧੀ ਵੱਲੋਂ ਕੁਝ ਸਾਲ ਪਹਿਲਾਂ ਆਪਣੀ ਪਾਰਟੀ ਦੇ ਮੁੱਖ ਮੰਤਰੀਆਂ ਲਈ ਕੁਝ ਨਿਯਮ ਤੈਅ ਕੀਤੇ ਗਏ ਸਨ, ਜਿਸ ਵਿੱਚ ਸ਼ਰਾਬ ਪੀਣ ਦੀ ਵੀ ਮਨਾਹੀ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਅਹੁਦੇ 'ਤੇ ਰਹਿੰਦਿਆਂ ਅਨੈਤਿਕਤਾ ਦਿਖਾ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਤੁਰੰਤ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ।



### ਮਨਪ੍ਰੀਤ ਬਾਦਲ ਨੂੰ ਵੀ ਝੂਠਾ ਕਿਹਾ

ਸਰਕਾਰੀ ਥਰਮਲ ਪਲਾਂਟ ਬੰਦ ਕਰਨ ਦੇ ਮਾਮਲੇ 'ਤੇ ਆਮ ਆਦਮੀ ਪਾਰਟੀ ਵੱਲੋਂ 30 ਦਸੰਬਰ ਨੂੰ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਹੈ। ਇਹ ਧਰਨਾ ਬਠਿੰਡਾ ਥਰਮਲ ਪਲਾਂਟ ਵਿੱਚ ਦਿੱਤਾ ਜਾਵੇਗਾ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਝੂਠੇ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਥਰਮਲ ਪਲਾਂਟਾਂ ਤੋਂ ਬਿਜਲੀ ਦੀ ਪੈਦਾਵਾਰ ਓਨੀ ਮਹਿੰਗੀ ਨਹੀਂ ਪੈਂਦੀ, ਜਿੰਨੀ ਮਨਪ੍ਰੀਤ ਬਾਦਲ ਵੱਲੋਂ ਦੱਸੀ ਜਾ ਰਹੀ ਹੈ।

### 'ਸਰਕਾਰ ਮਿਉਂਸਪਲ ਚੋਣਾਂ 'ਚ 'ਆਪ' ਨਾਲ ਕੀਤਾ ਧੱਕਾ'

ਹੁਸ਼ਿਆਰਪੁਰ : ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਵਿੱਚ 'ਆਪ' ਸੂਬੇ ਦੀ ਹੁਕਮਰਾਨ ਪਾਰਟੀ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਇਹ ਰਵਾਇਤ ਬਣ ਗਈ ਹੈ ਕਿ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ ਸਮੇਂ ਦੀ ਸਰਕਾਰ ਕਿਸੇ ਵਿਰੋਧੀ ਪਾਰਟੀ ਨੂੰ ਜਿੱਤਣ ਨਹੀਂ ਦਿੰਦੀ। 'ਆਪ' ਤਾਂ ਨਵੀਂ ਪਾਰਟੀ ਹੈ, ਪਰ ਬੀਤੇ ਦਿਨੀਂ ਹੋਈਆਂ ਚੋਣਾਂ ਵਿੱਚ ਭਾਜਪਾ ਨੂੰ ਵੀ ਕੋਈ ਸਫ਼ਲਤਾ ਨਹੀਂ ਮਿਲੀ। ਉਨ੍ਹਾਂ ਦੋਸ਼ ਲਾਇਆ ਕਿ ਚੋਣਾਂ 'ਚ ਸਰਕਾਰੀ ਮਸ਼ੀਨਰੀ ਦਾ ਦੁਰਉਪਯੋਗ ਹੋਇਆ ਹੈ। ਉਨ੍ਹਾਂ ਕਿਹਾ ਕਿ ਫਿਰ ਵੀ ਅੰਦਰੂਨੀ ਖ਼ਾਮੀਆਂ ਦੀ ਪੜਚੋਲ ਕਰਕੇ ਪਾਰਟੀ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇਗੀ।

# ਵਿਰੋਧੀ ਧਿਰ ਨੇ ਖਣਨ ਮਾਮਲੇ ਦੀ ਜਾਂਚ 'ਚ ਇੱਕਪਾਸੜ ਪਹੁੰਚ ਬਦਲੇ ਜਸਟਿਸ ਨਾਰੰਗ ਨੂੰ ਆੜੇ ਹੱਥੀਂ ਲਿਆ

**ਚੰਡੀਗੜ੍ਹ/ਬਿਊਰੋ ਨਿਊਜ਼,** ਖਣਨ ਮਾਮਲੇ ਵਿੱਚ ਨਵੇਂ ਸਬੂਤ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਧਿਰ ਨੇ ਸਿੰਜਾਈ ਅਤੇ ਊਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਨਵੇਂ ਸਿਰਿਓਂ ਜਾਂਚ ਕਰਾਉਣ ਦੀ ਮੰਗ ਕਰਦਿਆਂ ਜਸਟਿਸ ਜੇ ਐਸ ਨਾਰੰਗ ਦੀ ਆਲੋਚਨਾ ਕੀਤੀ।
ਵਿਰੋਧੀ ਧਿਰ ਦੇ ਨੇਤਾ ਸੁਖਪਾਲ ਖਹਿਰਾ ਨੇ ਜਸਟਿਸ ਨਾਰੰਗ ਨੂੰ ਲਿਖੇ ਖੁੱਲ੍ਹੇ ਖ਼ਤ ਵਿੱਚ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਸਪਸ਼ਟ ਸਬੂਤਾਂ ਦੀ ਅਣਦੇਖੀ ਕੀਤੀ ਗਈ, ਜਿਸ ਤੋਂ ਪਤਾ ਚੱਲਦਾ ਹੈ ਕਿ ਨਾਰੰਗ ਕਮਿਸ਼ਨ ਦੀ ਜਾਂਚ ਨਾ ਸਿਰਫ ਗਲਤ ਸੀ ਸਗੋਂ ਇਹ ਪੂਰੀ ਤਰ੍ਹਾਂ ਧੋਖਾਧੜੀ ਅਤੇ ਧੋਖੇਬਾਜ਼ੀ 'ਤੇ ਅਧਾਰਤ ਸੀ। ਉਨ੍ਹਾਂ ਕਿਹਾ ਕਿ ਕਾਰਪੋਰੇਟ ਮਾਮਲਿਆਂ ਦਾ ਰਿਕਾਰਡ ਅੱਜ ਵੀ ਇਹੀ ਦਰਸ਼ਾਉਂਦਾ ਹੈ ਕਿ ਅਮਿਤ ਬਹਾਦੁਰ ਕੰਪਨੀ ਵਿੱਚ ਡਾਇਰੈਕਟਰ ਹੈ ਜੋ ਮੰਤਰੀ ਦੇ ਦਫ਼ਤਰ 'ਤੇ ਰਜਿਸਟਡਰ ਹੋਈ ਸੀ। ਉਹ ਕਥਿਤ ਦਾਗ਼ੀ ਮੰਤਰੀ ਰਾਣਾ ਗੁਰਜੀਤ ਸਿੰਘ ਦਾ ਮੋਹਰੀ ਸੀ, ਪਰ ਨਾਰੰਗ ਕਮਿਸ਼ਨ ਨੇ ਇਸ ਸੱਚਾਈ ਨੂੰ ਨਜ਼ਰਅੰਦਾਜ਼ ਕੀਤਾ।
ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸ੍ਰੀ ਨਾਰੰਗ ਨੇ ਜਾਣਬੁੱਝ ਕੇ ਇਸ ਤੱਥ ਨੂੰ ਨਜ਼ਰਅੰਦਾਜ਼ ਕੀਤਾ , ਜਿਸ ਵਿੱਚ ਗੁਰਿੰਦਰ ਸਿੰਘ ਵੱਲੋਂ 5 ਕਰੋੜ ਰੁਪਏ ਸਾਹਿਲ ਸਿੰਗਲਾ ਦੇ ਭਤੀਜੇ ਦੇ ਖਾਤੇ ਵਿੱਚ ਟਰਾਂਸਫਰ ਕੀਤੇ ਗਏ ਸੀ, ਜਿਸ ਨੇ ਬਦਲੇ ਵਿੱਚ ਇਹ ਰਾਸ਼ੀ ਮੈਸਰਜ਼ ਰਾਜਬੀਰ ਐਂਟਰਪ੍ਰਾਈਜ਼ਿਜ਼ ਦੇ ਖਾਤੇ ਵਿੱਚ ਬੋਲੀ ਲਈ ਤਬਦੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਸ੍ਰੀ ਨਾਰੰਗ ਨੇ ਕਦੇ ਵੀ ਜਤਿਨ ਗਰਗ ਤੋਂ ਇਸ ਬਾਰੇ ਪੁੱਛਗਿੱਛ ਨਹੀਂ ਕੀਤੀ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਜਸਟਿਸ ਨਾਰੰਗ ਨੇ ਜੇ ਸਹੀ ਤਰੀਕੇ ਨਾਲ ਮਾਮਲੇ ਦੀ ਜਾਂਚ ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ਦਾਗ਼ੀ ਕੰਟਰੈਕਟਰ ਗੁਰਿੰਦਰ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਵਿਚਾਲੇ ਸਬੰਧ ਜ਼ਰੂਰ ਮਿਲ ਜਾਂਦਾ। ਇਸ ਤੋਂ ਇਲਾਵਾ ਉਨ੍ਹਾਂ ਇਹ ਤੱਥ ਵੀ ਨਜ਼ਰਅੰਦਾਜ ਕੀਤੇ ਕਿ ਮੰਤਰੀ ਦੇ ਮੁਲਾਜ਼ਮਾਂ ਨੂੰ ਦੋ ਤੋਂ ਵਧ ਖੱਡਾਂ ਅਲਾਟ ਕੀਤੀਆਂ ਗਈਆਂ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਨਾਰੰਗ ਪੰਜਾਬ ਦੇ ਲੋਕਾਂ ਤੋਂ ਨਕਲੀ ਅਤੇ ਕਲੀਨ ਚਿੱਟ ਦੇਣ ਵਾਲੀ ਜਾਂਚ ਲਈ ਮੁਆਫੀ ਮੰਗਣ ਅਤੇ ਲੋਕਾਂ ਦੇ ਪੈਸੇ ਨੂੰ ਮੁੜ ਜਮ੍ਹਾਂ ਕਰਾਉਣ ਜਿਸ ਦੀ ਉਨ੍ਹਾਂ ਨੇ ਦੁਰਵਰਤੋਂ ਕੀਤੀ ਹੈ। ਇਕ ਵੱਖਰੇ ਬਿਆਨ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਮੰਗ ਕੀਤੀ ਕਿ ਖੱਡਾਂ ਦੀ ਨਿਲਾਮੀ ਲਈ ਦਿੱਤੇ ਪੰਜ ਕਰੋੜ ਰੁਪਏ ਦਾ ਰਾਣਾ ਗੁਰਜੀਤ ਸਿੰਘ ਨਾਲ ਸਬੰਧਤ ਹੋਣ ਦਾ ਖੁਲਾਸਾ ਹੋਣ ਤੋਂ ਬਾਅਦ ਇਸ ਮਾਮਲੇ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਨਵੇਂ ਸਿਰਿਓਂ ਜਾਂਚ ਕਰਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਦੇ ਹੁਕਮ ਦੇਣ ਅਤੇ ਪੰਜਾਬ ਹਰਿਆਣਾ ਹਾਈ ਕੋਰਟ ਇਸ ਦੀ ਨਿਗਰਾਨੀ ਕਰੇ ਅਤੇ ਉਦੋਂ ਤਕ ਰਾਣਾ ਗੁਰਜੀਤ ਸਿੰਘ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ।

# ਅਕਾਲੀਆਂ ਵਿਰੁਧ ਕੇਸ ਦਰਜ ਕਰਨ ਵਾਲੇ ਅਫ਼ਸਰਾਂ ਨੂੰ ਸੁਖਬੀਰ ਬਾਦਲ ਦਾ ਲਲਕਾਰਾ

## 'ਆਪ' ਨੇ ਰਾਜ ਸਭਾ ਸੰਜੇ ਸਿੰਘ, ਨਵੀਨ ਗੁਪਤਾ ਤੇ ਸੁਸ਼ੀਲ ਗੁਪਤਾ ਨੂੰ ਉਮੀਦਵਾਰਾਂ ਬਣਾਇਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਦਿੱਲੀ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਰਾਜ ਸਭਾ ਲਈ ਆਪਣੀਆਂ ਤਿੰਨ ਸੀਟਾਂ ਪੱਕੀਆਂ ਕਰ ਲਈਆਂ ਹਨ। ਪੀ.ਐਸ.ਸੀ. ਦੀ ਬੈਠਕ 'ਚ ਸੰਜੇ ਸਿੰਘ, ਨਵੀਨ ਗੁਪਤਾ ਤੇ ਸੁਸ਼ੀਲ ਗੁਪਤਾ ਨੂੰ ਉਮੀਦਵਾਰ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਪੀ.ਐਸ.ਸੀ. ਦੀ ਬੈਠਕ ਹੋਈ, ਜਿਸ ਵਿਚ ਰਾਜ ਸਭਾ ਭੇਜੇ ਜਾਣ ਵਾਲੇ ਨਾਵਾਂ 'ਤੇ ਅੰਤਮ ਮੋਹਰ ਲਗਾਈ। ਸੀਨੀਅਰ ਕੁਮਾਰ ਵਿਸ਼ਵਾਸ਼, ਜਿਹੜਾ ਟਿਕਟ ਦਾ ਵੱਡਾ ਦਾਅਵੇਦਾਰ ਸੀ, ਨੂੰ ਅਣਗੌਲਿਆ ਕਰਨ ਨਾਲ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਵੱਧਣ ਦੀ ਪ੍ਰਵਾਹ ਨਾ ਕਰਦਿਆਂ ਕੇਜਰੀਵਾਲ ਨੇ ਅਸਿੱਧੀਆਂ ਧਮਕੀਆਂ ਦੇਣ ਵਾਲਿਆਂ ਨੂੰ ਸਪੱਸ਼ਟ ਰਾਹ ਵਿਖਾ ਦਿੱਤਾ ਹੈ।

## ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਅਜੇ ਤੱਕ ਭੰਬਲਭੂਸੇ 'ਚ ਹੈ ਕੈਪਟਨ ਸਰਕਾਰ

**ਚੰਡੀਗੜ੍ਹ/ ਬਿਊਰੋ ਨਿਊਜ਼:** ਪੰਜਾਬ ਵਿੱਚ ਕਰਜ਼ੇ ਦੇ ਬੋਝ ਕਾਰਨ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਦੀ ਕਰਜ਼ਾ ਮੁਆਫ਼ੀ ਦਾ ਮਾਮਲਾ ਭੰਬਲਭੂਸੇ ਵਿੱਚ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 7 ਜਨਵਰੀ ਨੂੰ ਪੰਜ ਜ਼ਿਲ੍ਹਿਆਂ ਦੇ ਢਾਈ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦਾ ਸਹਿਕਾਰੀ ਫਸਲੀ ਕਰਜ਼ਾ ਮੁਆਫ਼ ਕਰਨ ਦੇ ਸਮਾਗਮ ਵਿੱਚ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਆਉਣ ਜਾਂ ਨਾ ਆਉਣ ਬਾਰੇ ਫਿਲਹਾਲ ਕੋਈ ਵੀ ਅਧਿਕਾਰੀ ਸਪੱਸ਼ਟ ਨਹੀਂ ਕਰ ਸਕਿਆ ਹੈ। ਸੂਤਰਾਂ ਅਨੁਸਾਰ ਇਸ ਸਮਾਗਮ ਦੌਰਾਨ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਅਪਰੈਲ 2016 ਤੋਂ ਮਾਰਚ 2017 ਤੱਕ ਦੇ ਸਹਿਕਾਰੀ ਫਸਲੀ ਕਰਜ਼ੇ ਦੀ ਮੁਆਫ਼ੀ ਬਾਰੇ ਚਰਚਾ ਤਾਂ ਹੋ ਰਹੀ ਹੈ ਪਰ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ ਹੈ। ਸਰਕਾਰ ਇਸ ਬਾਰੇ ਵੀ ਫੈਸਲਾ ਨਹੀਂ ਕਰ ਸਕੀ ਕਿ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਕਰਜ਼ਾ ਜੇਕਰ ਮੁਆਫ਼ ਕਰਨਾ ਹੈ ਤਾਂ ਇਹ ਕਿਸ ਸਾਲ ਤੋਂ ਮੁਆਫ਼ ਕੀਤਾ ਜਾਵੇ। ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ 7 ਜਨਵਰੀ ਨੂੰ ਵੀ ਕੁਝ ਨਾ ਕੁਝ ਹੋਵੇਗਾ ਤਾਂ ਸਹੀ, ਪਰ ਅਜੇ ਕੋਈ ਸਪੱਸ਼ਟ ਫੈਸਲਾ ਨਹੀਂ ਹੈ। ਕਰਜ਼ਾ ਮੁਆਫ਼ੀ ਯੋਜਨਾ ਨਾਲ ਜੁੜੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ ਪੰਜ ਜ਼ਿਲ੍ਹਿਆਂ ਮਾਨਸਾ, ਬਠਿੰਡਾ, ਮੋਗਾ, ਮੁਕਤਸਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਦੇ ਪੁਸ਼ਟੀ ਹੋ ਚੁੱਕੇ ਲਗਭਗ 47 ਹਜ਼ਾਰ ਕਿਸਾਨ ਢਾਈ ਏਕੜ ਤੋਂ ਘੱਟ ਵਾਲੇ ਸਹਿਕਾਰੀ ਫਸਲਾ ਕਰਜ਼ਾ ਮੁਆਫ਼ੀ ਦੇ ਦਾਇਰੇ ਵਿੱਚ ਆਉਂਦੇ ਹਨ।

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼:** ਸਾਬਕਾ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੁਲੀਸ ਵੱਲੋਂ ਗਿੱਦੜਬਾਹਾ ਦੇ ਹਲਕਾ ਇੰਚਾਰਜ ਡਿੰਪੀ ਢਿੱਲੋਂ ਖ਼ਿਲਾਫ਼ ਕੇਸ ਦਰਜ ਕਰਨ ਅਤੇ ਗ੍ਰਿਫ਼ਤਾਰੀ ਲਈ ਛਾਪਾ ਮਾਰਨ 'ਤੇ ਨਾਰਾਜ਼ਗੀ ਜਤਾਉਂਦਿਆਂ ਦਬਕਾ ਮਾਰਿਆ ਹੈ ਕਿ ਅਕਾਲੀ ਵਰਕਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰਨ ਵਾਲੇ ਪੁਲੀਸ ਅਫ਼ਸਰਾਂ ਨਾਲ ਅਕਾਲੀ ਸਰਕਾਰ ਆਉਣ 'ਤੇ ਹਿਸਾਬ ਕੀਤਾ ਜਾਵੇਗਾ। ਉਹ ਮੇਲਾ ਮਾਘੀ ਕਾਨਫ਼ਰੰਸ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਇੱਥੇ ਭਾਈ ਮਹਾਂ ਸਿੰਘ ਹਾਲ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਅਧਿਕਾਰੀ, ਕਾਂਗਰਸੀ ਆਗੂਆਂ ਦੀ ਸ਼ਹਿ 'ਤੇ ਅਕਾਲੀ ਵਰਕਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਦਬਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅਕਾਲੀਆਂ ਨਾਲ ਧੱਕੇਸ਼ਾਹੀ ਕਰਨ ਵਾਲੇ ਅਫ਼ਸਰਾਂ ਨੂੰ ਸਰਕਾਰ ਆਉਣ 'ਤੇ ਇੱਕ ਮਹੀਨੇ ਦੇ ਅੰਦਰ-ਅੰਦਰ ਘਰਾਂ ਨੂੰ ਤੋਰ ਦਿੱਤਾ ਜਾਵੇਗਾ। ਇਸ ਕੰਮ ਲਈ ਅਕਾਲੀ ਦਲ ਹੁਣ ਤੋਂ ਹੀ ਹਰ ਪਿੰਡ ਵਿੱਚੋਂ ਦਸ ਵਰਕਰ ਲੈ ਕੇ ਟੀਮਾਂ ਤਿਆਰ ਕਰ ਰਿਹਾ ਹੈ, ਜੋ ਪਾਰਟੀ ਵਰਕਰਾਂ ਨਾਲ ਧੱਕੇਸ਼ਾਹੀਆਂ ਖ਼ਿਲਾਫ਼ ਕੰਮ ਕਰੇਗੀ। ਹਰ ਪਿੰਡ ਵਿੱਚੋਂ 10 ਅਕਾਲੀ ਵਰਕਰਾਂ ਨੂੰ ਗੁਰਦੁਆਰੇ ਲਿਜਾ ਕੇ ਸਹੁੰ ਖੁਆਈ ਜਾਵੇਗੀ ਕਿ ਉਹ ਪਾਰਟੀ ਦਾ ਸਾਥ ਨਾ ਛੱਡਣ।

ਸ੍ਰੀ ਬਾਦਲ ਨੇ ਕਾਂਗਰਸ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਕੈਪਟਨ ਨੇ ਠੱਗੀ ਮਾਰ ਕੇ ਸਰਕਾਰ ਬਣਾ ਲਈ ਹੈ। ਦੂਜੇ ਪਾਸੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅਜਿਹੇ ਮੁੱਖ ਮੰਤਰੀ ਸਨ, ਜੋ ਹਰ ਸਮੇਂ ਲੋਕਾਂ ਵਿੱਚ ਵਿਚਰਦੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨਾਸਤਕ ਹੈ, ਇਸੇ ਲਈ ਧਾਰਮਿਕ ਛੁੱਟੀਆਂ 'ਤੇ ਕਾਟਾ ਫੇਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਇਹ ਛੁੱਟੀਆਂ ਖ਼ਤਮ ਕਰ ਦਿੱਤੀਆਂ ਹਨ। ਇਸ ਮੌਕੇ ਮੁਕਤਸਰ ਦੇ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਐਸਓਆਈ ਦੇ ਪ੍ਰਧਾਨ ਰੌਬਿਨ ਭਾਗਸਰ, ਵੀਰਪਾਲ ਕੌਰ ਤਰਮਾਲਾ ਤੇ ਅਵਤਾਰ ਸਿੰਘ ਵਣਵਾਲਾ ਆਦਿ ਨੇ ਵੀ ਸੰਬੋਧਨ ਕੀਤਾ।



ਮੁਕਤਸਰ ਵਿੱਚ ਪਾਰਟੀ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਖਬੀਰ ਸਿੰਘ ਬਾਦਲ

## ਝੂਠੇ ਕੇਸ ਦਰਜ ਕਰਨ ਵਾਲੇ ਪੁਲੀਸ ਵਾਲਿਆਂ ਨੂੰ ਸਿਖਾਵਾਂਗੇ ਸਬਕ: ਸੁਖਬੀਰ ਬਾਦਲ

**ਗਿੱਦੜਬਾਹਾ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇੱਥੇ ਪਾਰਟੀ ਵਰਕਰਾਂ ਨਾਲ ਮੀਟਿੰਗ ਮੌਕੇ ਕਿਹਾ ਕਿ ਜੇਕਰ ਪੁਲੀਸ ਇਹ ਸੋਚਦੀ ਹੈ ਕਿ ਉਨ੍ਹਾਂ ਨੇ ਵਰਦੀਆਂ ਪਾ ਰੱਖੀਆਂ ਹਨ ਤੇ ਉਨ੍ਹਾਂ ਨੂੰ ਕੋਈ ਵੀ ਜਬਰ ਕਰਨ ਦਾ ਅਧਿਕਾਰ ਹੈ ਤਾਂ ਇਹ ਸੋਚ ਬਹੁਤ ਗ਼ਲਤ ਹੈ, ਕਿਉਂਕਿ ਜਬਰ ਕਰਨ ਵਾਲੇ ਮੁਲਾਜ਼ਮਾਂ ਦੀਆਂ ਫੀਤੀਆਂ ਉੱਤਰ ਜਾਂਦੀਆਂ ਹਨ। ਸ੍ਰੀ ਬਾਦਲ ਕੋਟਭਾਈ ਪੁਲੀਸ ਵੱਲੋਂ ਅਕਾਲੀ ਆਗੂਆਂ ਅਤੇ ਵਰਕਰਾਂ ਖ਼ਿਲਾਫ਼ ਦਰਜ ਕੇਸ ਸਬੰਧੀ ਗੱਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੋ ਅਫ਼ਸਰ ਮੌਜੂਦਾ ਸਮੇਂ ਵਿੱਚ ਅਕਾਲੀ ਵਰਕਰਾਂ ਨਾਲ ਧੱਕਾ ਕਰ ਰਹੇ ਹਨ, ਉਨ੍ਹਾਂ ਸਬੰਧੀ ਰੋਜ਼ਾਨਾ ਰਿਪੋਰਟ ਪੁੱਜ ਰਹੀ ਹੈ। ਅਕਾਲੀ ਦਲ ਦੀ ਸਰਕਾਰ ਆਉਣ 'ਤੇ ਜੋ ਵੀ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਝੂਠੇ ਪਰਚੇ ਕੀਤੇ ਗਏ ਹਨ, ਉਨ੍ਹਾਂ ਪਰਚਿਆਂ ਨੂੰ ਪਰਚੀਆਂ ਬਣਾ ਦੇ ਸੁੱਟ ਦਿੱਤਾ ਜਾਵੇਗਾ ਅਤੇ ਝੂਠੇ ਕੇਸ ਦਰਜ ਕਰਨ ਵਾਲੇ ਅਫ਼ਸਰ ਸਿਰਫ਼ ਮੁਅੱਤਲ ਹੀ ਨਹੀਂ ਹੋਣਗੇ, ਸਗੋਂ ਨੌਕਰੀਆਂ ਤੋਂ ਵੀ ਜਾਣਗੇ। ਉਨ੍ਹਾਂ ਕਿਹਾ ਕਿ ਹਰਦੀਪ ਸਿੰਘ ਡਿੰਪੀ ਢਿੱਲੋਂ ਉਸ ਰਾਤ ਕੋਟਭਾਈ ਥਾਣੇ ਵਿੱਚ ਅਕਾਲੀ ਵਰਕਰ ਨੂੰ ਇਨਸਾਫ਼ ਦਿਵਾਉਣ ਲਈ ਗਏ ਸਨ ਤੇ ਕਿਸੇ ਵਰਕਰ ਦੀ ਮਦਦ ਕਰਨ ਜਾਣਾ ਕੋਈ ਗ਼ੈਰਕਾਨੂੰਨੀ ਕੰਮ ਨਹੀਂ ਹੈ। ਇਸ ਵਾਰ ਮੇਲਾ ਮਾਘੀ ਦੀ ਸਿਆਸੀ ਕਾਨਫਰੰਸ ਕਾਂਗਰਸ ਵੱਲੋਂ ਨਾ ਕੀਤੇ ਜਾਣ ਸਬੰਧੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫ਼ਰੰਸ ਜ਼ਰੂਰ ਹੋਵੇਗੀ। ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਰੋਜ਼ੀ ਬਰਕੰਦੀ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ, ਗੁਰਦਿਆਲ ਕੌਰ ਮੱਲਣ, ਅਸ਼ੋਕ ਬੁੱਟਰ, ਗੁਰਮੀਤ ਸਿੰਘ ਮਾਨ, ਅਸ਼ੋਕ ਗਰਗ ਪੱਪੂ, ਬਲਦੇਵ ਕ੍ਰਿਸ਼ਨ, ਰੈਸਟੀ ਰੰਧਾਵਾ, ਗੁਰਚਰਨ ਸਿੰਘ ਭਲਾਈਆਣਾ ਤੇ ਲੱਖੀ ਕਿੰਗਰਾ ਆਦਿ ਹਾਜ਼ਰ ਸਨ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ACURA

AutoNation Acura Stevens Creek

4747 Stevens Creek Bl. Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh

Sales Manager

AutoNation Acura Stevens Creek

Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326

Email : aulakhr1@autonation.com





When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691

Cell: 408.687.1899

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ਅੰਮ੍ਰਿਤਸਰ ਟਾਈਮਜ਼
AMRITSAR TIMES
03 ਜਨਵਰੀ 2018 ਤੋਂ 09 ਜਨਵਰੀ 2018

# ਇਤਿਹਾਸ ਨੂੰ ਮਿਟਾਉਣ ਦੀਆਂ ਕੋਹਜ਼ੀਆਂ ਚਾਲਾਂ

## ਦਲਿਤਾਂ ਤੇ ਘੱਟ ਗਿਣਤੀਆਂ ਲਈ ਹੋਰ ਔਖੇ ਸਮਿਆਂ ਦੇ ਸੰਕੇਤ

ਮਹਾਰਾਸ਼ਟਰ ਸੂਬੇ ਵਿੱਚ ਸ਼ਹਿਰਾਂ ਵਿੱਚ ਹੋ ਰਹੀਆਂ ਹਿੰਸਕ ਝੜਪਾਂ ਦਾ ਵਰਤਾਰਾ ਕੋਈ ਨਵਾਂ ਨਹੀਂ। ਤਿੰਨ ਕੁ ਸਾਲ ਪਹਿਲਾਂ ਰਾਜਸੀ ਰਾਜ ਪਲਟੇ ਨਾਲ ਭਾਰਤੀ ਜਨਤਾ ਪਾਰਟੀ ਦੇ ਰੂਪ ਵਿੱਚ ਦਿੱਲੀ ਦਰਬਾਰ ਉੱਤੇ ਕੱਟੜਵਾਦੀ ਹਿੰਦੂ ਜਮਾਤ ਰਾਸ਼ਟਰੀ ਸੋਇਮ ਸੰਘ ਦਾ ਕਬਜਾ ਹੋਣਾ ਅਜਿਹੀਆਂ ਵਾਰਦਾਤਾਂ ਵੱਧਣ ਦਾ ਸਪੱਸ਼ਟ ਸੁਨੇਹਾ ਸੀ। ਗੁਜਰਾਤ ਦੇ ਮੁੱਖ ਮੰਤਰੀ ਵਜੋਂ ਮੁਸਲਮਾਨਾਂ ਦੇ ਕਤਲੇਆਮ ਦੇ ਸਰਪ੍ਰਸਤ ਨਰਿੰਦਰ ਮੋਦੀ ਦੀ ਵੋਟਾਂ ਦੇ ਬਲਬੂਤੇ ਇਤਿਹਾਸਕ ਚੜ੍ਹਤ ਪਿੱਛੇ ਲੁਕੇ ਆ ਰਹੇ ਤਾਨਾਸ਼ਾਹੀ ਸ਼ਾਸ਼ਕ ਦਾ ਬਹੁਤਿਆਂ ਨੂੰ ਚਿੱਤ ਚੇਤਾ ਨਹੀਂ ਸੀ। ਪੁਣੇ 'ਚ ਫੈਲੀ ਜਾਤੀ ਹਿੰਸਾ ਦਾ ਅਸਰ ਪੂਰੇ ਮਹਾਰਾਸ਼ਟਰ 'ਚ ਦਿਖਣ ਤੋਂ ਇਲਾਵਾ ਹਿੰਸਾ ਦੇ ਮਾਮਲੇ ਦੀ ਬੁੱਧਵਾਰ ਨੂੰ ਭਾਰਤੀ ਸੰਸਦ 'ਚ ਗੂੰਜ ਦਲਿਤਾਂ ਤੇ ਘੱਟ ਗਿਣਤੀਆਂ ਉੱਤੇ ਸਰਕਾਰੀ ਸ਼ਹਿ ਉੱਤੇ ਹਿੰਸਾ ਵਿਰੁਧ ਚਿਤਾਵਨੀ ਹੈ। ਵੈਸੇ ਮੋਦੀ ਸਰਕਾਰ ਦੇ ਬਣਨ ਨਾਲ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਦਲਿਤਾਂ ਵਿਰੁਧ ਜਿਹੜੀ ਲਹਿਰ ਕਿਸੇ ਨਾ ਕਿਸੇ ਤਰ੍ਹਾਂ ਲਗਾਤਾਰ ਪ੍ਰਗਟ ਹੁੰਦੀ ਆ ਰਹੀ ਹੈ, ਤਾਜ਼ਾ ਹਿੰਸਾ ਉਸਦਾ ਹੀ ਸਪੱਸ਼ਟ ਪ੍ਰਗਟਾ ਕਿਹਾ ਜਾ ਸਕਦਾ ਹੈ। ਪਿਛਲੇ ਵਰ੍ਹੇ ਹਿੰਦੂ ਕੱਟੜਵਾਦਆਂ ਨੇ ਯੂਨੀਵਰਸਿਟੀਆਂ ਵਿੱਚ ਦਲਿਤ ਸਕਾਲਰਾਂ ਅਤੇ ਵਿਦਿਆਰਥੀ ਆਗੂਆਂ ਉੱਤੇ ਹਮਲੇ ਕਰਕੇ ਦਲਿਤ ਭਾਈਚਾਰੇ ਨੂੰ ਅਪਣੇ ਫਿਰਕੂ ਮਨਸ਼ੇ ਜ਼ਾਹਿਰ ਕਰਨ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਸਦੀਆਂ ਤੋਂ ਦਲਿਤਾਂ ਨੂੰ ਅਪਣੇ ਪੈਰਾਂ ਵਿੱਚ ਬਿਠਾਉਣ, ਮੰਦਰਾਂ ਵਿੱਚ ਵੜਣ ਨਾ ਦੇਣ, ਅਛੂਤ ਕਹਿ ਕੇ ਪਰ੍ਹਾਂ ਧੱਕਣ ਵਾਲੀ ਹਿੰਦੂ ਮਾਨਸਿਕਤਾ ਜੇ ਬਾਦਸ਼ਾਹ ਮੋਦੀ ਦੇ ਰਾਜ ਵਿੱਚ ਅਪਣੀ ਉੱਚਤਾ ਦਾ ਡੰਕਾ ਨਹੀਂ ਵਜਾਏਗੀ ਤਾਂ ਫਿਰ ਭਾਰਤ ਨੂੰ ਹਿੰਦੂ ਰਾਜ ਦਾ ਜਾਮਾ ਪਹਿਨਾਉਣ ਦਾ ਮਹਾਨ ਕਾਰਜ਼ ਕਿਵੇਂ ਪੂਰਾ ਕੀਤਾ ਜਾਵੇਗਾ ? ਭੀਮਾ ਕੋਰੇਗਾਂਵ ਘਟਨਾ ਦੇ ਇਤਿਹਾਸਕ ਪਿਛੋਕੜ ਵਲ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਹ 200 ਸਾਲ ਪੁਰਾਣੇ ਯੁੱਧ ਨਾਲ ਸਬੰਧਿਤ ਹੈ। ਇਤਿਹਾਸਕ ਤੱਥਾਂ ਮੁਤਾਬਕ ਇਸ ਲੜਾਈ 'ਚ ਈਸਟ ਇੰਡੀਆ ਕੰਪਨੀ ਦੀ ਸੈਨਾ ਨੇ ਮਰਾਠਾ ਪੇਸ਼ਵਾ ਦੀ ਸੈਨਾ ਨੂੰ ਹਰਾਇਆ ਸੀ ਗ਼ ਦਲਿਤ ਨੇਤਾ ਇਸ ਬ੍ਰਿਟਿਸ਼ ਜਿੱਤ 'ਚ ਅਪਣੇ ਆਗੂਆਂ ਦੀ ਮੋਹਰੀ ਭੂਮਿਕਾ ਹੋਣ ਦੇ ਮਾਣ ਵਜੋਂ ਹਰ ਸਾਲ ਇਸ ਦਿਨ ਨੂੰ ਜਸ਼ਨ ਵਜੋਂ ਮਨਾਉਂਦੇ ਹਨ ਗ਼ ਸਮਝਿਆ ਜਾਂਦਾ ਹੈ ਕਿ ਉਸ ਵੇਲੇ ਅਛੂਤ ਸਮਝੇ ਜਾਣ ਵਾਲੇ ਮਹਾਰ ਭਾਈਚਾਰੇ ਦੇ ਸੈਨਿਕ ਈਸਟ ਇੰਡੀਆ ਕੰਪਨੀ ਵਲੋਂ ਲੜੇ ਸਨ । ਮਹਾਰਾਸ਼ਟਰ 'ਚ ਦਲਿਤ ਤੇ ਮਰਾਠਾ ਭਾਈਚਾਰੇ ਵਿਚਾਲੇ ਉਸ ਲੜਾਈ ਵੇਲੇ ਇੱਕ ਦੂਜੇ ਦੇ ਵਿਰੁਧ ਮੈਦਾਨ 'ਚ ਨਿੱਤਰਣ ਦਾ ਅਸਰ ਅਜੇ ਵੀ ਦੋਵਾਂ ਧਿਰਾਂ ਵਿਚਾਲੇ ਤਣਾਅ ਤੇ ਵਿਰੋਧ ਵਜੋਂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਪ੍ਰਗਟ ਹੁੰਦਾ ਰਹਿੰਦਾ ਹੈ।

ਇਸ ਵਾਰ ਵੀ ਪੁਣੇ ਦੇ ਕੁਝ ਦੱਖਣਪੰਥੀਆਂ ਨੇ ਇਸ ਬਿਟਿਸ਼ ਜਿੱਤ ਦਾ ਜਸ਼ਨ ਮਨਾਏ ਜਾਣ ਦਾ ਵਿਰੋਧ ਕੀਤਾ ਸੀ ਗ਼ ਮਾਮਲਾ ਉਦੋਂ ਭੜਕਿਆ ਜਦੋਂ ਕੋਰਗਾਂਵ ਦੇ ਲੋਕ ਯੁੱਧ ਸਮਾਰਕ ਵੱਲ ਵਧ ਰਹੇ ਸਨ। ਮੰਗਲਵਾਲ ਦੁਪਹਿਰ ਵੇਲੇ ਸ਼ਿਰੂਰ ਤਹਿਸੀਲ ਸਥਿਤ ਭੀਮਾ-ਕੋਰੇਗਾਂਵ 'ਚ ਹਿੰਦੂ ਕੱਟੜਵਾਦੀਆਂ ਵਲੋਂ ਹਮਲਾ ਕਰਨ ਬਾਅਦ ਪਥਰਾਅ ਤੇ ਭੰਨਤੋੜ ਦੌਰਾਨ ਇਕ ਵਿਅਕਤੀ ਮਾਰਿਆ ਗਿਆ। ਇਸਦੇ ਸਿੱਟੇ ਵਜੋਂ ਹਿੰਸਾ ਦਾ ਸੇਕ ਮਹਾਂਰਾਸ਼ਟਰ ਦੇ ਹੋਰ ਇਲਾਕਿਆਂ 'ਚ ਹਿੰਸਕ ਝੜਪਾਂ ਵਜੋਂ ਵਾਪਰਣਾ ਸੁਭਾਵਕ ਸੀ। ਪੁਣੇ 'ਚ ਹੋਈ ਜਾਤੀ ਹਿੰਸਾ ਦਾ ਜਿਹੜਾ ਸੇਕ ਮਹਾਂਰਾਸ਼ਟਰ ਦੇ ਹੋਰ ਇਲਾਕਿਆਂ 'ਚ ਪੁੱਜ ਰਿਹਾ ਹੈ, ਉਸਦੇ ਦੂਰ ਦੂਰ ਤੱਕ ਫੈਲਣ ਦੇ ਡਰੋਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਨਿਆਇਕ ਜਾਂਚ ਦੇ ਹੁਕਮ ਦੇਣ ਲਈ ਮਜਬੂਰ ਹੋਣਾ ਪਿਆ। ਜਦੋਂ ਕਿ ਅਜਿਹੀਆਂ ਜਾਂਚਾਂ ਮਹਿਜ਼ ਲੋਕ ਰੋਹ ਰੋਹ ਨੂੰ ਮੱਠਾ ਪਾਉਣ ਲਈ ਲੋਕਾਂ ਦੇ ਅੱਖ਼ੀ ਘੱਟਾ ਪਾਉਣ ਵਾਲੀ ਝੂਠੀ ਮੂਠੀ ਦੀ ਸਰਕਾਰੀ ਕਾਰਵਾਈ ਹੁੰਦੀ ਹੈ। ਸਰਕਾਰਾਂ ਨੇ ਉਹੀ ਕਰਨਾ ਹੈ ਜੋ ਮਾਲਕਾਂ ਦੇ ਹਿੱਤ ਵਿੱਚ ਹੋਵੇਗਾ। ਹੈਰਾਨੀ ਇਸ ਗੱਲ ਦੀ ਹੈ ਕਿ ਪੁਲੀਸ ਵਲੋਂ ਗਵਾਂਢੀ ਗੁਜਰਾਤ 'ਚ ਤਾਜ਼ਾ ਚੋਣਾਂ ਵਿੱਚ ਅਖੌਤੀ ਮੋਦੀ ਲਹਿਰ ਦਾ ਮੂੰਹ ਤੋੜ ਉੱਤਰ ਦਿੰਦਿਆਂ ਵਿਧਾਇਕ ਵਜੋਂ ਚੋਣ ਜਿੱਤੇ ਦਲਿਤ ਆਗੂ ਜਿਗਨੇਸ਼ ਮੇਵਾਣੀ ਤੇ ਜੇ. ਐਨ. ਯੂ. ਦੇ ਵਿਦਿਆਰਥੀ ਆਗੂ ਉਮਰ ਖਾਲਿਦ ਖ਼ਿਲਾਫ਼ ਸ਼ਿਕਾਇਤ ਦਰਜ ਕਰ ਲਈ ਗਈ ਹੈ ਗ਼ ਸ਼ਿਕਾਇਤ ਕਰਨ ਵਾਲੇ ਹੋਰ ਕੋਈ ਨਹੀਂ ਬਲਕਿ ਹਿੰਦੂ ਅਨਸਰ ਅਕਸ਼ੇ ਬਿਕੜ ਅਤੇ ਅਨੰਦ ਧੋਡ ਹਨ । ਉਨ੍ਹਾਂ ਵਲੋਂ ਮੇਵਾਨੀ ਅਤੇ ਖਾਲਿਦ ਉੱਤੇ ਸਮਾਰੋਹ ਦੌਰਾਨ ਭੜਕਾਊ ਭਾਸ਼ਣ ਦੇਣ ਦੇ ਦੋਸ਼ ਲਾਉਣਾ ਉਲਟਾ ਚੋਰ ਕੋਤਵਾਲ ਨੂੰ ਡਾਂਟੇ ਵਾਲੀ ਹਾਸੋਹੀਣੀ ਕਾਰਵਾਈ ਹੈ.ਗ ਦਲਿਤਾਂ ਤੇ ਘੱਟ ਗਿਣਤੀਆਂ ਨੂੰ ਪਹਿਲਾਂ 'ਝੂਠੇ ਮੂਠੇ ਪਿਆਰ ਨਹੀਂ' ਤਾਂ ਡੰਡੇ ਦੇ ਜ਼ੋਰ ਸਿੱਧਿਆਂ ਕਰਨ ਦੀ ਪੱਕੀ ਧਾਰੀ ਬੈਠੇ ਨਿੱਕਰਧਾਰੀ ਅਜੇ ਬਹੁਤ ਸੰਜਮ ਵਿਖਾ ਰਹੇ ਹਨ !! ਉਨ੍ਹਾਂ ਨੇ ਜਿਹੜੇ ਰੰਗ ਵਿਖਾਉਣੇ ਹਨ, ਉਨ੍ਹਾਂ ਦਾ ਨਿਸ਼ਾਨਾ ਸਿਰਫ਼ ਦਲਿਤ, ਮੁਸਲਮਾਨ ਅਤੇ ਘੱਟ ਗਿਣਤੀਆਂ ਨਹੀਂ, ਬਲਕਿ ਉਨ੍ਹਾਂ ਦਾ ਪ੍ਰੋਗਰਾਮ ਜੋ ਹਮ ਸੇ ਟਕਟਾਰੇਗਾ ਚੂ ਚੂਰ ਹੋ ਜਾਏਗਾ ਵਿਚਲੀ ਲਲਕਾਰ ਤੋਂ ਵੀ ਵੱਧ ਖਤਰਨਾਕ ਤੇ ਭਿਆਨਕ ਰੂਪ ਵਿੱਚ ਸਾਹਮਣੇ ਆਏਗਾ। ਅੱਗੋਂ ਘਟਨਾਵਾਂ ਕਿਧਰ ਰੁੱਖ ਅਖ਼ਤਿਆਰ ਕਰਦੀਆਂ ਹਨ, ਅਜੇ ਕੁਝ ਕਹਿਣਾ/ਸਮਝਣਾ ਮਸ਼ਕਲ ਹੈ। ਆਉਣ ਵਾਲਾ ਸਮਾਂ ਬਹੁਤ ਫਿਕਰਾਂ ਭਰਿਆ ਜਰੂਰ ਪਰ ਬੇਹੱਦ ਸੁਚੇਤ ਹੋਣ ਤੇ ਲੋਕ ਪੱਖੀ ਧਿਰਾਂ ਦੇ ਇੱਕਮੁਠ ਹੋਣ ਦਾ ਹੈ।

*ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼*

# ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ

**ਗੁਰੂ ਦਸ਼ਮੇਸ਼ ਐਸੇ ਹੀ ਸੰਤ ਸਿਪਾਹੀ ਹਨ ਜਿਨ੍ਹਾਂ ਨੇ ਸ਼ਸਤਰ ਧਾਰਨ ਕਰਕੇ ਸ਼ਸਤਰਾਂ ਦੀ ਵਰਤੋਂ ਹੀ ਨਹੀਂ ਕੀਤੀ ਬਲਕਿ ਮਾਨਿਆ ਵੀ। ਨਮੋ ਸ਼ਸਤ੍ਰ ਪਾਣੇ। ਨਮੋ ਅਸਤ੍ਰ ਮਾਨੇ।।**

**ਗੁਰੂ ਪਾਤਸ਼ਾਹ ਦੇ ਸ਼ਸ਼ਤਰਾਂ ਦੇ ਜੌਹਰ ਬਾਰੇ ਤਾਂ ਦੁਨੀਆ ਜਾਣਦੀ ਹੈ ਪਰ ਉਹ ਕਲਮ ਦੇ ਵੀ ਅਜ਼ੀਮ ਧਨੀ ਹਨ ਕਿ ਉਨ੍ਹਾਂ ਦੀ ਬਾਣੀ ਵਿਚ ਕਵਿਤਾ ਦੀ ਹਰ ਵੰਨਗੀ ਮਿਲਦੀ ਹੈ। ਕਲਮ ਦੀ ਕਰਾਮਾਤ ਉਸ ਜ਼ਫਰਨਾਮੇ ਵਿਚ ਹੈ ਜੋ ਉਨ੍ਹਾਂ ਬੇਸਰੋ ਸਮਾਨਗੀ ਦੀ ਹਾਲਤ ਵਿਚ ਦੀਨਾ ਕਾਂਗੜ ਬੈਠ ਜ਼ਾਲਿਮ ਔਰੰਗਜ਼ੇਬ ਬਦਸ਼ਾਹ ਨੂੰ ਲਿਖ ਭੇਜਿਆ।**



**ਮਨਜੀਤ ਸਿੰਘ ਕਲਕੱਤਾ**
(ਮੋਬਾਈਲ:98140-50679)

ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਭਗਤੀ-ਸ਼ਕਤੀ, ਰਾਜ-ਯੋਗ, ਦੀਨ-ਦੁਨੀ ਅਤੇ ਮੀਰੀ ਪੀਰੀ ਦਾ ਸੁਮੇਲ ਹਨ। ਪਾਤਸ਼ਾਹ ਦਾ ਜੋ ਚਿੱਤਰ ਹਰ ਸਿੱਖ ਸ਼ਰਧਾਲੂ ਦੇ ਹਿਰਦੇ ਵਿੱਚ ਉਕਰਿਆ ਹੋਇਆ ਹੈ ਉਹ ਬੜਾ ਤੇਜੱਸਵੀ,ਓਜ਼ ਭਰਪੂਰ ਤੇ ਜ਼ੁਮਲਾ ਫੈਜ਼ੇ (ਰੱਬੀ ਨੂਰ) ਹੈ। ਉਹ ਨੀਲੇ ਘੋੜੇ ਦੇ ਸ਼ਾਹ ਅਸਵਾਰ, ਚਿੱਟੇ ਬਾਜ਼ ਵਾਲੇ, ਕਲਗੀਆਂ ਵਾਲੇ ਅਰਥਾਤ ਸੂਰਮਾ ਸਰੂਪ ਹਨ ਭਾਈ ਗੁਰਦਾਸ (ਦੂਜਾ) ਸਿੰਘ ਉਨ੍ਹਾਂ ਦੀ ਇਸ ਅਜ਼ੀਮ ਸ਼ਖਸ਼ੀਅਤ ਦਾ ਵਰਨਣ,ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ' ਅਤੇ ਭਾਈ ਨੰਦ ਲਾਲ ਜੀ ਬਾਦਸ਼ਾਹ ਦਰਵੇਸ਼, ਸ਼ਾਹੇ ਸ਼ਹਿਨਸ਼ਾਹ' ਕਰਦੇ ਹਨ। ਗੁਰੂ ਪਾਤਸ਼ਾਹ ਦੇ ਇਸ ਜੁਝਾਰੂ ਤੇ ਬੀਰ ਰਸੀ ਸਰੂਪ ਨੂੰ ਦੇਸ਼ ਦੇ ਕਥਿਤ ਅਧਿਆਤਮਵਾਦ ਨੇ ਸਵੀਕਾਰ ਨਹੀਂ ਕੀਤਾ। ਕਈ ਉਨ੍ਹਾਂ ਨੂੰ ਰਾਣਾ ਪ੍ਰਤਾਪ ਤੇ ਸ਼ਿਵਾਜੀ ਮਰਹੱਟਾ ਵਾਂਗ ਫੌਜੀ ਜਰਨੈਲ ਦੱਸਦੇ ਹਨ। ਮਹਾਤਮਾ ਗਾਂਧੀ ਨੂੰ ਦਸਮ ਪਾਤਸ਼ਾਹ ਭੁਲੜ ਦੇਸ਼ ਭਗਤ" ਨਜਰ ਆਏ । ਸਰ ਜਾਦੂ ਨਾਥ ਸਰਕਾਰ, ਡਾ. ਇੰਦੂ ਭੂਸ਼ਨ ਬੈਨਰਜੀ, ਡਾ. ਗੋਕਲ ਚੰਦ ਨਾਰੰਗ ਵਰਗੇ ਇਤਿਹਾਸਕਾਰ, ਠਾਕੁਰ ਰਬਿੰਦਰ ਨਾਥ ਟੈਗੋਰ ਦੀ ਸੂਖਮ ਬੁੱਧੀ ਵੀ ਸਤਿਗੁਰੂ ਦੇ ਸ਼ੁੱਧ ਸਰੂਪ ਦਾ ਦੀਦਾਰ ਨਹੀਂ ਕਰ ਸਕੀ। ਫਰ ਇਹ ਸਭ ਟੱਪਲੇ ਉਨ੍ਹਾਂ ਨੂੰ ਲੱਗੇ ਜੋ ਗੁਰੂ ਦਸਮੇਸ਼ ਦੇ ਤੇਜੱਸਵੀ ਸਰੂਪ ਦੀ ਚਮਕ ਨਾਲ ਚਕਾਚੋਂਧ ਹੋ ਗਏ ਅਤੇ ਉਨ੍ਹਾਂ ਨੇ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਤੇ ਧਾਰਨਾਵਾਂ ਨੂੰ ਆਪਣੇ ਪੂਰਵ ਨਿਸਚਿਤ ਅਕੀਦਿਆਂ ਅਤੇ ਸਨਾਤਨੀ ਧਰਮ ਦੇ ਮਾਪਦੰਡਾਂ ਨਾਲ ਪਰਖਿਆ ।

ਦੁਨੀਆਂ ਸੂਰਮਾ ਜਾਂ ਬਹਾਦਰ ਉਸ ਨੂੰ ਤਸੱਵਰ ਕਰਦੀ ਹੈ ਜਿਸ ਵਿੱਚ ਸਰੀਰਕ, ਰਾਜਸੀ ਅਤੇ ਫ਼ੌਜੀ ਬੱਲ ਹੋਵੇ। ਗੁਰਮਤਿ ਅਨੁਸਾਰ ਸੰਤ ਭਗਤ ਦਾ ਸ਼ੁੱਧ ਸਰੂਪ ਅਤੇ ਸੂਰਮੇ ਜਾਂ ਸ਼ਹੀਦ ਦੇ ਸਰੂਪ ਵਿਸ ਕੋਈ ਫਰਕ ਨਹੀਂ। ਭਗਤ ਜਾਂ ਸੰਤ ਉਹ ਨਹੀਂ ਜਿਹੜਾ ਸਮਾਜਿਕ ਜਿੰਨ੍ਹੂ ਪਿਠ ਦੇ ਕੇ ਜੰਗਲਾਂ ਵਿਚ ਜਾਂ ਕਠਿਤ ਬਲਕਿ ਉਹ ਹੈ ਜੋ ਉਸ ਸਮੇਂ ਜਦੋ ਕੋਈ ਜ਼ਾਲਮ ਲਲਕਾਰ ਰਿਹਾ ਹੋਵੇ ਪਰਜਾ ਦਾ ਦਮਨ ਕਰ ਰਿਹਾ ਹੋਵੇ ਉਸ ਸਮੇਂ ਉਸ ਦੇ ਸਾਹਮਣੇ ਸੱਚ ਸੁਣਾਉਣ ਦੀ ਹਿੰਮਤ ਕਰਦਾ ਹੋਵੇ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਸਾਹਮਣੇ ਸੱਚ ਸੁਣਾਇਆ। ਗੁਰੂ ਗੋਬਿੰਦ ਸਿੰਘ ਜੀ ਐਸੇ ਹੀ ਨਿਰਭਉ ਗਰੀਬ ਨਿਵਾਜ਼ ਯੋਧੇ ਹਨ ਜੋ ਗਿਆਨ ਦੀ ਖੜਗ ਨਾਲ ਕਮਜ਼ੋਰੀ ਤੇ ਕਾਇਰਤਾ ਨੂੰ ਸਮਾਜ ਵਿਚੋਂ ਕੱਟਣ ਦਾ ਮਾਰਗ ਦਸਦੇ ਹਨ। ਜੇਕਰ ਗੁਰੂ ਨਾਨਕ ਦੇਵ ਜੀ ਜੋਤਿ ਰੂਪ ਹਰਿ ਆਪਿ ਹਨ ਤੇ ਆਪਣੇ ਆਪ ਨੂੰ ਉਸ ਦਾ ਮੁਲ ਖ੍ਰੀਦੀ ਲਾਲਾ ਗੋਲਾ (ਗੁਲਾਮ ), ਉਸ ਦਾ ਢਾਡੀ ਤੇ ਦੀਵਾਨਗੀ ਦੀ ਹੱਦ ਨੂੰ ਪਹੁੰਚਿਆ ਆਸ਼ਕ ਦੱਸ, ਧਰਤ ਲੋਕਾਈ ਨੂੰ ਸੋਧਣ ਦੇ ਰੱਬੀ ਹੁਕਮ ਦਾ ਕਾਰਜ ਆਰੰਭ ਕਰਦੇ ਹਨ ਤਾਂ ਗੁਰੁ ਨਾਨਕ ਦੀ ਦਸਵੀਂ ਜੋਤ ਦਸਮੇਸ਼ ਪਾਤਸ਼ਾਹ ਭਗਵੰਤ ਰੂਪ' ਹਨ ਜੋ ਪ੍ਰਾਬ੍ਰਹਮ ਪਰਮੇਸ਼ਰ ਵਿਚ ਲਿਵਲੀਨਤਾ ਅਤੇ ਅਭੇਦਤਾ ਦੀ ਬਖਸ਼ਿਸ਼ ਪ੍ਰਾਪਤ ਕਰ ਉਸ ਦੇ ਹੁਕਮ ਅਨੁਸਾਰ ਪੰਥ ਪ੍ਰਚੁਰ' ਧਰਮ ਚਲਾਵਣ' ਦੁਸਟ ਸੰਘਾਰਨ' ਦੀ ਪੂਰਤੀ ਲਈ ਸੰਸਾਰ ਵਿਚ ਪਠਾਏ ਗਏ, ਧਰਮ ਤੇ ਵੈਰਾਗ ਦੀ ਮੂਰਤ ਗੁਰੁ ਤੇਗ ਬਹਾਦਰ ਸਾਹਿਬ ਦੇ ਗ੍ਰਹਿ ਅਤੇ ਮਾਤਾ ਗੁਜਰੀ ਜੀ ਦੀ ਕੁਖੋਂ ਜਿਸ ਵਕਤ ਦਸਮ ਪਿਤਾ ਦਾ ਸੰਸਾਰ ਆਗਮਨ ਹੋਇਆ ਉਸ ਵੇਲੇ ਨੌਵੇਂ ਗੁਰਦੇਵ, ਸਮੇਂ ਦੇ ਹਾਕਮਾਂ ਦੇ ਡਰ ਭੈਅ ਕਾਰਨ ਬਲਹੀਨ ਤੇ ਕਾਇਰ ਹੋ ਚੁੱਕੇ ਲੋਕਾਂ ਨੂੰ ਇਕ ਨਿਰਭਉ ਦੇ ਲੜ ਲਾਵਣ ਅਤੇ ਭੈਅ ਰਹਿਤ ਹੋਣ ਦਾ ਉਪਦੇਸ਼ ਦੇਣ ਹਿੱਤ ਢਾਕਾ, ਕਲਕੱਤਾ, ਗੁਹਾਟੀ ਅਤੇ ਦੇਸ਼ ਦੇ ਪੂਰਬ ਦੀ ਆਖਰੀ ਹੱਦ ਤੀਕ ਦੇ ਪ੍ਰਚਾਰ ਦੌਰੇ 'ਤੇ ਸਨ। ਪਟਨਾ ਸਾਹਿਬ ਵਿਖੇ ਬਾਲ ਗੋਬਿੰਦ ਛੋਟੇ ਛੋਟੇ ਬੱਚਿਆਂ ਵਿਚੋਂ ਡਰ ਕੱਢਣ ਅਤੇ ਸੂਰਬੀਰਤਾ ਭਰਨ ਲਈ ਨਕਲੀ ਸ਼ਸ਼ਤਰਾਂ ਤੇ ਗੁਲੇਲਾਂ ਨਾਲ ਲੈਸ ਹੋ ਨਕਲੀ ਯੁਧ ਕਰਨ ਦਾ ਅਭਿਆਸ ਕਰਾਉਂਦੇ, ਨਵਾਬ ਦੀ ਆਉਂਦੀ ਜਾਂਦੀ ਸਵਾਰੀ ਨੂੰ ਅਦਾਬ ਕਰਨ ਦੀ ਬਜਾਏ ਦੰਦੀਆਂ ਚਿੜਾਉਂਦੇ। ਮਾਮਾ ਕ੍ਰਿਪਾਲ ਜੀ ਨੇ ਬਾਲ ਗੋਬਿੰਦ ਰਾਏ ਦੀਆਂ ਇਨ੍ਹਾਂ ਖਤਰਨਾਕ ਖੇਡਾਂ ਬਾਰੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਕ ਪੱਤਰ ਲਿਖ ਭੇਜਿਆ ਜਿਸ ਦੇ ਜਵਾਬ ਵਿਚ ਸਾਹਿਬਾਂ ਨੇ ਲਿਖਿਆ, ਜੋ ਗੋਬਿੰਦ ਕੀਆ ਭਲਾ ਕੀਆ ਅਬਲ ਤੋਂ ਸਰਕਾਰੀ ਅਹਿਲਕਾਰ ਕੋ ਸਲਾਮ ਨਹੀਂ ਕਹਿਣਾ ਗਰ ਆ ਹੀ ਬੈਠੇ ਤੋ ਮੰਜੇ ਕੀ ਪੁਆਂਦੀ ਦੇਣੀ ਸਿਰਹਾਂਦੀ ਨਹੀ ਦੇਣੀ'।

ਆਪਣੀ ਆਤਮ ਕਥਾ ਜਿਸ ਦਾ ਨਾਮ ਦਸਵੇਂ ਪਾਤਸ਼ਾਹ ਨੇ ਬਚਿੱਤਰ ਨਾਟਕ ਲਿਖਿਆ ਹੈ, ਉਸ ਦਾ ਪਹਿਲਾ ਦ੍ਰਿਸ਼ ਹੀ ਅਤਿਅੰਤ ਦਰਦਨਾਕ ਹੈ ਤੇ ਦਸਮੇਸ਼ ਪਿਤਾ ਦੇ ਤਿਆਗ ਦਾ ਸਿਖਰ ਹੈ। ਇਸ ਤੋਂ ਵਧੇਰੇ ਸੰਸਾਰ ਵਿਚ ਬਚਿਤਰ ਕਥਾ ਹੋਰ ਕਿਹੜੀ ਹੋ ਸਕਦੀ ਹੈ ਕਿ ਕੋਈ ਸਪੁੱਤਰ 9 ਸਾਲ ਦੀ ਛੋਟੀ ਉਮਰ ਵਿਚ ਹੀ ਆਪਣੇ ਪਿਤਾ ਨੂੰ ਸ਼ਹਾਦਤ ਦੇਣ ਲਈ ਪ੍ਰੇਰਣਾ ਕਰੇ। ਸ਼ਹਾਦਤ ਦੇਣ ਲਈ ਗੁਰੂ ਤੇਗ ਬਹਾਦਰ ਸਾਹਿਬ ਆਪ ਦਿੱਲੀ ਰਵਾਨਾ ਹੋਏ ਅਤੇ ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤੇ ਗਏ। ਭਾਈ ਜੈਤਾ ਜੀ ਰਾਤ ਦੇ ਅਨ੍ਹੇਰੀ ਦੇ ਗੁਬਾਰ ਵਿਚ ਸੀਸ ਲੈ ਕੇ ਆਨੰਦਪੁਰ ਸਾਹਿਬ ਲਈ ਰਵਾਨਾ ਹੋਏ, ਧੜ ਦਾ ਸਸਕਾਰ ਭਾਈ ਲਖੀ ਸ਼ਾਹ ਵਣਜਾਰਾ ਰਕਾਬਗੰਜ ਸਾਹਿਬ ਵਿਖੇ ਹੀ ਕਰ ਦਿੰਦੇ ਹਨ। ਇਸ ਤੋਂ ਵਧੇਰੇ ਬੱਚਿਤਰ ਕਥਾ ਕਿਧਰੇ ਵੀ ਨਹੀ ਹੈ। ਕਹਿਰ ਦੇ ਸਮੇਂ ਜਦੋਂ ਭਾਈ ਜੈਤਾ ਸੀਸ ਲੈ ਕੇ ਆਨੰਦਪੁਰ ਸਾਹਿਬ ਪੁੱਜੇ ਅਤੇ ਨੌਵੇਂ ਗੁਰਦੇਵ ਦੀ ਸ਼ਹਾਦਤ ਉਪਰੰਤ ਮੁਗਲ ਬਾਦਸ਼ਾਹ ਦੇ ਐਲਾਨ ਕਿ ਹੈ ਕੋਈ ਗੁਰੁ ਕਾ ਸਿਖ ਤਾਂ ਸਾਹਮਣੇ ਆਵੇ ਤੇ ਚਾਂਦਨੀ ਚੌਕ ਵਿਚ ਇਕੱਤਰ ਹੋਈ ਭੀੜ 'ਚੋਂ ਕਿਸੇ ਨੇ ਜੁਰਅਤ ਨਾ ਵਿਖਾਈ ਦਾ ਜ਼ਿਕਰ ਕੀਤਾ ਤਾਂ ਦਸਮੇਸ਼ ਪਿਤਾ ਗਰਜਵੀਂ ਆਵਾਜ਼ ਵਿਚ ਐਲਾਨ ਕੀਤਾ, ਇਸ ਬਿਧਿ ਕੋ ਅਬ ਪੰਥ ਬਨਾਇਓ...'।

ਗੁਰੂ ਗੋਬਿੰਦ ਸਿੰਘ ਦੇ ਸ਼ੁਧ ਸਰੂਪ ਨੂੰ ਸਮਝਣ ਵਿਚ ਜ਼ਮਾਨਾ ਇਸ ਕਰਕੇ ਵੀ ਅਸਮਰਥ ਰਿਹਾ ਹੈ ਕਿਉਂਕਿ ਦੁਨਿਆਵੀ ਤਵਾਰੀਖ ਵਿਚ ਬਹਾਦਰ ਚੰਗੇਜ਼ ਖਾਨ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਵਰਗੇ ਜਾਂ ਸਿਕੰਦਰ, ਨੈਪੋਲੀਅਨ, ਹਿਟਲਰ ਜਾਂ ਅਜੋਕੇ ਸਮੇਂ ਦੇ ਤਾਨਾਸ਼ਾਹ ਹਨ ਅਥਵਾ ਉਹ ਲੋਕ ਜਿਨ੍ਹਾਂ ਪਾਸ ਸਰੀਰਕ, ਰਾਜਸੀ, ਮਜਹਬੀ ਜਾਂ ਸਮਾਜਿਕ ਤਾਕਤ ਹੈ ਜਿਸ ਨਾਲ ਉਹ ਸਮਾਜ ਨੂੰ ਗੁਲਾਮੀ ਦੇ ਸੰਗਲਾਂ ਵਿਚ ਜਕੜ ਸਕਦੇ ਹਨ। ਇਸੇ ਤਰ੍ਹ ਸੰਸਾਰ ਸੰਤ ਭਗਤ ਉਸ ਨੂੰ ਮੰਨਦਾ ਹੈ ਜੋ ਅੰਨ ਪਾਣੀ, ਗ੍ਰਹਿਸਥ, ਦੁਨਿਆਵੀ ਜ਼ਿੰਮੇਵਾਰੀਆਂ ਦਾ ਤਿਆਗ ਕਰ, ਹਿਮਾਲਿਆ ਦੀਆਂ ਕੰਦਰਾਂ ਵਿਚ, ਜੰਗਲ ਬੀਆਬਾਨ ਵਰਗੇ ਏਕਾਂਤ ਥਾਂ 'ਤੇ ਡੇਰਾ ਲਾਉਂਦਾ ਹੈ ਜਾਂ ਕਰਨੀ ਤੋਂ ਰਹਿਤ ਦੁਨੀਆ ਨੂੰ ਸ਼ਾਸ਼ਤਰਾਂ ਦੀਆਂ ਕਥਾ ਕਹਾਣੀਆਂ ਸੁਣਾਉਣ ਲਈ ਮੱਠਾਂ ਜਾਂ ਪਾਠਸ਼ਾਲਾਵਾਂ, ਮਦਰੱਸਿਆਂ ਅਤੇ ਦੀਨੀ ਸ਼ਰਾ ਲਈ ਅਜੋਕੇ ਸਮੇਂ ਦੇ ਕਥਿਤ ਡੇਰਿਆਂ, ਅਖਾੜਿਆਂ ਅੰਦਰ ਬੈਠ ਜੁਬਾਨੀ ਧਰਮ ਜਾਂ ਮਜ਼੍ਹਬ ਪੜ੍ਹਾਉਂਦਾ ਹੈ। ਸਿੱਖੀ ਇਨ੍ਹਾਂ ਦੋਵਾਂ ਪਰਿਭਾਸ਼ਾਵਾਂ ਨੂੰ ਰੱਦ ਕਰਦੀ ਹੋਈ ਸੱਚੇ ਭਗਤ, ਗਿਆਨੀ, ਸੰਤ, ਸੂਰਬੀਰ ਜਾਂ ਨਿਰਭੈਅ ਯੋਧੇ ਵਿਚ ਕੋਈ ਫਰਕ ਨਹੀਂ ਸਮਝਦੀ, ਕਿਉਂਕਿ ਸੁਰਬੀਰ ਉਹ ਆਤਮ ਅਭਿਆਸੀ ਹੈ ਜੋ ਗਰੀਬਾਂ ਮਜ਼ਲੂਮਾਂ ਦੀ ਰਾਖੀ ਲਈ ਹਥਿਆਰ ਚੁੱਕਦਾ ਹੈ। ਉਸ ਦੇ ਲਈ ਸ਼ਾਸ਼ਤਰ ਤੇ ਸ਼ਸਤਰ ਇਕ ਹਨ। ਗੁਰੂ ਦਸ਼ਮੇਸ਼ ਐਸੇ ਹੀ ਸੰਤ ਸਿਪਾਹੀ ਹਨ ਜਿਨ੍ਹਾਂ ਨੇ ਸ਼ਸਤਰ ਧਾਰਨ ਕਰਕੇ ਸ਼ਸਤਰਾਂ ਦੀ ਵਰਤੋਂ ਹੀ ਨਹੀਂ ਕੀਤੀ ਬਲਕਿ ਮਾਨਿਆ ਵੀ। ਨਮੋ ਸ਼ਸਤ੍ਰ ਪਾਣੇ। ਨਮੋ ਅਸਤ੍ਰ ਮਾਨੇ।।

ਗੁਰੂ ਪਾਤਸ਼ਾਹ ਦੇ ਸ਼ਸ਼ਤਰਾਂ ਦੇ ਜੌਹਰ ਬਾਰੇ ਤਾਂ ਦੁਨੀਆ ਜਾਣਦੀ ਹੈ ਪਰ ਉਹ ਕਲਮ ਦੇ ਵੀ ਅਜ਼ੀਮ ਧਨੀ ਹਨ ਕਿ ਉਨ੍ਹਾਂ ਦੀ ਬਾਣੀ ਵਿਚ ਕਵਿਤਾ ਦੀ ਹਰ ਵੰਨਗੀ ਮਿਲਦੀ ਹੈ। ਕਲਮ ਦੀ ਕਰਾਮਾਤ ਉਸ ਜ਼ਫਰਨਾਮੇ ਵਿਚ ਹੈ ਜੋ ਉਨ੍ਹਾਂ ਬੇਸਰੋ ਸਮਾਨਗੀ ਦੀ ਹਾਲਤ ਵਿਚ ਦੀਨਾ ਕਾਂਗੜ ਬੈਠ ਜ਼ਾਲਿਮ ਔਰੰਗਜ਼ੇਬ ਬਦਸ਼ਾਹ ਨੂੰ ਲਿਖ ਭੇਜਿਆ। ਪਾਉਂਟਾ ਸਾਹਿਬ ਵਿਖੇ ਰਚੇ ਗ੍ਰੰਥ ਦਾ ਉਦੇਸ਼ ਵੀ ਪਾਤਸ਼ਾਹ ਆਪ ਹੀ ਸਪਸ਼ਟ ਕਰਦੇ ਹਨ;

ਦਸਮ ਕਥਾ ਭਾਗਵਤ ਕੀ ਭਾਖਾ ਕਰੀ ਬਨਾਇ ।।
ਅਵਰ ਬਾਸਨਾ ਨਾਹਿ ਪ੍ਰਭ, ਧਰਮ ਜੁਧ ਕੈ ਚਾਇ।।।

ਦੁਨੀਆਵੀ ਜੰਗਾਂ ਤੇ ਯੁੱਧ ਜ਼ਰ, ਜ਼ੋਰੂ ਅਤੇ ਜ਼ਮੀਨ ਅਰਥਾਤ ਧਨ, ਜਾਇਦਾਦ, ਇਸਤਰੀ ਅਤੇ ਧਰਤੀ 'ਤੇ ਰਾਜ ਕਾਇਮ ਕਰਨ ਲਈ ਤੇ ਕਬਜ਼ਾ ਕਰਨ ਕਰਕੇ ਹੀ ਹੋਈਆਂ ਹਨ ਪਰ ਮਰਦ ਅਗੰਮੜੇ ਨੇ ਚੌਦਾਂ ਜੰਗਾਂ ਲੜੀਆਂ, ਕਿਸੇ 'ਤੇ ਹਮਲਾ ਨਹੀਂ ਕੀਤਾ ਬਲਕਿ ਆਪਣੇ 'ਤੇ ਹੋਣ ਵਾਲੇ ਹਰ ਹਮਲੇ ਦੇ ਮੁਕਾਬਲੇ ਲਈ ਯੁੱਧ ਕੀਤਾ ਅਤੇ ਚੌਦਾਂ ਜੰਗਾਂ ਲੜਨ ਉਪ੍ਰੰਤ ਕਿਸੇ ਦੀ ਇਕ ਇੰਚ ਭਰ ਜ਼ਮੀਨ 'ਤੇ ਕਬਜ਼ਾ ਕਰ ਦੁਨਿਆਵੀ ਬਾਦਸ਼ਾਹਤ ਕਾਇਮ ਨਹੀਂ ਕੀਤੀ। ਦੁਨਿਆਵੀ ਜੰਗਾਂ ਬਾਰੇ ਮਨੌਤ ਹੈ ਕਿ ਮੁਹੱਬਤ ਤੇ ਜੰਗ ਵਿੱਚ ਸਭ ਜਾਇਜ਼ ਹੈ ਲੇਕਿਨ ਗੁਰੂ ਗੋਬਿੰਦ ਸਿੰਘ ਜੀ ਉਸ ਅਕਾਲ

ਬਾਕੀ ਸਫ਼ਾ 33 'ਤੇ

# ਵਿਸ਼ਵ ਵਪਾਰ ਸੰਸਥਾ ਅਤੇ ਭਾਰਤੀ ਕਿਸਾਨਾਂ ਦੀ ਹੋਣੀ

ਮੋਹਨ ਸਿੰਘ (ਡਾ.) ਸੰਪਰਕ: 78883-27695

**ਪੰਜਾਬ ਅਤੇ ਹਰਿਆਣਾ ਦੀ ਝੋਨੇ ਅਤੇ ਕਣਕ ਦੀ ਫ਼ਸਲ ਨੂੰ ਛੱਡ ਕੇ ਬਾਕੀ ਦੇਸ਼ ਦੀ 94 ਪ੍ਰਤੀਸ਼ਤ ਫ਼ਸਲ ਪਹਿਲਾਂ ਹੀ ਨਿੱਜੀ ਵਪਾਰੀਆਂ ਦੇ ਹੱਥ ਹੈ, ਇਸ ਕਾਰਨ ਕਿਸਾਨ ਵੱਡੀ ਲੁੱਟ ਦਾ ਖਮਿਆਜ਼ਾ ਭੁਗਤ ਰਹੇ ਹਨ। ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਸਾਮਰਾਜੀ ਦੇਸ਼ਾਂ ਉੱਪਰ ਲਾਗੂ ਨਹੀਂ ਹੁੰਦੀਆਂ ਕਿਉਂਕਿ ਅਮਰੀਕਾ, ਯੂਰੋਪੀਅਨ ਯੂਨੀਅਨ ਅਤੇ ਹੋਰ ਵਿਕਸਤ ਦੇਸ਼ਾਂ ਨੇ ਵਿਸ਼ਵ ਵਪਾਰ ਸੰਸਥਾ ਬਣਨ ਵੇਲੇ ਹੀ ਹਰੇ ਅਤੇ ਪੀਲੇ (ਐਂਬਰ) ਬਕਸੇ ਬਣਾ ਕੇ ਆਪਣੇ ਆਪ ਨੂੰ ਸਬਸਿਡੀਆਂ 'ਤੇ ਰੋਕਾਂ ਵਾਲੇ ਘੇਰੇ ਵਿੱਚੋਂ ਬਾਹਰ ਕਰ ਲਿਆ ਸੀ। ਭਾਰਤ ਜੇ 'ਪੀਸ ਕਲਾਜ਼' ਦੀ ਮਿਆਦ 31 ਦਸੰਬਰ ਬੀਤਣ ਤੋਂ ਬਾਅਦ ਡਬਲਿਊ.ਟੀ.ਓ. ਦੀਆਂ ਸ਼ਰਤਾਂ ਉਲੰਘਦਾ ਹੈ ਤਾਂ ਉਸ ਨੂੰ 'ਝਗੜਾ ਨਿਪਟਾਊ ਫੋਰਮ' ਵਿੱਚ ਖਿੱਚਿਆ ਜਾ ਸਕਦਾ ਹੈ, ਜੋ ਭਾਰਤ ਲਈ ਇੱਕ ਵੱਡੇ ਜੋਖ਼ਿਮ ਵਾਲਾ ਕੰਮ ਹੋਵੇਗਾ। ਇਸ ਭਵ-ਸਾਗਰ ਨੂੰ ਪਾਰ ਕਰਨ ਲਈ ਭਾਰਤ ਨੇ ਫਰਵਰੀ 2018 ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਇੱਕ ਮੀਟਿੰਗ ਸੱਦੀ ਹੈ। ਪਰ ਇਹ ਵੀ ਵਿਅਰਥ ਕਵਾਇਦ ਹੈ। ਇਨ੍ਹਾਂ ਦੇਸ਼ਾਂ ਨੂੰ ਨਾਲ ਲੈ ਕੇ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਏ ਬਿਨਾਂ ਭਾਰਤ ਕੋਲ ਇਸ ਦਾ ਕੋਈ ਕਿਸਾਨ ਪੱਖੀ ਹੱਲ ਦਿਖਾਈ ਨਹੀਂ ਦਿੰਦਾ।**

ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੀ ਬਿਊਨਸ ਆਇਰਸ 'ਚ ਹੋਈ 13ਵੀਂ ਕਾਨਫਰੰਸ ਦੇ ਮੁੱਖ ਏਜੰਡੇ ਖੁਰਾਕੀ ਸੁਰੱਖਿਆ ਲਈ ਖੇਤੀਬਾੜੀ ਫ਼ਸਲਾਂ ਦੀ ਸਰਕਾਰੀ ਖ਼ਰੀਦ, ਫ਼ਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਅਤੇ



ਖੇਤੀ ਸਬਸਿਡੀਆਂ ਸਨ। ਵਿਸ਼ਵ ਵਪਾਰ ਸੰਸਥਾ ਦੀ 2012 ਦੀ 9ਵੀਂ ਬਾਲੀ ਮੀਟਿੰਗ ਵਿੱਚ ਭਾਰਤ ਨੇ ਇਨ੍ਹਾਂ ਮੁੱਦਿਆਂ ਦੀ ਜ਼ੋਰਦਾਰ ਢੰਗ ਨਾਲ ਪੈਰਵੀ ਕੀਤੀ ਸੀ। ਵਿਸ਼ਵ ਵਪਾਰ ਸੰਸਥਾ ਦਾ ਮੌਜੂਦਾ ਦੋਹਾ ਗੇੜ ਨਵੰਬਰ 2001 ਕਤਰ ਵਿੱਚ ਸ਼ੁਰੂ ਹੋਇਆ ਸੀ। ਇਸ ਦਾ ਮੰਤਵ ਰੁਕਾਵਟਾਂ ਨੂੰ ਹਟਾ ਕੇ ਵਿਸ਼ਵ ਵਪਾਰ ਨੂੰ ਵਧਾਉਣ ਬਾਰੇ ਮਿਥਿਆ ਗਿਆ ਸੀ। ਇਸ ਤੋਂ ਬਾਅਦ ਇਸ ਦੀਆਂ ਕੈਨਕਨ 2003, ਹਾਂਗਕਾਂਗ 2005, ਪੈਰਿਸ 2005, ਪੋਟਸਡੈਮ (ਜਰਮਨੀ) 2007 ਅਤੇ ਜਨੇਵਾ ਵਿੱਚ 2004, 2006, 2008 ਵਿੱਚ ਮੀਟਿੰਗਾਂ ਹੋਈਆਂ। ਜੁਲਾਈ 2008 ਵਿੱਚ ਖੇਤੀਬਾੜੀ, ਸਨਅਤ, ਸੇਵਾਵਾਂ ਅਤੇ ਵਪਾਰ ਉੱਪਰ ਮਹਿਸੂਲ ਅਤੇ ਗ਼ੈਰ-ਮਹਿਸੂਲ ਰੋਕਾਂ ਦੇ ਹੱਲ ਨੂੰ ਲੈ ਕੇ ਇਸ ਦੀ ਮੀਟਿੰਗ ਜਾਮ ਹੋ ਗਈ। ਇਸ ਦਾ ਕਾਰਨ ਇੱਕ ਪਾਸੇ ਅਮਰੀਕਾ, ਯੂਰੋਪੀਅਨ ਯੂਨੀਅਨ, ਕੈਨੇਡਾ ਅਤੇ ਜਾਪਾਨ ਅਤੇ ਦੂਜੇ ਪਾਸੇ ਚੀਨ, ਭਾਰਤ, ਬਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਵਿਚਕਾਰ ਗੰਭੀਰ ਮਤਭੇਦ ਸਨ। ਇਸੇ ਤਰ੍ਹਾਂ ਯੂਰੋਪੀਅਨ ਯੂਨੀਅਨ, ਅਮਰੀਕਾ, ਜਾਪਾਨ, ਕੈਨੇਡਾ ਤੇ ਆਸਟਰੇਲੀਆ ਦੇ ਵੀ ਆਪਸੀ ਮਤਭੇਦ ਸਨ। ਪਰ 2008 ਦੇ ਵਿਸ਼ਵ ਆਰਥਿਕ ਸੰਕਟ ਦੀ ਹਫੜਾ-ਦਫੜੀ ਨੇ ਇਸ ਰੇੜਕੇ ਨੂੰ ਹੋਰ ਵਧਾ ਦਿੱਤਾ। ਇਸ ਸੰਕਟ ਨੇ ਅਮਰੀਕਾ ਨੂੰ ਸਭ ਤੋਂ ਵੱਧ ਮਧੋਲਿਆ, ਜਿਸ ਨਾਲ ਉਸ ਦੀ ਆਲਮੀ ਚੌਧਰ ਨੂੰ ਖੋਰਾ ਲੱਗਿਆ। ਚੀਨ ਇੱਕ ਆਰਥਿਕ ਸ਼ਕਤੀ ਬਣ ਕੇ ਉੱਭਰਿਆ ਤੇ ਭਾਰਤ ਦੀ ਛਬ ਵੀ ਵਧੀ। ਇਸ ਬਦਲਦੀ ਹਾਲਤ ਕਾਰਨ ਅਮਰੀਕਾ ਨੇ ਡਬਲਿਊ.ਟੀ.ਓ. ਦਾ ਗਤੀਰੋਧ ਤੋੜਨ ਲਈ ਚੀਨ ਅਤੇ ਭਾਰਤ ਨਾਲ 2008 ਦੇ ਅਖੀਰ ਵਿੱਚ ਗੱਲਬਾਤ ਕੀਤੀ। ਪਰ 'ਪਰਨਾਲਾ ਉੱਥੇ ਦਾ ਉੱਥੇ ਰਿਹਾ'। ਇਸ ਤੋਂ ਬਾਅਦ 2011 ਵਿੱਚ ਡਾਇਰੈਕਟਰ ਜਨਰਲ ਪੈਮ ਲਾਮੀ ਨੇ ਡਬਲਿਊ.ਟੀ.ਓ. ਦਾ ਗਤੀਰੋਧ ਤੋੜਨ ਲਈ ਗੰਭੀਰ ਉਪਰਾਲੇ ਕੀਤੇ। ਉਸ ਨੇ ਜਨਰਲ ਕੌਂਸਲ ਲਈ ਮਈ 2012 ਦੀ ਇੱਕ ਰਿਪੋਰਟ ਤਿਆਰ ਕਰਕੇ ਛੋਟੇ ਸਹਿਮਤੀ ਵਾਲੇ ਮੁੱਦਿਆਂ ਨੂੰ ਪਹਿਲ ਦੇਣ ਅਤੇ ਵੱਡੇ ਮਤਭੇਦਾਂ ਵਾਲੇ ਮੁੱਦਿਆਂ ਨੂੰ ਬਾਅਦ ਵਿੱਚ ਹੱਲ ਕਰਨ ਦਾ ਸੁਝਾਅ ਪੇਸ਼ ਕੀਤਾ। ਇਸ ਦਾ ਸਿੱਟਾ ਬਾਲੀ ਕਾਨਫਰੰਸ ਦੇ 7 ਦਸੰਬਰ 2012 ਦੇ ਸਫਲ ਐਲਾਨਨਾਮੇ ਵਿੱਚ ਨਿਕਲਿਆ।

ਬਾਲੀ (ਇੰਡੋਨੇਸ਼ੀਆ) ਵਿੱਚ ਦਸੰਬਰ 2012 ਦੀ ਕਾਨਫਰੰਸ ਦੇ ਏਜੰਡੇ ਸਨ: 'ਵਪਾਰਕ ਸਹੂਲਤ ਸਮਝੌਤਾ' (ਟਰੇਡ ਫੈਸਿਲੀਟੇਸ਼ਨ ਟਰੀਟੀ) ਜਿਸ ਦਾ ਅਰਥ ਸੀ, ਮਹਿਸੂਲਾਂ ਅਤੇ ਗ਼ੈਰ-ਮਹਿਸੂਲੀ ਟੈਕਸਾਂ ਨੂੰ ਹਟਾਇਆ ਜਾਵੇ; ਵਸਤਾਂ ਅਤੇ ਸੇਵਾਵਾਂ ਦੀ ਆਯਾਤ ਤੇ ਨਿਰਯਾਤ ਲਈ ਆਧਾਰ-ਢਾਂਚਾ ਵਿਕਸਤ ਕੀਤਾ ਜਾਵੇ ਅਤੇ ਸੰਸਾਰ ਵਿੱਚ ਮੁਕਾਬਲੇਬਾਜ਼ੀ ਨੂੰ ਖੁੱਲ੍ਹ ਦਿੱਤੀ ਜਾਵੇ। ਇਸ ਏਜੰਡੇ ਨੂੰ ਯੂਪੀਏ ਸਰਕਾਰ ਨੇ ਪ੍ਰਵਾਨ ਕਰ ਲਿਆ ਸੀ। ਪਰ ਇਸ ਨੇ 'ਖੁਰਾਕ ਸੁਰੱਖਿਆ ਕਾਨੂੰਨ' ਨੂੰ ਲਾਗੂ ਕਰਨ ਲਈ ਖੁਰਾਕ ਦੇ ਸੁਰੱਖਿਅਤ ਭੰਡਾਰਣ, ਕਿਸਾਨਾਂ ਦੀ ਸੁਰੱਖਿਆ ਲਈ ਘੱਟੋ ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਬਾਰੇ ਪੱਕੇ ਹੱਲ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ। ਬਾਲੀ ਮੀਟਿੰਗ ਵਿੱਚ ਅਮਰੀਕਾ ਅਤੇ ਵਿਕਸਿਤ ਮੁਲਕਾਂ ਨੇ ਭਾਰਤ ਦੀਆਂ ਇਨ੍ਹਾਂ ਚਿੰਤਾਵਾਂ ਦਾ ਧਿਆਨ ਰੱਖਣ ਲਈ ਦਸੰਬਰ 2017 ਤਕ 'ਸ਼ਾਂਤੀ ਸਮਝੌਤਾ (ਪੀਸ ਕਲਾਜ਼) ਪਾਸ ਕੀਤਾ, ਜਿਸ ਤਹਿਤ ਭਾਰਤ ਨੂੰ ਅੰਨ ਭੰਡਾਰਣ ਅਤੇ ਘੱਟੋ ਘੱਟ ਸਮਰਥਨ ਮੁੱਲ 'ਤੇ ਸਬਸਿਡੀਆਂ ਜਾਰੀ ਰੱਖਣ ਲਈ ਦਸੰਬਰ 2017 ਤਕ ਦੀ ਮੋਹਲਤ ਮਿਲ ਗਈ ਸੀ। ਇੱਕੋ ਸ਼ਰਤ ਲਾਈ ਗਈ ਕਿ ਇਸ ਨਾਲ ਆਲਮੀ ਵਪਾਰ ਵਿੱਚ ਕੋਈ ਵਿਗਾੜ ਨਾ ਪੈਦਾ ਹੋਵੇ।

ਇਸ ਤਰ੍ਹਾਂ ਭਾਰਤ ਦੀ ਖੁਰਾਕ ਸਮੱਸਿਆ ਦਾ ਹੱਲ ਦਸੰਬਰ 2017 ਤੋਂ ਪਹਿਲਾਂ ਹੋਣਾ ਸੀ। ਪਰ ਬਾਲੀ ਮੀਟਿੰਗ ਤੋਂ ਬਾਅਦ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਦੀਆਂ ਮੀਟਿੰਗਾਂ 'ਚ ਭਾਰਤ ਦੇ ਮੁੱਦੇ ਨੂੰ ਦਰਕਿਨਾਰ ਕਰਕੇ 'ਵਪਾਰਕ ਸਹੂਲਤ ਸਮਝੌਤੇ', ਈ-ਕਾਮਰਸ ਅਤੇ ਹੋਰ ਮੁੱਦਿਆਂ ਨੂੰ ਹੀ ਏਜੰਡਿਆਂ ਵਿੱਚ ਰੱਖਿਆ ਗਿਆ। ਦੂਜੇ ਪਾਸੇ, ਭਾਰਤ ਨੂੰ ਖੁਰਾਕ ਸੁਰੱਖਿਆ, ਘੱਟੋ ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇ ਮਸਲੇ ਹੱਲ ਕਰਨੇ ਅਤਿਅੰਤ ਜ਼ਰੂਰੀ ਸਨ। ਵਿਸ਼ਵ ਵਪਾਰ ਸੰਸਥਾ ਦਾ ਤੈਅਸ਼ੁਦਾ ਕਾਨੂੰਨ ਹੈ ਕਿ ਇਸ ਦਾ ਕੋਈ ਵੀ ਫ਼ੈਸਲਾ ਆਮ ਸਹਿਮਤੀ ਬਿਨਾਂ ਲਾਗੂ ਨਹੀਂ ਹੋ ਸਕਦਾ। ਭਾਰਤ ਦੇ ਅੜਨ ਕਾਰਨ ਇਸ ਵਿੱਚ ਖੜੋਤ ਆ ਗਈ। ਇਸ ਨਾਲ ਮੋਦੀ ਸਰਕਾਰ ਦੀ ਭਾਰਤ ਅੰਦਰ ਸਭ ਖੇਮਿਆਂ ਵੱਲੋਂ ਖੂਬ ਜੈ-ਜੈ ਕਾਰ ਹੋਈ। ਪਰ ਇਹ ਇਸ ਕਦਮ ਨਾਲ ਭਾਰਤ ਆਪਣੇ ਦੂਜੇ ਹਮਸਫ਼ਰਾਂ ਵਿੱਚੋਂ ਛੇਕਿਆ ਗਿਆ ਸੀ। ਵਿਸ਼ਵ ਵਪਾਰ ਸੰਸਥਾ ਮੁਤਾਬਿਕ ਖੇਤੀਬਾੜੀ ਦੀ ਕੁੱਲ ਘਰੇਲੂ ਪੈਦਾਵਾਰ ਦੇ ਮੁੱਲ 'ਤੇ ਵੱਧ ਤੋਂ ਵੱਧ 10 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਸਕਦੀ ਹੈ। ਇਹ ਵੀ ਤੈਅ ਹੈ ਕਿ ਸਬਸਿਡੀਆਂ 1986-1988 ਦੇ ਤਿੰਨ ਸਾਲਾਂ ਦੇ ਸੰਸਾਰ 'ਚ ਖੇਤੀਬਾੜੀ ਉਤਪਾਦ ਦੀਆਂ ਔਸਤ ਕੀਮਤਾਂ ਦੇ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਕਿਸੇ ਦੇਸ਼ ਵਿੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਮੰਡੀ ਵਿੱਚ ਪ੍ਰਚੱਲਿਤ ਮੁੱਲ ਦਾ ਅੰਤਰ ਵੀ 10 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣਾ ਚਾਹੀਦਾ। ਭਾਰਤ



ਜੋ ਸਬਸਿਡੀਆਂ ਦੇ ਰਿਹਾ ਹੈ, ਉਹ 10 ਪ੍ਰਤੀਸ਼ਤ ਦੇ ਆਸ-ਪਾਸ ਹਨ। ਵਿਕਸਿਤ ਦੇਸ਼ਾਂ ਨੂੰ ਵਿਸ਼ਵ ਵਪਾਰ ਸੰਸਥਾ ਦੇ ਬਣਨ ਤੋਂ ਪਹਿਲਾਂ ਹੀ ਪਤਾ ਹੋਣ ਕਰਕੇ ਉਨ੍ਹਾਂ ਨੇ 1986-1988 ਤੋਂ ਪਹਿਲਾਂ ਹੀ ਆਪਣੇ ਦੇਸ਼ਾਂ ਵਿੱਚ ਸਬਸਿਡੀਆਂ ਬਹੁਤ ਵਧਾ ਦਿੱਤੀਆਂ ਸਨ। ਜਦੋਂ ਬਾਅਦ ਵਿੱਚ ਵਿਸ਼ਵ ਵਪਾਰ ਸੰਸਥਾ ਵਿੱਚ ਸਬਸਿਡੀਆਂ ਦੇਣ ਬਾਰੇ ਨਿਯਮ ਬਣੇ ਤਾਂ ਉਨ੍ਹਾਂ ਨਿਯਮਾਂ ਅਨੁਸਾਰ ਸਬਸਿਡੀਆਂ ਦੀ ਪ੍ਰਤੀਸ਼ਤਤਾ 1986-1988 ਵਿਚਕਾਰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਤੋਂ ਵੱਧ ਨਹੀਂ ਹੋ ਸਕਦੀ। ਇਸੇ ਕਰਕੇ ਵਿਕਸਿਤ ਦੇਸ਼ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਮੁਕਾਬਲੇ ਆਪਣੇ ਖੇਤੀਬਾੜੀ ਖੇਤਰ ਨੂੰ ਵੱਡੀਆਂ ਸਬਸਿਡੀਆਂ ਦਿੰਦੇ ਹਨ।

ਭਾਰਤ ਦੇ ਦੋ-ਤਿਹਾਈ ਲੋਕ ਅਜੇ ਵੀ ਖੇਤੀਬਾੜੀ 'ਤੇ ਨਿਰਭਰ ਹਨ। ਸਰਕਾਰ ਨੇ 67 ਪ੍ਰਤੀਸ਼ਤ ਲੋਕਾਂ ਨੂੰ 'ਖੁਰਾਕ ਸੁਰੱਖਿਆ ਕਾਨੂੰਨ' ਦੇ ਘੇਰੇ ਅੰਦਰ ਲਿਆਉਣਾ ਹੈ। ਇਸ ਕਰਕੇ ਭਾਰਤ ਸਰਕਾਰ ਨੂੰ ਇਨ੍ਹਾਂ ਲੋਕਾਂ ਦੀ ਖੁਰਾਕ ਪੂਰਤੀ ਲਈ ਅੰਨ ਦਾ ਭੰਡਾਰਣ ਕਰਨਾ ਹੀ ਪੈਣਾ ਹੈ। ਇਸ ਤੋਂ ਇਲਾਵਾ ਭਾਰਤ ਅੰਦਰ ਗੰਭੀਰ ਜ਼ਰੱਈ ਆਰਥਿਕ ਸੰਕਟ ਮੌਜੂਦ ਹੈ ਅਤੇ ਲੱਖਾਂ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਅਜਿਹੀ ਹਾਲਤ ਵਿੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਸਬਸਿਡੀਆਂ ਦੇਣਾ ਭਾਰਤ ਸਰਕਾਰ ਦੀ ਮਜਬੂਰੀ ਬਣਿਆ ਹੋਇਆ ਹੈ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਕਿਸਾਨਾਂ ਅੰਦਰ ਵੱਡੇ ਪੱਧਰ 'ਤੇ ਹੋਰ ਬੇਚੈਨੀ ਵੱਧ ਸਕਦੀ ਹੈ।

ਵਿਸ਼ਵ ਵਪਾਰ ਵਾਰਤਾ ਦਾ ਦੋਹਾ ਗੇੜ ਸ਼ੁਰੂ ਹੋਣ ਤੋਂ ਬਾਅਦ ਸਾਮਰਾਜੀ ਦੇਸ਼ਾਂ ਵੱਲੋਂ ਤੀਜੀ ਦੁਨੀਆਂ ਦੇ ਖੇਤੀਬਾੜੀ ਖੇਤਰ ਦੇ ਸੰਕਟ ਨੂੰ ਅੱਖੋਂ ਓਹਲੇ ਕਰਕੇ ਆਪਣੇ ਸੰਕਟ ਦਾ ਭਾਰ ਤੀਜੀ ਦੁਨੀਆਂ ਉੱਪਰ ਸੁੱਟਿਆ ਜਾ ਰਿਹਾ ਹੈ। ਸਾਮਰਾਜੀ ਦੇਸ਼ ਜਾਣਦੇ ਹਨ ਕਿ ਭਾਰਤ ਸਰਕਾਰ ਨੂੰ ਮੌਜੂਦਾ ਜ਼ਰੱਈ ਸੰਕਟ ਨੂੰ ਘਟਾਉਣ ਲਈ ਫ਼ਸਲੀ ਜਿਣਸਾਂ ਖ਼ਰੀਦਣ, ਘੱਟੋ ਘੱਟ ਸਮਰਥਨ ਮੁੱਲ ਦੇਣ ਅਤੇ ਸਬਸਿਡੀਆਂ ਦਾ ਲਾਜ਼ਮੀ ਅੱਕ ਚੱਬਣਾ ਪੈਣਾ ਹੈ। ਇਸ ਕਰਕੇ ਸਾਮਰਾਜੀ ਦੇਸ਼ ਦੋਹਾ ਗੇੜ ਸ਼ੁਰੂ ਹੋਣ ਤੋਂ ਬਾਅਦ ਭਾਰਤ ਉੱਪਰ 'ਵਪਾਰਕ ਸਹੂਲਤ ਸਮਝੌਤੇ' ਨੂੰ ਲਾਗੂ ਕਰਨ ਅਤੇ ਫ਼ਸਲਾਂ ਦੀ ਸਰਕਾਰੀ ਖ਼ਰੀਦ ਬੰਦ ਕਰਨ ਲਈ ਐੱਫ.ਸੀ.ਆਈ. ਵਰਗੇ ਸਰਕਾਰੀ ਅਦਾਰਿਆਂ ਨੂੰ ਬੰਦ ਕਰਨ, ਫ਼ਸਲਾਂ ਦੇ ਵਪਾਰ ਦੇ ਨਿੱਜੀਕਰਨ, ਠੇਕਾ ਖੇਤੀ ਸ਼ੁਰੂ ਕਰਨ, ਖੇਤੀਬਾੜੀ ਯੂਨੀਵਰਸਟੀਆਂ ਦਾ ਭੋਗ ਪਾਉਣ, ਖੋਜ ਦਾ ਨਿੱਜੀਕਰਨ ਕਰਨ ਅਤੇ ਐਗਰੀਬਿਜ਼ਨਸ ਕਾਰੋਬਾਰ ਨੂੰ ਪ੍ਰਫੁੱਲਤ ਕਰਨ ਲਈ ਦਬਾਅ ਪਾ ਰਹੇ ਹਨ। ਭਾਰਤੀ ਸਰਕਾਰ ਨੇ ਪਹਿਲਾਂ ਹੀ ਇਸ ਮਾਡਲ ਦੀ ਸੇਧ ਵਿੱਚ ਚੱਲ ਕੇ ਸਵਾਮੀਨਾਥਨ ਕਮੇਟੀ, ਰਮੇਸ਼ ਚੰਦ ਕਮੇਟੀ, ਸ਼ਾਂਤਾ ਕੁਮਾਰ ਕਮੇਟੀ, ਸੂਦਖੋਰਾਂ ਲਈ ਜੌਹਲ ਕਮੇਟੀ, ਐੱਸ.ਸੀ. ਗੁਪਤਾ ਕਮੇਟੀ ਆਦਿ ਬਣਾਈਆਂ ਹੋਈਆਂ ਸਨ। ਪਰ ਇਹ ਕਮਿਸ਼ਨ ਅਤੇ ਕਮੇਟੀਆਂ ਭਾਰਤੀ ਕਿਸਾਨਾਂ ਦੇ ਹਕੀਕੀ ਆਰਥਿਕ ਸੰਕਟ ਵਾਲੀ ਹਾਲਤ ਦੇਖ ਕੇ ਸਾਮਰਾਜ ਅਤੇ ਭਾਰਤੀ ਕਾਰਪੋਰੇਟ ਘਰਾਣਿਆਂ ਦੀਆਂ ਇੱਛਾਵਾਂ ਮੁਤਾਬਿਕ ਸਿਫ਼ਾਰਸ਼ਾਂ ਨਹੀਂ ਕਰ ਸਕੀਆਂ।

ਸੰਸਾਰ ਵਿੱਚ ਪੂੰਜੀਵਾਦੀ ਦੇਸ਼ਾਂ ਦਾ ਬੇਸਾਵਾਂ ਆਰਥਿਕ ਵਿਕਾਸ ਹੋਣ ਕਰਕੇ ਤਾਕਤਾਂ ਦਾ ਤਵਾਜ਼ਨ ਬਦਲ ਰਿਹਾ ਹੈ। ਭਾਰਤ ਵੱਲੋਂ ਰੂਸ ਦੀ ਬਜਾਏ ਅਮਰੀਕਾ ਨਾਲ ਸਾਂਝ ਵਧਾਉਣ ਦੇ ਬਾਵਜੂਦ ਅਮਰੀਕਾ ਨੇ ਵਿਸ਼ਵ ਵਪਾਰ ਸੰਸਥਾ ਵਿੱਚ ਭਾਰਤ ਦਾ ਮਾਸਾ ਵੀ ਲਿਹਾਜ਼ ਨਹੀਂ ਕੀਤਾ। ਹੁਣ 31 ਦਸੰਬਰ ਤੋਂ ਬਾਅਦ ਭਾਰਤ ਉੱਪਰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਲਾਗੂ ਹੋ ਸਕਦੀਆਂ ਹਨ।

ਖੁਰਾਕ ਸੁਰੱਖਿਆ ਲਈ ਭਾਰਤ ਨੂੰ 5.5 ਕਰੋੜ ਟਨ ਅਨਾਜ ਭੰਡਾਰ ਕਰਨ ਦੀ ਜ਼ਰੂਰਤ ਹੈ। ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਮੁਤਾਬਕ ਭਾਰਤ ਕੁੱਲ ਖੇਤੀਬਾੜੀ ਉਤਪਾਦ ਦਾ 10 ਪ੍ਰਤੀਸ਼ਤ ਹੀ ਭੰਡਾਰ ਕਰ ਸਕਦਾ ਹੈ। ਇਉਂ ਭਾਰਤ ਦੇ ਮੰਡੀ ਵਿੱਚ ਆਉਣ ਵਾਲੇ ਖੇਤੀ ਉਤਪਾਦ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਹਵਾਲੇ ਹੋ ਜਾਣਗੇ। ਪੰਜਾਬ ਅਤੇ ਹਰਿਆਣਾ ਦੀ ਝੋਨੇ ਅਤੇ ਕਣਕ ਦੀ ਫ਼ਸਲ ਨੂੰ ਛੱਡ ਕੇ ਬਾਕੀ ਦੇਸ਼ ਦੀ 94 ਪ੍ਰਤੀਸ਼ਤ ਫ਼ਸਲ ਪਹਿਲਾਂ ਹੀ ਨਿੱਜੀ ਵਪਾਰੀਆਂ ਦੇ ਹੱਥ ਹੈ, ਇਸ ਕਾਰਨ ਕਿਸਾਨ ਵੱਡੀ ਲੁੱਟ ਦਾ ਖਮਿਆਜ਼ਾ ਭੁਗਤ ਰਹੇ ਹਨ। ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਸਾਮਰਾਜੀ ਦੇਸ਼ਾਂ ਉੱਪਰ ਲਾਗੂ ਨਹੀਂ ਹੁੰਦੀਆਂ ਕਿਉਂਕਿ ਅਮਰੀਕਾ, ਯੂਰੋਪੀਅਨ ਯੂਨੀਅਨ ਅਤੇ ਹੋਰ ਵਿਕਸਤ ਦੇਸ਼ਾਂ ਨੇ ਵਿਸ਼ਵ ਵਪਾਰ ਸੰਸਥਾ ਬਣਨ ਵੇਲੇ ਹੀ ਹਰੇ ਅਤੇ ਪੀਲੇ (ਐਂਬਰ) ਬਕਸੇ ਬਣਾ ਕੇ ਆਪਣੇ ਆਪ ਨੂੰ ਸਬਸਿਡੀਆਂ 'ਤੇ ਰੋਕਾਂ ਵਾਲੇ ਘੇਰੇ ਵਿੱਚੋਂ ਬਾਹਰ ਕਰ ਲਿਆ ਸੀ। ਭਾਰਤ ਜੇ 'ਪੀਸ ਕਲਾਜ਼' ਦੀ ਮਿਆਦ 31 ਦਸੰਬਰ ਬੀਤਣ ਤੋਂ ਬਾਅਦ ਡਬਲਿਊ.ਟੀ.ਓ. ਦੀਆਂ ਸ਼ਰਤਾਂ ਉਲੰਘਦਾ ਹੈ ਤਾਂ ਉਸ ਨੂੰ 'ਝਗੜਾ ਨਿਪਟਾਊ ਫੋਰਮ' ਵਿੱਚ ਖਿੱਚਿਆ ਜਾ ਸਕਦਾ ਹੈ, ਜੋ ਭਾਰਤ ਲਈ ਇੱਕ ਵੱਡੇ ਜੋਖ਼ਿਮ ਵਾਲਾ ਕੰਮ ਹੋਵੇਗਾ। ਇਸ ਭਵ-ਸਾਗਰ ਨੂੰ ਪਾਰ ਕਰਨ ਲਈ ਭਾਰਤ ਨੇ ਫਰਵਰੀ 2018 ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਇੱਕ ਮੀਟਿੰਗ ਸੱਦੀ ਹੈ। ਪਰ ਇਹ ਵੀ ਵਿਅਰਥ ਕਵਾਇਦ ਹੈ। ਇਨ੍ਹਾਂ ਦੇਸ਼ਾਂ ਨੂੰ ਨਾਲ ਲੈ ਕੇ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਏ ਬਿਨਾਂ ਭਾਰਤ ਕੋਲ ਇਸ ਦਾ ਕੋਈ ਕਿਸਾਨ ਪੱਖੀ ਹੱਲ ਦਿਖਾਈ ਨਹੀਂ ਦਿੰਦਾ।

# ਪੰਜਾਬ ਦੀ ਸਿਆਸੀ ਫਿਜ਼ਾ ਪਿਛਲਾ ਹਨੇਰਾ ਸਾਂਭੀ ਬੈਠਾ ਹੈ ਨਵੇਂ ਸਾਲ ਦੇ ਸੂਰਜ ਲਈ ਗੰਭੀਰ ਚੁਣੌਤੀਆਂ

**ਚੰਡੀਗੜ੍ਹ/ਹਮੀਰ ਸਿੰਘ:** ਨਵੇਂ ਸਾਲ ਦੇ ਚੜ੍ਹਦੇ ਸੂਰਜ ਪਿੱਛੇ ਪੰਜਾਬ ਸਾਹਮਣੇ ਚੁਣੌਤੀਆਂ ਦਾ ਹਨੇਰ ਖੜ੍ਹਾ ਹੈ। ਆਬਾਦੀ ਦਾ ਅੱਧੇ ਤੋਂ ਵੱਧ ਹਿੱਸਾ ਨੌਜਵਾਨਾਂ ਦਾ ਹੈ, ਜੋ ਰੁਜ਼ਗਾਰ ਦੀ ਭਾਲ ਲਈ ਪਰਵਾਸ ਦੇ ਰਾਹ ਪਿਆ ਹੋਇਆ ਹੈ। ਦੇਸ਼ ਦਾ ਢਿੱਡ ਭਰਨ ਵਾਲੇ ਅੰਨਦਾਤਿਆਂ ਦੀਆਂ ਖ਼ੁਦਕੁਸ਼ੀਆਂ ਤੇ ਨਸ਼ਿਆਂ ਵਿੱਚ ਡੁੱਬਦੀ ਜਾ ਰਹੀ ਜਵਾਨੀ ਅਤੇ ਗੰਭੀਰ ਸਮੱਸਿਆਵਾਂ ਨਾਲ ਨਿਪਟਣ ਲਈ ਸਿਆਸੀ ਇੱਛਾ ਸ਼ਕਤੀ ਦੀ ਅਣਹੋਂਦ ਪੰਜਾਬ ਨੂੰ ਹਨੇਰੇ ਵੱਲ ਧੱਕ ਰਹੀ ਹੈ। ਇਹ ਵੱਡਾ ਸੁਆਲ ਹੈ ਕਿ ਕੀ ਨਵਾਂ ਸਾਲ ਰੌਸ਼ਨੀ ਦੀ ਕੋਈ ਕਿਰਨ ਲੈ ਕੇ ਆਵੇਗਾ?

ਪੰਜਾਬ ਦੇ ਨੌਜਵਾਨ ਹਰ ਹੀਲੇ ਵਿਦੇਸ਼ ਜਾਣ ਦੀ ਦੌੜ ਵਿੱਚ ਹਨ। ਬਹੁਤ ਲੰਮੇ ਸਮੇਂ ਤੋਂ ਪੰਜਾਬੀ ਵਿਦੇਸ਼ ਜਾਂਦੇ ਰਹੇ ਹਨ, ਪਰ ਇੱਕ ਸਮੇਂ ਤੱਕ ਇਨ੍ਹਾਂ ਨੇ ਵਾਪਸ ਪੈਸਾ ਭੇਜ ਕੇ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤੀ ਦਿੱਤੀ ਹੈ ਤੇ ਮੁੜ ਵਾਪਸ ਆਉਣ ਦੀ ਉਮੀਦ ਵੀ ਬਣਾਈ ਰੱਖੀ। ਇਹ ਦੌਰ ਅਸਲੋਂ ਨਵਾਂ ਹੈ, ਜਿਸ ਵਿੱਚ ਪੰਜਾਬ ਦੇ ਮੱਧ ਵਰਗ ਨਾਲ ਜੁੜੀ ਪੜ੍ਹੀ-ਲਿਖੀ ਕਿਰਤ ਸ਼ਕਤੀ ਸਿਰਫ਼ ਬਾਹਰ ਨਹੀਂ ਜਾ ਰਹੀ, ਬਲਕਿ ਇੱਥੋਂ ਸਭ ਵੇਚ-ਵੱਟ ਕੇ ਪੱਕੇ ਤੌਰ 'ਤੇ ਵਿਦੇਸ਼ ਵਸਣਾ ਚਾਹੁੰਦੀ ਹੈ।



ਪੰਜਾਬ ਦੀ ਪੂੰਜੀ ਅਤੇ ਪੰਜਾਬ ਵਿੱਚ ਹੀ ਰਹਿ ਕੇ ਖ਼ੂਬਸੂਰਤ ਸਮਾਜ ਸਿਰਜਣ ਦੀਆਂ ਭਾਵਨਾਵਾਂ ਵਾਲਾ ਜਜ਼ਬਾ ਬਾਹਰ ਦਾ ਰਾਹ ਤਲਾਸ਼ ਰਿਹਾ ਹੈ। ਨੌਜਵਾਨਾਂ ਲਈ ਰੁਜ਼ਗਾਰ ਦਾ ਸਾਧਨ ਨਹੀਂ, ਕਿਸਾਨ ਅਤੇ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰ ਰਹੇ ਹਨ ਤੇ ਉਦਯੋਗਿਕ ਵਿਕਾਸ ਦਾ ਰੁਝਾਨ ਵੀ ਦਿਖਾਈ ਨਹੀਂ ਦੇ ਰਿਹਾ।

ਪੰਜਾਬ ਦੇ ਉੱਘੇ ਅਰਥ-ਸ਼ਾਸਤਰੀ ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਆਪਣਾ ਸਭ ਕੁਝ ਗੁਆਉਂਦਾ ਜਾ ਰਿਹਾ ਹੈ। ਸੂਬਾ ਸਰਕਾਰ ਕੋਲ ਪੰਜਾਬ ਦੀ ਡੁੱਬ ਚੁੱਕੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਦਖ਼ਲ ਦੇਣ ਜੋਗੀ ਵੀ ਹੈਸੀਅਤ ਨਹੀਂ ਹੈ ਤੇ ਨਾ ਹੀ ਕਿਸੇ ਤਰ੍ਹਾਂ ਦਾ ਕੋਈ ਉੱਦਮ ਨਜ਼ਰ ਆ ਰਿਹਾ ਹੈ। ਜਿਹੜੇ ਨੌਜਵਾਨ ਦੁਬਈ ਜਾਂ ਅਰਬ ਦੇਸ਼ਾਂ ਵਿੱਚ ਜਾਂਦੇ ਹਨ, ਉਹ ਤਾਂ ਅਜੇ ਪੈਸਾ ਵਾਪਸ ਭੇਜਦੇ ਹਨ ਤੇ ਉਥੇ ਵੱਸ ਜਾਣ ਦੇ ਮਾਮਲੇ ਵੀ ਘੱਟ ਹਨ, ਪਰ ਅਮਰੀਕਾ, ਕੈਨੇਡਾ ਜਾਂ ਯੂਰੋਪੀਅਨ ਮੁਲਕਾਂ ਵਿੱਚ ਤਾਂ ਲੋਕ ਸਥਾਈ ਵਸੇਬੇ ਲਈ ਹੀ ਜਾ ਰਹੇ ਹਨ। ਅਜਿਹਾ ਰੁਝਾਨ ਰੋਕਣ ਲਈ ਪੰਜਾਬ ਵਿੱਚ ਰੁਜ਼ਗਾਰ ਮੁਖੀ ਮਾਹੌਲ ਬਣਾਉਣਾ ਵੱਡੀ ਚੁਣੌਤੀ ਹੈ ਤੇ ਇਹ ਸਿਆਸੀ ਮਾਨਸਿਕਤਾ ਤਬਦੀਲ ਕੀਤੇ ਬਿਨਾਂ ਸੰਭਵ ਨਹੀਂ ਹੋਵੇਗਾ।

ਖੇਤੀ ਸੰਕਟ ਦੇਸ਼ ਪੱਧਰੀ ਸੰਕਟ ਹੈ। ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਦੇ ਸਰਵੇਖਣ ਅਨੁਸਾਰ ਲਗਭਗ 17 ਹਜ਼ਾਰ ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਪੰਜਾਬ ਵਿਧਾਨ ਸਭਾ ਦੀ ਕਮੇਟੀ ਵੀ ਕਰਜ਼ੇ ਦੇ ਕਾਰਨਾਂ ਦੀ ਜਾਂਚ ਕਰਕੇ ਰਿਪੋਰਟ ਤਿਆਰ ਕਰਨ ਵਿੱਚ ਜੁਟੀ ਹੋਈ ਹੈ। ਕੈਪਟਨ ਅਮਰਿੰਦਰ ਸਿੰਘ 7 ਜਨਵਰੀ ਨੂੰ ਮਾਨਸਾ ਵਿੱਚ ਇੱਕ ਸਮਾਗਮ ਕਰਕੇ ਢਾਈ ਏਕੜ ਤੋਂ ਘੱਟ ਵਾਲੇ ਕਿਸਾਨਾਂ ਦੇ ਸਹਿਕਾਰੀ ਕਰਜ਼ੇ ਮੁਆਫ਼ ਕਰਨ ਦੇ ਐਲਾਨ ਨੂੰ ਅਮਲੀ ਰੂਪ ਦੇਣ ਵਾਲੇ ਹਨ।

ਬਾਕੀ ਸਫ਼ਾ 36 'ਤੇ

# ਵੱਡੇ ਅਡੰਬਰ ਦੌਰਾਨ ਜੈਰਾਮ ਠਾਕੁਰ ਨੇ ਚੁੱਕੀ ਹਿਮਾਚਲ ਦੇ 14ਵੇਂ ਮੁੱਖ ਮੰਤਰੀ ਵਜੋਂ ਸਹੁੰ

**ਸ਼ਿਮਲਾ/ਬਿਊਰੋ ਨਿਊਜ਼:** ਸਿਰਾਜ ਹਲਕੇ ਤੋਂ ਪੰਜਵੀਂ ਵਾਰ ਵਿਧਾਇਕ ਚੁਣੇ ਗਏ 52 ਸਾਲਾ ਜੈਰਾਮ ਠਾਕੁਰ ਨੇ ਹਿਮਾਚਲ ਪ੍ਰਦੇਸ਼ ਦੇ 14ਵੇਂ ਮੁੱਖ ਮੰਤਰੀ ਵਜੋਂ ਹਲਫ਼ ਲਿਆ ਹੈ। ਇਥੇ ਇਤਿਹਾਸਕ ਰਿਜ ਗਰਾਊਂਡ 'ਚ ਕਰਾਏ ਹਲਫ਼ਦਾਰੀ ਸਮਾਗਮ ਵਿੱਚ ਰਾਜਪਾਲ ਅਚਾਰਿਆ ਦੇਵਵਰਤ ਨੇ 11 ਹੋਰ ਮੰਤਰੀਆਂ ਨੂੰ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਕੈਬਨਿਟ 'ਚ ਛੇ ਨਵੇਂ ਚਿਹਰਿਆਂ ਨੂੰ ਜਗ੍ਹਾ ਮਿਲੀ ਹੈ। ਹਲਫ਼ਦਾਰੀ ਸਮਾਗਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਪ੍ਰਧਾਨ ਅਮਿਤ ਸ਼ਾਹ, ਸੀਨੀਅਰ ਆਗੂ ਐਲ ਕੇ ਅਡਵਾਨੀ ਤੋਂ ਇਲਾਵਾ ਯੋਗੀ ਅਦਿੱਤਿਆਨਾਥ, ਮਨੋਹਰ ਲਾਲ ਖੱਟਰ ਤੇ ਦੇਵੇਂਦਰ ਫੜਨਵੀਸ ਵਰਗੇ ਭਾਜਪਾ ਦੀ ਸੱਤਾ ਵਾਲੇ ਸੂਬਿਆਂ ਦੇ ਮੁੱਖ ਮੰਤਰੀ ਪੁੱਜੇ ਹੋਏ ਸਨ।

ਰਾਜੀਵ ਬਿੰਦਲ ਹਿਮਾਚਲ ਵਿਧਾਨ ਸਭਾ ਦੇ ਸਪੀਕਰ ਹੋਣਗੇ। ਸੂਬੇ ਦੇ ਦੂਜੇ ਸਭ ਤੋਂ ਵੱਡੇ ਜ਼ਿਲ੍ਹੇ ਮੰਡੀ ਤੋਂ ਜੈਰਾਮ ਪਹਿਲੇ ਮੁੱਖ ਮੰਤਰੀ ਬਣੇ ਹਨ। ਸੁਰੇਸ਼ ਭਾਰਦਵਾਜ ਅਤੇ ਗੋਬਿੰਦ ਸਿੰਘ ਠਾਕੁਰ ਨੇ ਸੰਸਕ੍ਰਿਤ ਵਿੱਚ ਹਲਫ਼ ਲਿਆ ਜਦੋਂਕਿ ਬਾਕੀਆਂ ਨੇ ਹਿੰਦੀ ਵਿੱਚ ਸਹੁੰ ਚੁੱਕੀ। ਸਰਵੀਨ ਚੌਧਰੀ ਕੈਬਨਿਟ 'ਚ ਇਕਲੌਤੀ ਮਹਿਲਾ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ, ਭਾਜਪਾ ਪ੍ਰਧਾਨ ਅਮਿਤ ਸ਼ਾਹ ਹਲਫ਼ਦਾਰੀ ਸਮਾਗਮ ਦੌਰਾਨ ਲੋਕਾਂ ਵੱਲ ਹੱਥ ਹਿਲਾਉਂਦੇ ਹੋਏ।

ਨਵੇਂ ਮੰਤਰੀਆਂ 'ਚ ਮੋਹਿੰਦਰ ਸਿੰਘ, ਕ੍ਰਿਸ਼ਨ ਕਪੂਰ, ਸੁਰੇਸ਼ ਭਾਰਦਵਾਜ, ਅਨਿਲ ਸ਼ਰਮਾ, ਸਰਵੀਨ ਚੌਧਰੀ, ਰਾਮ ਲਾਲ ਮਾਰਕੰਡਾ, ਵਿਪਿਨ ਪਰਮਾਰ, ਵਿਰੇਂਦਰ ਕੰਵਰ, ਗੋਬਿੰਦ ਠਾਕੁਰ, ਰਾਜੀਵ ਸੈਜ਼ਲ ਅਤੇ ਵਿਕਰਮ ਸਿੰਘ ਸ਼ਾਮਲ ਹਨ। ਮੁੱਖ ਮੰਤਰੀ ਤੋਂ ਇਲਾਵਾ ਦੋ ਮੰਤਰੀ ਮੰਡੀ ਦੇ ਹਨ। ਕਾਂਗੜਾ ਜ਼ਿਲ੍ਹੇ 'ਚੋਂ ਚਾਰ ਮੰਤਰੀ ਹਨ ਜਦੋਂਕਿ ਸ਼ਿਮਲਾ, ਸੋਲਨ, ਕੁੱਲੂ, ਊਨਾ ਅਤੇ ਲਾਹੌਲ ਤੇ ਸਪਿਤੀ ਜ਼ਿਲ੍ਹਿਆਂ 'ਚੋਂ ਇਕ ਇਕ ਮੰਤਰੀ ਬਣਾਇਆ ਗਿਆ ਹੈ। ਬਿਲਾਸਪੁਰ ਤੇ ਹਮੀਰਪੁਰ, ਜੋ ਕੇਂਦਰੀ ਸਿਹਤ ਮੰਤਰੀ ਜੇਪੀ ਨੱਢਾ ਅਤੇ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੇ ਗ੍ਰਹਿ ਜ਼ਿਲ੍ਹੇ ਹਨ, ਚੰਬਾ ਤੇ ਸਿਰਮੌਰ ਜ਼ਿਲ੍ਹਿਆਂ ਨੂੰ ਕੈਬਨਿਟ 'ਚ ਨੁਮਾਇੰਦਗੀ ਨਹੀਂ ਦਿੱਤੀ ਗਈ ਹੈ। ਹਿਮਾਚਲ ਵਜ਼ਾਰਤ 'ਚ ਮੁੱਖ ਮੰਤਰੀ ਜੈਰਾਮ, ਮੋਹਿੰਦਰ ਸਿੰਘ, ਵਿਪਿਨ ਪਰਮਾਰ, ਵਿਰੇਂਦਰ ਕੰਵਰ, ਗੋਬਿੰਦ ਠਾਕੁਰ ਤੇ ਵਿਕਰਮ ਸਿੰਘ ਸਮੇਤ ਛੇ ਰਾਜਪੂਤ ਹਨ। ਸੁਰੇਸ਼ ਭਾਰਦਵਾਜ, ਅਨਿਲ ਸ਼ਰਮਾ ਤੇ ਰਾਮ ਲਾਲ ਮਾਰਕੰਡਾ (ਕਬਾਇਲੀ ਤੇ ਬ੍ਰਾਹਮਣ) ਸਮੇਤ ਤਿੰਨ ਬ੍ਰਾਹਮਣ ਹਨ। ਇਨ੍ਹਾਂ ਤੋਂ ਇਲਾਵਾ ਦੋ ਓਬੀਸੀ ਵਿਧਾਇਕ ਮੰਤਰੀ ਬਣਾਏ ਗਏ ਹਨ। ਹਲਫ਼ਦਾਰੀ ਸਮਾਗਮ ਵਿੱਚ ਮੁੱਖ ਮੰਤਰੀ ਦੇ ਜ਼ਿਲ੍ਹੇ ਮੰਡੀ ਦੇ ਸੈਂਕੜੇ ਲੋਕ ਪੁੱਜੇ ਹੋਏ ਸਨ, ਜੋ ਰਵਾਇਤੀ ਲੋਕ ਸੰਗੀਤ ਦੀਆਂ ਧੁਨਾਂ 'ਤੇ ਨੱਚ ਰਹੇ ਸਨ।

**ਮੋਦੀ ਨੇ ਲਈਆਂ ਕੌਫੀ ਦੀਆਂ ਚੁਸਕੀਆਂ**

ਸ਼ਿਮਲਾ 'ਚ ਇੰਡੀਅਨ ਕੌਫੀ ਹਾਊਸ ਦੀ 'ਖੁਸ਼ਬੂ' ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੁਕਣ ਲਈ ਮਜਬੂਰ ਕਰ ਦਿੱਤਾ। ਸੁਰੱਖਿਆ ਤੋਂ ਬੇਪ੍ਰਵਾਹ ਸ੍ਰੀ ਮੋਦੀ ਕਾਰ ਵਿੱਚੋਂ ਨਿਕਲ ਕੇ ਸਿੱਧੇ ਕੌਫੀ ਹਾਊਸ ਅੰਦਰ ਗਏ ਅਤੇ ਕੌਫੀ ਦੀਆਂ ਚੁਸਕੀਆਂ ਲਈਆਂ। ਪ੍ਰਧਾਨ ਮੰਤਰੀ ਦੀ ਝਲਕ ਲਈ ਬਾਹਰ ਲੋਕਾਂ ਦੀ ਭੀੜ ਜੁੜ ਗਈ। ਹਿਮਾਚਲ 'ਚ 8 ਸਾਲ ਤਕ ਭਾਜਪਾ ਦੇ ਇੰਚਾਰਜ ਰਹੇ ਸ੍ਰੀ ਮੋਦੀ ਲਈ ਇੰਡੀਅਨ ਕੌਫੀ ਹਾਊਸ ਪਸੰਦੀਦਾ ਸਥਾਨ ਰਿਹਾ ਹੈ। 27 ਅਪਰੈਲ ਨੂੰ ਰੈਲੀ ਦੌਰਾਨ ਉਨ੍ਹਾਂ ਨੇ ਇਸ ਕੌਫੀ ਹਾਊਸ ਦਾ ਵਿਸ਼ੇਸ਼ ਜ਼ਿਕਰ ਕੀਤਾ ਸੀ।

## ਲੋਕ ਸਭਾ 'ਚ ਪਾਸ ਹੋਇਆ ਤੀਹਰਾ ਤਲਾਕ ਰੋਕੂ ਬਿੱਲ ਭਾਜਪਾ

**ਨਵੀਂ ਦਿੱਲੀ/ਬਿਊਰੋ ਨਿਊਜ਼,**

ਲੋਕ ਸਭਾ ਨੇ ਫ਼ੌਰੀ ਤੀਹਰੇ ਤਲਾਕ ਬਿੱਲ ਨੂੰ ਪਾਸ ਕਰ ਦਿੱਤਾ ਹੈ। ਇਸ ਨਾਲ ਪਤੀ ਨੂੰ ਤਿੰਨ ਸਾਲ ਤਕ ਦੀ ਸਜ਼ਾ ਹੋ ਸਕੇਗੀ। ਮੁਸਲਿਮ ਔਰਤਾਂ ਦੇ ਪੱਖ ਵਾਲੇ ਇਸ ਬਿੱਲ ਨੂੰ ਸਰਕਾਰ ਨੇ ਇਤਿਹਾਸਕ ਕਰਾਰ ਦਿੱਤਾ ਹੈ। ਉਂਜ ਵੱਖ ਵੱਖ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਬਿੱਲ 'ਚ ਸੋਧ ਪੇਸ਼ ਕੀਤੇ ਜਿਨ੍ਹਾਂ ਨੂੰ ਸਦਨ ਨੇ ਖ਼ਾਰਿਜ ਕਰ ਦਿੱਤਾ। ਰਾਸ਼ਟਰੀ ਜਨਤਾ ਦਲ, ਏਆਈਐਮਆਈਐਮ, ਬੀਜੇਡੀ, ਅੰਨਾਡੀਐਮਕੇ ਅਤੇ ਆਲ ਇੰਡੀਆ ਮੁਸਲਿਮ ਲੀਗ ਨੇ ਬਿੱਲ ਦਾ ਵਿਰੋਧ ਕਰਦਿਆਂ ਇਸ ਨੂੰ ਇੱਕ ਧਿਰ ਪੱਖੀ ਅਤੇ ਨੁਕਸਦਾਰ ਤਜਵੀਜ਼ ਠਹਿਰਾਇਆ। ਮੁਸਲਿਮ ਮਹਿਲਾ (ਵਿਆਹ ਸਬੰਧੀ ਹੱਕਾਂ ਦੀ ਰਾਖੀ) ਬਿੱਲ ਫ਼ੌਰੀ ਤੀਹਰੇ ਤਲਾਕ ਜਾਂ ਤਲਾਕ-ਏ-ਬਿੱਦਤ 'ਤੇ ਲਾਗੂ ਹੋਵੇਗਾ। ਬਿੱਲ 'ਚ ਤਜਵੀਜ਼ ਹੈ ਕਿ ਪੀੜਤਾ ਮੈਜਿਸਟਰੇਟ ਕੋਲ ਆਪਣੇ ਅਤੇ ਛੋਟੇ ਬੱਚੇ ਦੀ ਹਵਾਲਗੀ ਲਈ ਗੁਜ਼ਾਰੇ ਭੱਤੇ ਦੀ ਮੰਗ ਕਰ ਸਕਦੀ ਹੈ। ਕਾਨੂੰਨ ਤਹਿਤ ਤਲਾਕ, ਤਲਾਕ, ਤਲਾਕ ਬੋਲ, ਲਿਖ ਕੇ ਜਾਂ ਈ-ਮੇਲ, ਐਸਐਮਐਸ ਅਤੇ ਵੱਟਸਐਪ ਰਾਹੀਂ ਭੇਜਣਾ ਗ਼ੈਰਕਾਨੂੰਨੀ ਹੋਵੇਗਾ। ਹੁਣ ਇਹ ਬਿੱਲ ਰਾਜ ਸਭਾ 'ਚ ਪੇਸ਼ ਹੋਵੇਗਾ ਜਿਸ ਮਗਰੋਂ ਦਸਤਖ਼ਤਾਂ ਲਈ ਰਾਸ਼ਟਰਪਤੀ ਕੋਲ ਜਾਵੇਗਾ। ਇਸ ਤੋਂ ਪਹਿਲਾਂ ਲੋਕ ਸਭਾ 'ਚ ਕਾਂਗਰਸ ਦੇ ਆਗੂ ਮਲਿਕਾਰਜੁਨ ਖੜਗੇ ਨੇ ਮੰਗ ਕੀਤੀ ਕਿ ਬਿੱਲ 'ਚ ਕਈ ਖਾਮੀਆਂ ਹੋਣ ਕਰਕੇ ਇਸ ਨੂੰ ਸਟੈਂਡਿੰਗ ਕਮੇਟੀ ਹਵਾਲੇ ਕੀਤਾ ਜਾਵੇ। ਉਨ੍ਹਾਂ ਕਿਹਾ,"ਤਾਕਤ ਦੇਣ ਦੀ ਇੰਨੀ ਕਾਹਲ ਕੀ ਹੈ। ਮੁਲਕ ਅਤੇ ਮੁਸਲਿਮ ਮਹਿਲਾਵਾਂ ਦੇ ਹਿੱਤ 'ਚ ਬਿੱਲ 'ਤੇ ਵਿਚਾਰ ਵਟਾਂਦਰੇ ਲਈ ਇਹ ਸਟੈਂਡਿੰਗ ਕਮੇਟੀ ਹਵਾਲੇ ਕਰਨਾ ਚਾਹੀਦਾ ਹੈ।" ਬਹਿਸ ਦੀ ਸ਼ੁਰੂਆਤ ਕਰਦਿਆਂ ਕਾਂਗਰਸ ਦੀ ਸੁਸ਼ਮਿਤਾ ਦੇਵ ਨੇ ਕਿਹਾ ਕਿ ਬਿੱਲ ਦੀ ਮੁਸਲਿਮ ਮਰਦਾਂ ਖ਼ਿਲਾਫ਼ ਦੁਰਵਰਤੋਂ ਹੋ ਸਕਦੀ ਹੈ।

ਅੰਨਾਡੀਐਮਕੇ ਦੇ ਏ ਅਨਵਰ ਰਾਜਾ ਨੇ ਦੋਸ਼ ਲਾਇਆ ਕਿ ਸਰਕਾਰ ਫਿਰਕੂ ਏਜੰਡਾ ਅਪਣਾ ਰਹੀ ਹੈ ਅਤੇ ਮੁਲਕ 'ਚੋਂ ਉਹ ਮੁਸਲਿਮਾਂ ਦੀ ਪਛਾਣ ਖ਼ਤਮ ਕਰਨਾ ਚਾਹੁੰਦੀ ਹੈ। ਬੀਜੇਡੀ ਦੇ ਤਥਾਗਤ ਸਤਪਤੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਬਿੱਲ ਦੀ ਹਮਾਇਤ ਕਰਦੀ ਹੈ ਪਰ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਮਨਸ਼ਾ 'ਤੇ ਸ਼ੱਕ ਹੈ। ਸੀਪੀਐਮ ਦੇ ਏ ਸੰਪਤ ਨੇ ਮੰਗ ਕੀਤੀ ਕਿ ਬਿੱਲ ਸਟੈਂਡਿੰਗ ਕਮੇਟੀ ਹਵਾਲੇ ਕੀਤਾ ਜਾਵੇ। ਸੀਪੀਐਮ ਆਗੂ ਬਰਿੰਦਾ ਕਰਤ ਨੇ ਬਿੱਲ 'ਤੇ ਇਤਰਾਜ਼ ਉਠਾਉਂਦਿਆਂ ਕਿਹਾ ਕਿ ਮੁਸਲਿਮ ਔਰਤਾਂ ਨੂੰ ਪੁੱਛੇ ਬਿਨਾਂ ਇਹ ਬਿੱਲ ਪੇਸ਼ ਕਰਨਾ ਜਾਇਜ਼ ਨਹੀਂ ਹੈ। ਭਾਜਪਾ ਨੇ ਪਹਿਲਾਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੀਹਰੇ ਤਲਾਕ 'ਤੇ ਸਰਬਸੰਮਤੀ ਬਣਾਉਣ ਦੀ ਅਪੀਲ ਕੀਤੀ ਹੈ।

### 'ਬਿੱਲ ਨੂੰ ਧਰਮ ਜਾਂ ਸਿਆਸਤ ਵਜੋਂ ਨਾ ਵੇਖੋ'

ਬਿੱਲ ਪੇਸ਼ ਕਰਦਿਆਂ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਕਈ ਇਸਲਾਮੀ ਮੁਲਕਾਂ ਨੇ ਤੀਹਰੇ ਤਲਾਕ ਨੂੰ ਨਿਯਮਤ ਕਰ ਦਿੱਤਾ ਅਤੇ



ਭਾਰਤ ਨੂੰ ਵੀ ਉਸੇ ਰਾਹ ਪੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਿੱਲ ਨੂੰ ਕਿਸੇ ਧਰਮ ਜਾਂ ਸਿਆਸਤ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ। ਸੁਪਰੀਮ ਕੋਰਟ ਨੇ ਵੀ ਆਪਣੇ ਵੱਖ ਵੱਖ ਫ਼ੈਸਲਿਆਂ 'ਚ ਤੀਹਰੇ ਤਲਾਕ 'ਤੇ ਚਿੰਤਾ ਪ੍ਰਗਟਾਈ ਹੈ। ਸ੍ਰੀ ਪ੍ਰਸਾਦ ਨੇ ਕਿਹਾ ਕਿ ਤੀਹਰੇ ਤਲਾਕ ਦੇ ਅਮਲ ਨੇ ਮੁਸਲਿਮ ਔਰਤਾਂ 'ਤੇ ਕਹਿਰ ਢਾਹਿਆ ਹੈ। ਇਹ ਕੋਈ ਧਰਮ, ਵਿਸ਼ਵਾਸ, ਪੂਜਾ ਦਾ ਮੁੱਦਾ ਨਹੀਂ ਸਗੋਂ ਔਰਤਾਂ ਨੂੰ ਇਨਸਾਫ਼, ਬਰਾਬਰੀ ਅਤੇ ਅਣਖ ਦਿਵਾਉਣ ਦਾ ਮਾਮਲਾ ਹੈ।

## ਉੱਘੇ ਐਕਟਰ ਰਜਨੀਕਾਂਤ ਵੱਲੋਂ ਚੋਣ ਮੈਦਾਨ ਵਿੱਚ ਕੁੱਦਣ ਦੇ ਐਲਾਨ ਨਾਲ ਤਮਿਲ ਰਾਜਨੀਤੀ 'ਚ ਆਇਆ ਭੂਚਾਲ

**ਚੇਨਈ/ਬਿਊਰੋ ਨਿਊਜ਼:**

ਦੋ ਦਹਾਕਿਆਂ ਦੀਆਂ ਕਿਆਸਾਂ ਨੂੰ ਵਿਰਾਮ ਦਿੰਦਿਆਂ ਸੁਪਰਸਟਾਰ ਰਜਨੀਕਾਂਤ ਵਲੋਂ ਸਿਆਸਤ 'ਚ ਆਉਣ ਦਾ ਐਲਾਨ ਕਰਨ ਤਮਿਲ ਨਾਡੂ ਦੀ ਰਾਜਨੀਤੀ 'ਚ ਸਿਆਸੀ ਭੂਚਾਲ ਆ ਗਿਆ ਲਗਦਾ ਹੈ। ਉਂਜ ਉਨ੍ਹਾਂ ਅਜੇ ਪਾਰਟੀ ਨਹੀਂ ਬਣਾਈ ਹੈ ਪਰ ਤਾਮਿਲ ਨਾਡੂ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਸਾਰੀਆਂ 234 ਸੀਟਾਂ 'ਤੇ ਉਮੀਦਵਾਰ ਮੈਦਾਨ 'ਚ



ਉਤਾਰਨ ਦਾ ਫ਼ੈਸਲਾ ਕਰ ਲਿਆ ਹੈ। ਐਤਵਾਰ ਨੂੰ ਇੱਥੇ ਅਪਣੇ ਪ੍ਰਸ਼ੰਸਕਾਂ ਦੀ ਹਾਜ਼ਰੀ 'ਚ ਸਿਆਸਤ 'ਚ ਇਮਾਨਦਾਰੀ ਅਤੇ ਚੰਗੇ ਰਾਜ ਪ੍ਰਬੰਧ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਰਾ ਕੁਝ ਬਦਲਣ ਅਤੇ ਜਾਤ ਜਾਂ ਧਰਮ ਰਹਿਤ 'ਰੂਹਾਨੀ ਸਿਆਸਤ' ਦੀ ਲੋੜ ਹੈ। 'ਇਹੋ ਮੇਰਾ ਸਿਧਾਂਤ ਅਤੇ ਇੱਛਾ ਹੈ।' ਲੋਕਾਂ ਤੋਂ ਹਮਾਇਤ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਇਕੱਲਿਆਂ ਕੁਝ ਵੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਿਆਂ ਦੇ ਸਮੇਂ ਵੇਲੇ ਉਹ ਆਪਣੇ ਦੁਸ਼ਮਣਾਂ ਦੇ ਮੁਲਕ 'ਚ ਲੁੱਟਮਾਰ ਕਰਦੇ ਸਨ ਪਰ ਜਮਹੂਰੀਅਤ 'ਚ ਪਾਰਟੀਆਂ ਆਪਣੇ ਹੀ ਲੋਕਾਂ ਨੂੰ ਲੁੱਟ ਰਹੀਆਂ ਹਨ। ਰਜਨੀਕਾਂਤ ਨੇ ਕਿਹਾ ਕਿ ਉਹ ਅਜਿਹੇ ਨਿਸ਼ਕਾਮ ਵਾਲੰਟੀਅਰ ਚਾਹੁੰਦੇ ਹਨ ਜੋ ਪੱਖਪਾਤ ਜਾਂ ਭ੍ਰਿਸ਼ਟਾਚਾਰ ਨੂੰ ਸਹਿਣ ਨਾ ਕਰਨ। ਅਦਾਕਾਰ ਨੇ ਕਿਹਾ ਕਿ ਪਹਿਲਾ ਕੰਮ ਪ੍ਰਸ਼ੰਸਕਾਂ ਦੇ ਕਲੱਬਾਂ ਨੂੰ ਇਕਸਾਰ ਕਰਨ ਦਾ ਹੋਵੇਗਾ ਅਤੇ ਇਸ 'ਚ ਸਾਰੇ ਵਰਗਾਂ ਦੇ ਲੋਕ ਲਿਆਉਣੇ ਪੈਣਗੇ। 'ਸਿਆਸਤ 'ਚ ਆਉਣ ਦਾ ਜੇਕਰ ਹੁਣ ਵੀ ਮੈਂ ਕੋਈ ਫ਼ੈਸਲਾ ਨਾ ਲੈਂਦਾ ਤਾਂ ਮੇਰੀ ਮੌਤ ਤਕ ਤਾਮਿਲ ਲੋਕਾਂ ਲਈ ਕੁਝ ਚੰਗਾ ਨਾ ਕਰਨ ਦੀ ਮੇਰੀ ਚਾਹਤ ਮੈਨੂੰ ਪਰੇਸ਼ਾਨ ਕਰਦੀ ਰਹਿੰਦੀ।' ਇਸ ਮੌਕੇ ਉਨ੍ਹਾਂ ਭਗਵਤ ਗੀਤਾ ਦਾ ਸ਼ਲੋਕ ਵੀ ਪੜ੍ਹਿਆ। ਇਕ ਹੋਰ ਅਦਾਕਾਰ ਕਮਲ ਹਾਸਨ ਨੇ ਟਵੀਟ ਕਰਕੇ ਰਜਨੀਕਾਂਤ ਦੇ ਸਿਆਸਤ 'ਚ ਦਾਖ਼ਲੇ ਦਾ ਸਵਾਗਤ ਕੀਤਾ ਹੈ।

## ਕਾਲ ਕੋਠੜੀ ਦੇ ਬੰਦੀ ਜਾਧਵ ਦੀ ਪਤਨੀ ਅਤੇ ਮਾਂ ਨੂੰ ਵਿਧਵਾ ਵਜੋਂ ਪੇਸ਼ ਕਰਨਾ ਪਾਕਿਸਤਾਨ ਦੀ ਘਿਣਾਉਣੀ ਮਾਨਸਿਕਤਾ ਦਾ ਪ੍ਰਗਟਾਵਾ : ਸੁਸ਼ਮਾ

**ਨਵੀਂ ਦਿੱਲੀ/ਬਿਊਰੋ ਨਿਊਜ਼:**

ਭਾਰਤ ਨੇ ਪਾਕਿਸਤਾਨ ਵੱਲੋਂ ਸਾਬਕਾ ਜਲ ਸੈਨਿਕ ਕੁਲਭੂਸ਼ਣ ਜਾਧਵ ਦੀ ਪਤਨੀ ਅਤੇ ਮਾਂ ਨੂੰ ਮੁਲਾਕਾਤ ਦੌਰਾਨ ਵਿਧਵਾ ਵਜੋਂ ਪੇਸ਼ ਕਰਨ ਦੀ ਨਿਖੇਧੀ ਕਰਦਿਆਂ ਇਸਲਾਮਾਬਾਦ 'ਤੇ ਇਸ ਭਾਵੁਕ ਘੜੀ 'ਤੇ ਪ੍ਰਾਪੇਗੰਡਾ ਕਰਨ ਦਾ ਦੋਸ਼ ਲਾਇਆ ਹੈ।

ਸੰਸਦ ਦੇ ਦੋਵੇਂ ਸਦਨਾਂ ਵਿੱਚ ਦਿੱਤੇ ਬਿਆਨ ਵਿੱਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਜਾਧਵ ਦੇ ਪਰਿਵਾਰਕ ਮੈਂਬਰਾਂ ਦੇ ਮਨੁੱਖੀ ਅਧਿਕਾਰਾਂ ਦੀ ਵੱਡੇ ਪੱਧਰ 'ਤੇ ਉਲੰਘਣਾ ਕੀਤੀ ਗਈ। ਉਨ੍ਹਾਂ ਜ਼ਿਕਰ ਕੀਤਾ ਕਿ ਸੁਰੱਖਿਆ ਦਾ ਹਵਾਲਾ ਦੇ ਕੇ ਪਾਕਿਸਤਾਨ ਨੇ ਜਾਧਵ ਦੀ ਮਾਂ ਅਵੰਤੀ ਅਤੇ ਪਤਨੀ ਚੇਤਨਾ ਨੂੰ ਮੰਗਲਸੂਤਰ, ਬਿੰਦੀ, ਚੂੜੀਆਂ ਤੇ ਜੁੱਤੇ ਲਾਹੁਣ ਦੇ ਨਾਲ ਨਾਲ ਪੁਸ਼ਾਕ ਬਦਲਣ ਲਈ ਮਜਬੂਰ ਕੀਤਾ। ਸ੍ਰੀਮਤੀ ਸਵਰਾਜ ਨੇ ਕਿਹਾ, "ਦੋਵੇਂ ਵਿਆਹੁਤਾ ਔਰਤਾਂ ਨੂੰ ਪੁੱਤਰ ਅਤੇ ਪਤੀ ਸਾਹਮਣੇ ਵਿਧਵਾ ਵਜੋਂ ਪੇਸ਼ ਕੀਤਾ ਗਿਆ। ਇਸ ਤੋਂ ਵੱਡੀ ਸ਼ਰਮਨਾਕ ਗੱਲ ਹੋਰ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਦੀ ਨਿਖੇਧੀ ਲਈ ਸ਼ਬਦ ਨਹੀਂ ਹਨ।" ਇਸ ਤੋਂ ਬਾਅਦ ਮੈਂਬਰਾਂ ਨੇ ਸ਼ੇਮ ਸ਼ੇਮ ਕੀਤੀ ਤੇ ਪਾਕਿਸਤਾਨ ਖ਼ਿਲਾਫ਼ ਨਾਅਰੇ ਲਾਏ। ਜ਼ਿਕਰਯੋਗ ਹੈ ਕਿ ਜਾਧਵ ਦੀ ਮਾਂ ਅਤੇ ਪਤਨੀ ਨੇ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੀ ਇਮਾਰਤ ਵਿੱਚ ਸੋਮਵਾਰ ਨੂੰ ਵਚਿੱਤਰ ਹਾਲਾਤ ਵਿੱਚ ਉਸ (ਜਾਧਵ) ਨਾਲ ਮੁਲਾਕਾਤ ਕੀਤੀ ਸੀ। ਜਾਧਵ ਨੂੰ ਕੱਚ ਦੀ ਦੀਵਾਰ ਨਾਲ ਦੋਵਾਂ ਤੋਂ ਵੱਖ ਰੱਖਿਆ ਗਿਆ ਸੀ। ਉਨ੍ਹਾਂ ਨੇ ਟੈਲੀਕਾਮ ਰਾਹੀਂ ਗੱਲਬਾਤ ਕੀਤੀ ਸੀ। ਅਵੰਤੀ ਨੂੰ ਆਪਣੀ ਮਾਤ ਭਾਸ਼ਾ ਮਰਾਠੀ ਵਿੱਚ ਬੋਲਣ ਤੋਂ ਵੀ ਵਰਜਿਆ ਗਿਆ



ਸੀ। ਚੇਤਨਾ ਦੇ ਜੁੱਤੇ ਜ਼ਬਤ ਕਰ ਲਏ ਗਏ ਸੀ। ਮੰਤਰੀ ਨੇ ਕਿਹਾ ਕਿ ਜਾਧਵ ਦੀ ਮਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਜਾਧਵ ਦੇ ਸ਼ਬਦ ਪੜ੍ਹਾਏ ਗਏ ਜਾਪ ਰਹੇ ਸੀ। ਇਸ ਨਾਲ ਮਾਹੌਲ ਡਰਾਉਣਾ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਹੁਣ ਪਾਕਿਸਤਾਨੀ ਅਧਿਕਾਰੀ ਜੁੱਤਿਆਂ ਵਿੱਚ ਚਿੱਪ, ਕੈਮਰਾ ਅਤੇ ਰਿਕਾਰਡਰ ਹੋਣ ਦੀਆਂ ਗੱਲਾਂ ਕਰ ਰਹੇ ਹਨ। ਇਹ ਬੇਹੂਦਾ ਹੈ ਤੇ ਮਰਿਆਦਾ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਜਾਧਵ ਨਾਲ ਮੁਲਾਕਾਤ ਤੋਂ ਬਾਅਦ ਕਈ ਬੇਨਤੀਆਂ ਦੇ ਬਾਵਜੂਦ ਪਾਕਿਸਤਾਨੀ ਅਧਿਕਾਰੀਆਂ ਨੇ ਉਸ ਦੀ ਪਤਨੀ ਦੇ ਜੁੱਤੇ ਵਾਪਸ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਅਧਿਕਾਰੀਆਂ ਨੂੰ ਕੱਲ੍ਹ ਇਸ ਸਬੰਧੀ ਤੱਥਾਂ ਵਿੱਚ ਤੋੜ ਮਰੋੜ ਕਰਨ ਤੋਂ ਖ਼ਬਰਦਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਦੋਵੇਂ ਹਾਊਸਾਂ ਵਿੱਚ ਮੈਂਬਰਾਂ ਨੇ ਪਾਰਟੀ ਪੱਧਰ ਤੋਂ ਉਪਰ ਉਠਦਿਆਂ ਸਰਕਾਰ ਨੂੰ ਇਸ ਮਾਮਲੇ ਵਿੱਚ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ। ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ,"ਜਾਧਵ ਦੀ ਪਤਨੀ ਅਤੇ ਮਾਂ ਨਾਲ ਕੀਤੀ ਗਈ ਬਦਸਲੂਕੀ, 130 ਕਰੋੜ ਭਾਰਤੀਆਂ ਦੀਆਂ ਪਤਨੀਆਂ ਅਤੇ ਮਾਵਾਂ ਨਾਲ ਬਦਸਲੂਕੀ ਹੈ।" ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

### ਜਾਂਚ ਲਈ ਭੇਜੀ ਜਾਧਵ ਦੀ ਪਤਨੀ ਦੀ ਜੁੱਤੀ

***ਪਾਕਿ ਨੇ ਦੁਰਵਿਹਾਰ ਬਾਰੇ ਭਾਰਤੀ ਦਾਅਵਿਆਂ ਨੂੰ ਝੁਠਲਾਇਆ***

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨੀ ਅਧਿਕਾਰੀਆਂ ਨੇ ਕੁਲਭੂਸ਼ਣ ਜਾਧਵ ਦੀ ਪਤਨੀ ਦੀ ਜੁੱਤੀ ਨੂੰ ਫੋਰੈਂਸਿਕ ਜਾਂਚ ਵਾਸਤੇ ਭੇਜ ਦਿੱਤਾ ਹੈ ਤਾਂ ਜੋ ਇਸ 'ਚ ਮੌਜੂਦ ਸ਼ੱਕੀ ਵਸਤੂ ਬਾਰੇ ਪਤਾ ਲਗਾਇਆ ਜਾ ਸਕੇ। 'ਪਾਕਿਸਤਾਨ ਟੁਡੇ' ਨੇ ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫੈਸਲ ਦੇ ਹਵਾਲੇ ਨਾਲ ਕਿਹਾ ਕਿ ਜਾਧਵ ਦੀ ਪਤਨੀ ਦੀ ਜੁੱਤੀ ਵਿੱਚ ਮੌਜੂਦ 'ਧਾਤ ਦੀ ਵਸਤੂ' ਦੇ ਕੈਮਰਾ ਜਾਂ ਰਿਕਾਰਡਿੰਗ ਚਿੱਪ ਹੋਣ ਬਾਰੇ ਪਤਾ ਲਗਾਉਣ ਵਾਸਤੇ ਅਧਿਕਾਰੀ ਯਤਨ ਕਰ ਰਹੇ ਹਨ। 'ਡਾਅਨ' ਦੀ ਰਿਪੋਰਟ ਮੁਤਾਬਕ ਵਿਦੇਸ਼ ਦਫ਼ਤਰ ਨੇ ਜਾਧਵ ਦੀ ਪਤਨੀ ਦੀ ਜੁੱਤੀ ਵਿੱਚ 'ਧਾਤ ਦੀ ਵਸਤੂ' ਹੋਣ ਬਾਰੇ ਪਤਾ ਲੱਗਣ ਦੀ ਪੁਸ਼ਟੀ ਕੀਤੀ ਹੈ। ਮੌਤ ਦੀ ਸਜ਼ਾ ਦਾ ਸਾਹਮਣੇ ਕਰ ਰਹੇ ਜਾਧਵ ਨਾਲ ਕੱਲ੍ਹ ਮੁਲਾਕਾਤ ਤੋਂ ਪਹਿਲਾਂ ਸੁਰੱਖਿਆ ਅਧਿਕਾਰੀਆਂ ਨੇ ਜਾਧਵ ਦੀ ਪਤਨੀ ਤੋਂ ਜੁੱਤੀ ਲੁਹਾ ਲਈ ਸੀ। ਸ੍ਰੀ ਫੈਸਲ ਨੇ ਦੱਸਿਆ ਕਿ ਜਾਧਵ ਦੀ ਪਤਨੀ ਦੀ ਜੁੱਤੀ ਜਾਂਚ ਲਈ ਰੱਖੀ ਗਈ ਹੈ ਜਦੋਂਕਿ ਗਹਿਣਿਆਂ ਸਮੇਤ ਬਾਕੀ ਵਸਤਾਂ ਮੋੜ ਦਿੱਤੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਾਧਵ ਦੀ ਪਤਨੀ ਨੂੰ ਪਾਉਣ ਵਾਸਤੇ ਹੋਰ ਜੁੱਤੀ ਦਿੱਤੀ ਗਈ ਸੀ। ਬਾਕੀ ਸਫ਼ਾ 33 'ਤੇ

**ਸੁਰਖਿਆ ਕਾਰਨ ਚੁੱਕੇ ਕਦਮ ਜਾਇਜ਼: ਪਾਕਿ**

ਇਸਲਾਮਾਬਾਦ: ਪਾਕਿਸਤਾਨ ਨੇ ਕੁਲਭੂਸ਼ਣ ਜਾਧਵ ਨਾਲ ਮਾਂ ਅਤੇ ਪਤਨੀ ਦੀ ਮੁਲਾਕਾਤ ਦੌਰਾਨ ਸੁਰੱਖਿਆ ਤਹਿਤ ਚੁੱਕੇ ਸਖ਼ਤ ਕਦਮਾਂ ਨੂੰ ਸਹੀ ਠਹਿਰਾਇਆ ਹੈ। ਵਿਦੇਸ਼ ਮੰਤਰੀ ਖਵਾਜਾ ਮੁਹੰਮਦ ਆਸਿਫ਼ ਨੇ ਭਾਰਤੀ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ 25 ਦਸੰਬਰ ਨੂੰ ਜਾਧਵ ਦੀ ਮਾਂ ਅਤੇ ਪਤਨੀ ਨਾਲ ਕਰਵਾਈ ਮੁਲਾਕਾਤ ਮਨੁੱਖੀ ਅਧਾਰ 'ਤੇ ਕਰਵਾਈ ਗਈ ਸੀ। ਉਨ੍ਹਾਂ ਕਿਹਾ ਕਿ ਇਹ ਮੁਲਾਕਾਤ 30 ਮਿੰਟਾਂ ਦੀ ਨਿਰਧਾਰਤ ਕੀਤੀ ਗਈ ਸੀ ਪਰ ਬੇਨਤੀ 'ਤੇ ਇਸ ਦਾ ਸਮਾਂ 40 ਮਿੰਟ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਜਾਧਵ ਦੀ ਮਾਂ ਨੇ ਪਾਕਿਸਤਾਨ ਦਾ ਧੰਨਵਾਦ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਜਾਧਵ ਦੇ ਪਰਿਵਾਰਕ ਮੈਂਬਰਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਗਿਆ।

**'ਬਾਬਾ ਕੈਸੇ ਹੈ'**

ਭਾਰਤੀ ਕੈਦੀ ਕੁਲਭੂਸ਼ਣ ਜਾਧਵ ਨੇ ਜਦੋਂ ਮੁਲਾਕਾਤ ਦੌਰਾਨ ਆਪਣੀ ਮਾਂ ਨੂੰ ਬਿਨਾਂ ਮੰਗਲਸੂਤਰ, ਬਿੰਦੀ ਅਤੇ ਚੂੜੀਆਂ ਦੇ ਦੇਖਿਆ ਤਾਂ ਉਹ ਘਬਰਾ ਗਿਆ ਕਿ ਕਿਤੇ ਪਿਤਾ ਜੀ ਨਾਲ ਕੋਈ ਅਣਹੋਣੀ ਤਾਂ ਨਹੀਂ ਵਾਪਰ ਗਈ। ਉਸ ਨੇ ਆਪਣੀ ਮਾਂ ਤੋਂ ਪੁੱਛਿਆ, " ਬਾਬਾ ਕੈਸੇ ਹੈਂ।" ਪਾਕਿਸਤਾਨੀ ਅਧਿਕਾਰੀਆਂ ਨੇ ਜਬਰੀ ਜਾਧਵ ਦੀ ਮਾਂ ਅਵੰਤੀ ਅਤੇ ਪਤਨੀ ਚੇਤਨਾ ਤੋਂ ਮੰਗਲਸੂਤਰ, ਚੂੜੀਆਂ ਤੇ ਬਿੰਦੀ ਲੁਹਾ ਲਈ ਸੀ ਤੇ ਉਨ੍ਹਾਂ ਦੀਆਂ ਪੁਸ਼ਾਕਾਂ ਬਦਲਵਾ ਦਿੱਤੀਆਂ ਸਨ। ਜਦੋਂ ਕਿ ਪਾਕਿਸਤਾਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਮੁਲਾਕਾਤ ਮਨੁੱਖੀ ਅਧਾਰ 'ਤੇ ਕਰਵਾਈ ਗਈ ਹੈ।

ਨਾਸਰੋ ਮਨਸੂਰ ਗੁਰੂ ਗੋਬਿੰਦ ਸਿਘ, ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿਘ,
ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿਘ, ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿਘ,



# ਗੁਰਦੁਆਰਾ ਸਾਹਿਬ ਫਰੀਮਾਂਟ

**300 Gurdwara Road Fremont CA 94536**



ਸਾਹਿਬੇ ਕਮਾਲ ਸਰਬੰਸਦਾਨੀ ਸੰਤ ਸਿਪਾਹੀ ਦਸਵੇਂ ਨਾਨਕ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਵਿਖੇ 03-04-05 ਜਨਵਰੀ, 2018 ਨੂੰ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਅਰੰਭ ਸ੍ਰੀ ਅਖੰਡਪਾਠ ਸਾਹਿਬ 03 ਜਨਵਰੀ 2018 ਦਿਨ ਬੁੱਧਵਾਰ ਸ਼ਾਮ 4:00 ਵਜੇ**
**ਭੋਗ ਸ੍ਰੀ ਅਖੰਡਪਾਠ ਸਾਹਿਬ 05 ਜਨਵਰੀ 2018 ਦਿਨ ਸ਼ੁੱਕਰਵਾਰ ਸ਼ਾਮ 4:00 ਵਜੇ**

## ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਤੇ ਪੰਥਕ ਬੁਲਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ ਹਾਜਰੀਆਂ ਭਰਨਗੇ ਜਿਨ੍ਹਾਂ ਵਿੱਚ



ਪੰਥ ਦੇ ਮਹਾਨ ਵਿਦਵਾਨ ਡਾਕਟਰ ਗੁਰਨਾਮ ਸਿੰਘ ਜੀ



ਭਾਈ ਸਾਹਿਬ ਭਾਈ ਇੰਦਰਜੀਤ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ



ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਲਖਵਿੰਦਰ ਸਿੰਘ ਜੀ

**ਬੇਨਤੀ ਕਰਤਾ**

# ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਫਰੀਮਾਂਟ

## ਸਮੂਹ ਸਾਧ ਸੰਗਤ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

**ਹੋਰ ਜਾਣਕਾਰੀ ਲਈ 510 790 0177 ਉਪਰ ਸੰਪਰਕ ਕਰੋ**

# ਕਲਗੀਧਰ ਟਰੱਸਟ ਬੜੂ ਸਾਹਿਬ ਦੀ ਨਸ਼ਾ ਵਿਰੋਧ ਮੁਹਿੰਮ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ


















# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ



ਵਲੋਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਭਾਈਚਾਰੇ, ਸਮੂਹ ਸਪਾਂਸਰਜ਼ ਅਤੇ ਸਪੋਟਰਜ਼
ਨੂੰ ਸਾਹਿਬ-ਏ-ਕਮਾਲ, ਪੰਥ ਦੇ ਵਾਲੀ, ਸਰਬੰਸ ਦਾਨੀ, ਦਸਮ ਪਿਤਾ

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ 351ਵੇਂ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2018 ਦੀਆਂ

## ਲੱਖ ਲੱਖ ਵਧਾਈਆਂ

ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਸਦੀਵ ਕਾਲ ਵਾਸਤੇ ਇਸ ਦੁਆਰਾ ਨਿਸਚਿਤ ਕੀਤੀਆਂ ਤਰੀਕਾਂ ਅਨੁਸਾਰ ਹੀ ਸਿੱਖ ਇਤਿਹਾਸਕ ਦਿਹਾੜੇ ਮਨਾਉਣ ਦਾ ਪੱਕਾ ਸੰਕਲਪ ਅਤੇ ਵਚਨਵੱਧਤਾ, ਵਿਸ਼ੇਸ਼ ਤੌਰ 'ਤੇ

- *ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ ੧੪-ਅਪ੍ਰੈਲ ਨੂੰ (੧-ਵੈਸਾਖ) ਵੈਸਾਖੀ ਵਾਲੇ ਦਿਨ।*
- *ਬੰਦੀ ਛੋੜ ਦਿਵਸ ੧੨-ਫ਼ਰਵਰੀ (੧-ਫੱਗਣ) ਨੂੰ।*
- *ਹੋਲਾ ਮਹਲਾ ੧੪-ਮਾਰਚ (੧-ਚੇਤ) ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ।*

ਸਮੂਹ ਸਮਾਜਿਕ, ਸੱਭਿਆਚਾਰਿਕ ਅਤੇ ਪੰਥਕ ਜਥੇਬੰਦੀਆਂ ਨੂੰ ਸਨਿਮਰ ਬੇਨਤੀ ਹੈ ਕਿ ਸਾਰੇ ਇਕ ਜੁੱਟ ਹੋ ਕੇ ਬਾਬੇ ਨਾਨਕ ਦੇ ਸਿਰਜੇ ਵਿਲੱਖਣ, ਵਡਭਾਗੀ ਵਿਰਸੇ ਨੂੰ ਸਮਰਪਤ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਲਾਗੂ ਕਰਨ ਲਈ ਵਚਨਬੱਧ ਹੋਈਏ।

*ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ 2 ਸਤੰਬਰ 2018 ਨੂੰ ਕਬੱਡੀ ਕੱਪ ਸ. ਦਰਸ਼ਨ ਸਿੰਘ ਪੰਮਾ ਦੀ ਪ੍ਰਧਾਨਗੀ ਹੇਠ ਕਰਵਾਇਆ ਜਾ ਰਿਹਾ ਹੈ।*

ਜਾਰੀ ਕਰਤਾ : ਸ਼ੇਰ-ਏ-ਪੰਜਾਬ ਸਪੋਰਟਰਸ ਕਲੱਬ ਸ਼ਿਕਾਗੋ





G.S. Pannu
(Immigration Consultant, LDA)

# PANNU'S
## LEGAL SERVICES

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

# Nor-Cal Truck

## 29303 Pacific Street, Hayward, CA 94544, Phone: 510-7




Lakha Laali


Laadi Singh


Paablo


Alex


Guranmol Ranhdawa


Captain

**Norcal Truck Repair & Tire provides fleets and owner operators the fastest r reasonable price. Our extensive mobile truck and trailer repair service truc We offer owner operators, fleets and drivers immediate ac at pre-determined, preferred rates that are exclusive t**

Norcal Truck Repair & Tire team combined has over 20 years of experience in the trucki with extensive business management experience, Norcal Truck Repair & Tire managem breakdowns for fleets & truck drivers. Truckers Assist has implemented cus

# Arco Towing Services, Inc

k Repair

728-2121, Fax: 510-728-2020



ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ
ਜੀ ਦੇ ਪ੍ਰਕਾਸ਼ ਪੁਰਬੁ ਅਤੇ ਨਵੇਂ ਵਰ੍ਹੇ
2018 ਦੀਆਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ
ਸਮੂਹ ਭਾਈਚਾਰਿਆਂ ਨੂੰ

ਲੱਖ ਲੱਖ
ਵਧਾਈਆਂ





Billa

**Our Services**

- Transmission Rebuilt
- Rear-end Rebuilt
- Alignment
- Computer Diagnose
- Electric
- New American Tires
- Wheel Balance
- DPF Filter Cleaning



oadside truck and trailer repair service at a fair and
ks, ensure you'll be back up in running in no-time.
cess to qualified service providers
o Norcal Truck repair & tire.

ing industry and managing roadside repairs. By complimenting our industry experience
ent has designed an efficient and controlled process to manage truck and trailer related
tomer oriented corporate values and they are instilled in everything we do.

29303 Pacific Street, Hayward, CA 94544
Phone: 510-537-9000, After Hours: 510-582-2121




# SAVE UPTO 24¢

## PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
**www.trans-alliance.com**

PETRO Stopping Centers®

TA TravelCenters of America

Love's Travel Stops & Country Stores


$20 Off For
Trans-Alliance Carriers
TRANS-ALLIANCE
TOGETHER WE SAVE
SPECIAL TIRE PRICING
MARATHON LHT
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
TRUCK BUS AGRO OTR
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

Open Enrollment for Healthcare Starts November 1, 2017 to January 31, 2018.

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


# ਸ਼ਾਇਰਾਂ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਸਜਾਇਆ ਮੁਸ਼ਾਇਰਾ



**ਸਰੀ/ਬਿਊਰੋ ਨਿਊਜ਼:** ਇਸ ਇਲਾਕੇ ਦੇ ਸ਼ਾਇਰਾਂ ਵਲੋਂ ਨਵੇਂ ਸਾਲ ਨੂੰ ਜੀ ਆਇਆਂ ਕਹਿਣ ਲਈ ਦਸੰਬਰ ਮਹੀਨੇ ਦੇ ਤੀਜੇ ਸਨਿਚਰਵਾਰ ਜਾਰਜ ਮੈਕੀ ਲਾਇਬਰੇਰੀ ਵਿਚ ਸਾਲਾਨਾ ਮੁਸ਼ਾਇਰਾ ਕਰਵਾਇਆ ਗਿਆ ਜਿਸ ਵਿਚ ਲੋਅਰ ਮੇਨਲੈਂਡ ਦੇ ਸਾਰੇ ਹੀ ਪ੍ਰਮੁਖ ਪੰਜਾਬੀ ਦੇ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ। ਮੋਹਨ ਗਿਲ ਨੇ ਮੁਸ਼ਾਇਰੇ ਦੇ ਅਰੰਭ ਵਿਚ ਲਾਇਬਰੇਰੀ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਇਸ ਨੂੰ ਕਾਮਯਾਬ ਕਰਨ ਲਈ ਸਾਰਿਆਂ ਨੂੰ ਜੀ ਆਇਆਂ ਕਹਿੰਦਿਆਂ ਵਾਰੀ ਵਾਰੀ ਸ਼ਾਇਰਾਂ ਨੂੰ ਸਰੋਤਿਆਂ ਦੇ ਸਨਮੁਖ ਕੀਤਾ। ਇਸ ਮੌਕੇ ਨਦੀਮ ਪਰਮਾਰ, ਇੰਦਰਜੀਤ ਧਾਮੀ, ਹਰਦਮ ਮਾਨ, ਅਮਰੀਕ ਪਲਾਹੀ, ਬਿੰਦੂ ਮਥਾਰੂ, ਜੀਵਨ ਰਾਮਪੁਰੀ, ਦਵਿੰਦਰ ਗੌਤਮ, ਰਾਜਵੰਤ ਰਾਜ, ਦਵਿੰਦਰ ਜੌਹਲ,ਬਖਸ਼ਿੰਦਰ, ਹਰਚੰਦ ਗਿਲ, ਜਸਬੀਰ ਮਾਨ, ਕਵਿੰਦਰ ਚਾਂਦ, ਜਸਵਿੰਦਰ, ਪਰਮਿੰਦਰ ਸਵੈਚ,ਦਰਸ਼ਨ ਸੰਘਾ, ਸ਼ਾਹਗੀਰ ਗਿਲ਼, ਹਰਜੀਤ ਦੌਧਰੀਆ, ਹਰਦੇਵ ਸੋਢੀ ਅਸ਼ਕ, ਸਤਵਿੰਦਰ, ਪ੍ਰੀਤਪਾਲ, ਇੰਦਰਜੀਤ ਕੌਰ ਸਿਧੂ, ਸੁਰਜੀਤ ਸਿੰਘ ਕਾਉਂਕੇ ਤੇ ਖੁਸ਼ਹਾਲ ਘਲੋਟੀ ਨੇ ਆਪੋ ਅਪਣਾ ਕਲਾਮ ਪੇਸ਼ ਕੀਤਾ। ਅੰਤ ਵਿਚ ਜਸਵਿੰਦਰ ਨੇ ਗਜ਼ਲ ਪੇਸ਼ ਕਰਦਿਆਂ ਕਿਹਾ ਕਿ ਇਹ ਮੁਸ਼ਾਇਰਾ ਰੰਗ ਬਿਰੰਗੇ ਫੁੱਲਾਂ ਦੇ ਗੁਲਦਸਤੇ ਵਾਂਗ ਸੀ ਜਿਸ ਵਿਚ ਸ਼ਾਇਰੀ, ਕਵੀਸ਼ਰੀ, ਬੋਲੀਆਂ, ਗੀਤ, ਗਜ਼ਲ, ਗੱਲ ਕੀ ਸਾਰੇ ਹੀ ਰੰਗ ਸਨ। ਚਿੱਤਰਕਾਰ ਜਰਨੈਲ ਸਿੰਘ ਨੇ ਅਖੀਰ ਵਿਚ ਸਾਰੇ ਸਰੋਤਿਆਂ ਦੇ ਧੰਨਵਾਦ ਨਾਲ ਸਮਾਪਤੀ ਕੀਤੀ।


Personalized Service-Committed To Quality
Solutions Financial Mortgage Company
Purchase & Refinance Your Home Loans



ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280,
Glenview, IL 60025- Office: 847-834-0100 Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com



NOW OPEN IN MODESTO/CERES



G.S. Pannu
Immigration Consultant-LDA

PANNU'S
LEGAL SERVICES (Regd. & Bonded)
510.677.5200
ivisapass@gmail.com

IMMIGRATION
- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.

Free Buffet over 100 gallons
open 6am to midnight
Phone: 765-478-6300

# ਕਲਗੀਧਰ ਸੁਸਾਇਟੀ ਬੜੂ ਸਾਹਿਬ ਵਲੋਂ ਸਿੱਖਿਆ ਖੇਤਰ ਵਿਚ ਪਾਏ ਜਾ ਰਹੇ ਯੋਗਦਾਨ ਸਬੰਧੀ ਦਿਲ ਖੋਲ੍ਹ ਕੇ ਦਸਵੰਧ ਕੱਢਣ ਲਈ ਪ੍ਰੇਰਿਆ

**ਸ਼ਿਕਾਗੋ/ਬਿਊਰੋ ਨਿਊਜ਼:**

ਕਲਗੀਧਰ ਸੁਸਾਇਟੀ, ਬੜੂ ਸਾਹਿਬ ਵਲੋਂ ਲੰਘੇ ਹਫ਼ਤੇ ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਪੈਲਾਟਾਈਨ ਵਿਖੇ ਕਲਗੀਧਰ ਸੁਸਾਇਟੀ ਵਲੋਂ ਚਲਾਈਆਂ ਜਾਂਦੀਆਂ ਅਕਾਲ ਅਕਾਦਮੀਆਂ ਅਤੇ ਬਣਾਈ ਜਾ ਰਹੀ ਯੂਨੀਵਰਸਿਟੀ ਬਾਰੇ ਜਾਣਕਾਰੀ ਦੇਣ ਲਈ ਸੈਮੀਨਾਰ ਮੌਕੇ ਬੁਲਾਰਿਆਂ ਨੇ ਸੰਗਤਾਂ ਨੂੰ ਦਿਲ ਖੋਲ੍ਹ ਕੇ ਦਸਵੰਧ ਕੱਢਣ ਲਈ ਪ੍ਰੇਰਿਆ.



ਸੈਮੀਨਾਰ ਦੇ ਸ਼ੁਰੂ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਦੇ ਧਾਰਮਿਕ ਸਕੱਤਰ ਸ.ਹਰਜੀਤ ਸਿੰਘ ਗਿੱਲ ਨੇ ਸ਼ੁਰੂਆਤ ਕਰਦਿਆਂ ਸੈਮੀਨਾਰ ਦੇ ਮਨੋਰਥ ਬਾਰੇ ਦੱਸਦਿਆਂ । ਮੇਜਰ ਗੁਰਚਰਨ ਸਿੰਘ ਝੱਜ ਨੇ ਕਲਗੀਧਰ ਸੁਸਾਇਟੀ ਦੀ ਤਰਫੋਂ ਡੈਲਸ ਤੋਂ ਬੀਬੀ ਰਵੀਦੀਪ ਕੌਰ ਮੁਕਤਾ ਅਤੇ ਸਿਆਟਲ ਤੋਂ ਪਹੁੰਚੇ ਡਾ. ਸਰਬਜੀਤ ਸਿੰਘ ਵਿਰਕ ਦੀ ਸੰਗਤ ਨਾਲ ਜਾਣ-ਪਛਾਣ ਕਰਵਾਈ। ਬੀਬੀ ਰਵੀਦੀਪ ਕੌਰ ਅਤੇ ਡਾ. ਵਿਰਕ ਨੇ ਦਸਿਆ ਕਿ ਕਲਗੀਧਰ ਸੁਸਾਇਟੀ ਦਾ ਨਿਸ਼ਾਨਾ ਬੱਚੇ ਪੜ੍ਹਾਓ, ਪੰਜਾਬ ਬਚਾਓ ਹੈ । ਉਨ੍ਹਾਂ ਨੇ ਕਲਗੀਧਰ ਸੁਸਾਇਟੀ, ਬੜੂ ਸਾਹਿਬ ਵਲੋਂ ਖਾਸ ਕਰ ਪਿੰਡਾਂ ਵਿਚ ਸਿੱਖਿਆ ਦੇ ਪਸਾਰ ਲਈ ਕੀਤੇ ਜਾਂਦੇ ਕਾਰਜਾਂ ਬਾਰੇ ਵਿਸਥਾਰ ਵਿਚ ਦੱਸਿਆ। ਦੋਵਾਂ ਬੁਲਾਰਿਆਂ ਨੇ ਅਕਾਲ ਯੂਨੀਵਰਸਿਟੀਆਂ ਤੇ ਅਕਾਲ ਅਕਾਦਮੀਆਂ ਸਬੰਧੀ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਸੰਗਤ ਨੂੰ ਇਸ ਕਾਰਜ ਲਈ ਵਧ ਚੜ੍ਹ ਕੇ ਮਾਇਕ ਮਦਦ ਦੇਣ ਦੀ ਬੇਨਤੀ ਕੀਤੀ। ਮੇਜਰ ਗੁਰਚਰਨ ਸਿੰਘ ਝੱਜ ਨੇ ਸ਼ਿਕਾਗੋ ਦੀ ਸਿੱਖ ਸੰਗਤ ਵਲੋਂ ਕਲਗੀਧਰ ਸੁਸਾਇਟੀ ਲਈ ਇਕ ਲੱਖ ਤਿੰਨ ਹਜ਼ਾਰ ਨੌ ਸੌ ਸੱਤਰ ਡਾਲਰ ਦਾਨ ਕੀਤੇ ਜਾਣ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਗਤ ਨੇ ਪੱਚੀ ਸੌ ਡਾਲਰ ਹੋਰ ਇਕੱਠਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਨੇ ਭਰਪੂਰ ਯੋਗਦਾਨ ਲਈ ਸ਼ਿਕਾਗੋ ਦੀ ਸੰਗਤ ਦਾ ਧੰਨਵਾਦ ਕੀਤਾ। ਦਾਨ ਦੇ ਚਾਹਵਾਨ ਮਿਡਵੈਸਟ ਦੀ ਸਾਧ ਸੰਗਤ ਦੇ ਮੈਂਬਰ ਹੋਰ ਜਾਣਕਾਰੀ ਲਈ ਬੇਅੰਤ ਸਿੰਘ ਬੋਪਾਰਾਏ ਫੋਨ: 414-349-3449 ਅਤੇ ਮੇਜਰ ਗੁਰਚਰਨ ਸਿੰਘ ਝੱਜ ਫੋਨ: 847-330-1421 ਨਾਲ ਸੰਪਰਕ ਕਰ ਸਕਦੇ ਹਨ।

# ਲਾਹੌਰ ਵਿਮੈੱਨ ਕਾਲਜ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਚੇਅਰ ਸਥਾਪਤ ਕੀਤੀ

**ਪਟਿਆਲਾ/ਬਿਊਰੋ ਨਿਊਜ਼**, ਲਾਹੌਰ ਕਾਲਜ ਫਾਰ ਵਿਮੈੱਨ ਯੂਨੀਵਰਸਿਟੀ ਵਿੱਚ ਹੋਈ ਪਹਿਲੀ ਪੰਜਾਬੀ ਕਾਨਫ਼ਰੰਸ ਵਿੱਚ ਗੁਰੂ ਨਾਨਕ ਚੇਅਰ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨ ਤੇ ਖੋਜਾਰਥੀ ਵੀ ਹਾਜ਼ਰ ਰਹੇ। ਲਾਹੌਰ ਦੀ ਯੂਨੀਵਰਸਿਟੀ ਵੱਲੋਂ ਪੰਜਾਬੀ ਯੂਨੀਵਰਸਿਟੀ ਨੂੰ ਮਿਲੇ ਸੱਦਾ ਪੱਤਰ ਵਿੱਚ ਡੀਪੀਡੀ ਵਿਭਾਗ ਤੋਂ ਡਾ. ਜਸਬੀਰ ਕੌਰ ਤੇ ਡਾ. ਧਨਵੰਤ ਕੌਰ, ਡਿਸਟੈਂਸ ਐਜੂਕੇਸ਼ਨ ਵਿਭਾਗ ਤੋਂ ਡਾ. ਗੁਰਪ੍ਰੀਤ ਕੌਰ ਤੇ ਸੰਗੀਤ ਵਿਭਾਗ ਦੀ ਖੋਜਾਰਥੀ ਗੁਰਸਿਮਰਨ ਕੌਰ ਨੇ ਭਾਗ ਲਿਆ।



ਲਾਹੌਰ ਵਿਮੈੱਨ ਯੂਨੀਵਰਸਿਟੀ ਤੋਂ ਪਰਤੀ ਡਾ. ਜਸਬੀਰ ਕੌਰ ਨੇ ਕਿਹਾ ਕਿ ਵਿਸ਼ਵ ਭਰ 'ਚੋਂ ਆਏ ਪੰਜਾਬੀ ਵਿਦਵਾਨਾਂ ਨੇ ਇਸ ਕਾਨਫ਼ਰੰਸ ਵਿੱਚ ਔਰਤਾਂ ਦੀ ਸਥਿਤੀ ਬਾਰੇ ਪਰਚੇ ਪੜ੍ਹੇ, ਜਿਸ ਵਿੱਚ ਪਾਕਿਸਤਾਨੀ ਔਰਤਾਂ ਦੇ ਦੁਖਾਂਤ ਦੀ ਗੱਲ ਕੀਤੀ ਗਈ। ਇਸ ਮੌਕੇ ਪਾਕਿਸਤਾਨ ਵਿੱਚ ਵਾਪਰੇ ਤੇਜ਼ਾਬ ਕਾਂਡਾਂ ਅਤੇ ਤੀਹਰੇ ਤਲਾਕ 'ਤੇ ਚਰਚਾ ਹੋਈ। ਲਹਿੰਦੇ ਪੰਜਾਬ ਦੀ ਵਿਧਾਨ ਸਭਾ ਦੇ ਸਪੀਕਰ ਰਾਣਾ ਮੁਹੰਮਦ ਇਕਬਾਲ, ਸਿੱਖਿਆ ਮੰਤਰੀ ਸਈਦ ਰਜ਼ਾ ਅਲੀ ਗਿਲਾਨੀ ਤੇ ਸੰਸਦ ਮੈਂਬਰ ਰਮੇਸ਼ ਸਿੰਘ ਅਰੋੜਾ ਨੇ ਪੰਜਾਬੀ ਯੂਨੀਵਰਸਿਟੀ ਦੇ ਖੋਜਾਰਥੀਆਂ ਤੇ ਵਿਦਵਾਨਾਂ ਦਾ ਸਨਮਾਨ ਕੀਤਾ।


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਜਸਜੀਤ ਸਿੰਘ ਫੋਨ :510 875 3297



DIAMOND TRANSPORTATION

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965

# ਪਾਕਿਸਤਾਨ ਵਰ੍ਹਿਆਂ ਤੋਂ ਸਾਡੇ ਨਾਲ ਧੋਖਾ ਕਰਦਾ ਆ ਰਿਹੈ-ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼:** ਪਾਕਿਸਤਾਨ ਨੂੰ ਹੁਣ ਤਕ ਦੀ ਸਭ ਤੋਂ ਸਖ਼ਤ ਚਿਤਾਵਨੀ ਜਾਰੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਕਿਹਾ ਕਿ ਦੱਖਣ ਏਸ਼ਿਆਈ ਮੁਲਕ ਨੇ ਅਮਰੀਕਾ ਨਾਲ ਹਮੇਸ਼ਾ ਝੂਠ ਬੋਲਿਆ ਅਤੇ ਧੋਖਾ ਦਿੱਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਦਹਿਸ਼ਤਗਰਦਾਂ ਨੂੰ ਸੁਰੱਖਿਅਤ ਪਨਾਹਗਾਹਾਂ ਮੁਹੱਈਆ ਕਰਵਾਈਆਂ ਹਨ। ਤਿੱਖੇ ਸ਼ਬਦਾਂ 'ਚ ਕੀਤੇ ਗਏ ਟਵੀਟ 'ਚ ਟਰੰਪ ਨੇ ਕਿਹਾ, "ਅਮਰੀਕਾ ਨੇ ਬੇਵਕੂਫ਼ੀ ਕਰਕੇ ਪਿਛਲੇ 15 ਸਾਲਾਂ ਦੌਰਾਨ ਪਾਕਿਸਤਾਨ ਨੂੰ 33 ਅਰਬ ਡਾਲਰ ਤੋਂ ਵੱਧ ਦੀ ਸਹਾਇਤਾ ਦਿੱਤੀ। ਪਰ ਉਨ੍ਹਾਂ ਸਾਨੂੰ ਸਿਰਫ਼ ਝੂਠ ਅਤੇ ਧੋਖਾ ਹੀ ਦਿੱਤਾ ਜੋ ਸਾਡੇ ਆਗੂਆਂ ਨੂੰ ਮੂਰਖ ਹੀ ਸਮਝਦੇ ਰਹੇ।"



ਸਾਲ ਦੇ ਪਹਿਲੇ ਟਵੀਟ 'ਚ ਟਰੰਪ ਨੇ ਕਿਹਾ ਕਿ ਪਾਕਿਸਤਾਨ ਨੇ ਦਹਿਸ਼ਤਗਰਦਾਂ ਨੂੰ ਆਪਣੇ ਮੁਲਕ 'ਚ ਪਨਾਹ ਦਿੱਤੀ ਜਦੋਂਕਿ ਅਮਰੀਕਾ ਦਹਿਸ਼ਤਗਰਦਾਂ ਦੀ ਅਫ਼ਗਾਨਿਸਤਾਨ 'ਚ ਭਾਲ ਕਰਦਾ ਰਿਹਾ ਅਤੇ ਉਸ ਨੂੰ ਕੋਈ ਸਹਾਇਤਾ ਵੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਪਾਣੀ ਹੁਣ ਸਿਰ ਉਪਰੋਂ ਲੰਘ ਗਿਆ ਹੈ ਅਤੇ ਅਮਰੀਕਾ ਹੁਣ ਪਾਕਿਸਤਾਨ ਦੀਆਂ ਗੱਲਾਂ 'ਚ ਨਹੀਂ ਆਉਣ ਵਾਲਾ। ਅਮਰੀਕੀ ਰਾਸ਼ਟਰਪਤੀ ਵੱਲੋਂ ਦਿੱਤੀ ਗਈ ਇਹ ਸਭ ਤੋਂ ਸਖ਼ਤ ਚਿਤਾਵਨੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ 'ਚ ਆਪਣੀ ਨਵੀਂ ਦੱਖਣ ਏਸ਼ੀਆ ਨੀਤੀ ਸਮੇਂ ਟਰੰਪ ਨੇ ਪਾਕਿਸਤਾਨ ਨੂੰ ਖ਼ਬਰਦਾਰ ਕੀਤਾ ਸੀ ਕਿ ਜੇਕਰ ਉਹ ਅਮਰੀਕਾ ਨੂੰ ਦਹਿਸ਼ਤਗਰਦੀ ਖ਼ਿਲਾਫ਼ ਲੜਨ 'ਚ ਸਹਿਯੋਗ ਨਹੀਂ ਦੇਵੇਗਾ ਤਾਂ ਉਸ ਖ਼ਿਲਾਫ਼ (ਪਾਕਿਸਤਾਨ) ਸਖ਼ਤ ਕਦਮ ਚੁੱਕੇ ਜਾਣਗੇ।

ਉਨ੍ਹਾਂ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਕੁਝ ਦਿਨ ਪਹਿਲਾਂ ਨਿਊ ਯਾਰਕ ਟਾਈਮਜ਼ ਨੇ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ ਕਿ ਅਮਰੀਕਾ 22.5 ਕਰੋੜ ਡਾਲਰ ਦੀ ਪਾਕਿਸਤਾਨ ਨੂੰ ਸਹਾਇਤਾ ਰੋਕੀ ਰੱਖਣ ਬਾਰੇ ਵਿਚਾਰਾਂ ਕਰ ਰਿਹਾ ਹੈ ਜਿਸ ਤੋਂ ਇਹੋ ਪ੍ਰਭਾਵ ਗਿਆ ਸੀ ਕਿ ਦਹਿਸ਼ਤਗਰਦੀ ਖ਼ਿਲਾਫ਼ ਜੰਗ 'ਚ ਪਾਕਿਸਤਾਨ ਦੀ ਕਾਰਗੁਜ਼ਾਰੀ ਤੋਂ ਅਮਰੀਕਾ ਅਜੇ ਨਾਰਾਜ਼ ਚਲ ਰਿਹਾ ਹੈ। ਪਾਕਿਸਤਾਨ ਵੱਲੋਂ ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫ਼ਿਜ਼ ਸਈਦ ਦੀ ਰਿਹਾਈ ਦੀ ਅਮਰੀਕਾ ਨੇ ਨਵੰਬਰ 'ਚ ਤਿੱਖੀ ਨੁਕਤਾਚੀਨੀ ਕਰਦਿਆਂ ਮੰਗ ਕੀਤੀ ਸੀ ਕਿ ਉਸ ਨੂੰ ਮੁੜ ਗ੍ਰਿਫ਼ਤਾਰ ਕਰਕੇ ਸਜ਼ਾ ਦਿੱਤੀ ਜਾਵੇ। ਅਮਰੀਕਾ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਜਮਾਤ-ਉਦ-ਦਾਵਾ ਦੇ ਮੁਖੀ ਖ਼ਿਲਾਫ਼ ਕੋਈ ਫ਼ੈਸਲਾਕੁਨ ਕਾਰਵਾਈ ਕਰਨ 'ਚ ਇਸਲਾਮਾਬਾਦ ਨਾਕਾਮ ਰਹਿੰਦਾ ਹੈ ਤਾਂ ਦੁਵੱਲੇ ਸਬੰਧਾਂ 'ਤੇ ਮਾੜਾ ਅਸਰ ਪੈ ਸਕਦਾ ਹੈ।

## ਭਾਰਤ-ਪਕਿ ਸਰਹੱਦ ਉੱਤੇ ਨਿੱਤ ਗੋਲੀਬਾਰੀ ਦੌਰਾਨ ਮੁਲਕਾਂ ਵਿਚਾਲੇ 'ਗੁਪਤ' ਮੀਟਿੰਗ

**ਇਸਲਾਮਾਬਾਦ।/ਬਿਊਰੋ ਨਿਊਜ਼:** ਭਾਰਤ ਤੇ ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਨੇ ਥਾਈਲੈਂਡ ਵਿੱਚ ਗੁਪਤ' ਮੀਟਿੰਗ ਕੀਤੀ ਹੈ। ਇਹ ਦਾਅਵਾ ਪਾਕਿਸਤਾਨ ਦੀ ਕੌਮੀ ਸੁਰੱਖਿਆ ਡਿਵੀਜ਼ਨ ਨਾਲ ਜੁੜੇ ਇਕ ਅਧਿਕਾਰੀ ਨੇ ਕੀਤਾ ਹੈ। ਰੋਜ਼ਨਾਮਚਾ 'ਡਾਅਨ' ਨੇ ਆਪਣੀ ਇਕ ਰਿਪੋਰਟ 'ਚ ਕਿਹਾ ਹੈ ਕਿ ਇਸ ਅਧਿਕਾਰੀ ਨੇ ਆਪਣੀ ਪਛਾਣ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਸੇਵਾ ਮੁਕਤ ਲੈਫਟੀਨੈਂਟ ਜਨਰਲ ਨਸੀਰ ਖ਼ਾਨ ਜੰਜੂਆ ਨੇ ਆਪਣੇ ਭਾਰਤੀ ਹਮਰੁਤਬਾ ਅਜੀਤ ਡੋਵਾਲ ਨਾਲ 27 ਦਸੰਬਰ ਨੂੰ ਥਾਈਲੈਂਡ ਵਿੱਚ ਮੁਲਾਕਾਤ ਕੀਤੀ ਸੀ। ਅਧਿਕਾਰੀ ਨੇ ਦੱਸਿਆ, 'ਇਹ ਮੁਲਾਕਾਤ ਕਾਫ਼ੀ ਚੰਗੀ ਸੀ। ਡੋਵਾਲ ਦੀ ਸੁਰ ਤੇ ਰੁਖ਼ ਦੋਸਤਾਨਾ ਤੇ ਸਕਾਰਾਤਮਕ ਸੀ।' ਰਿਪੋਰਟ ਮੁਤਾਬਕ ਉਸ ਨੂੰ ਦੱਸਿਆ ਗਿਆ ਕਿ ਮੁਲਾਕਾਤ ਕਾਫ਼ੀ ਲਾਹੇਵੰਦੀ ਸੀ ਤੇ ਇਸ ਨਾਲ ਸਫ਼ਾਰਤੀ ਪੱਧਰ 'ਤੇ ਗੱਲਬਾਤ ਮੁੜ ਸ਼ੁਰੂ ਕਰਨ ਵਿੱਚ ਮਦਦ ਮਿਲ ਸਕਦੀ ਹੈ। ਉਂਜ ਕੌਮੀ ਸੁਰੱਖਿਆ ਸਲਾਹਕਾਰਾਂ ਦੀ ਕਿਸੇ ਤੀਜੇ ਮੁਲਕ ਵਿੱਚ ਇਹ ਪਹਿਲੀ ਮੀਟਿੰਗ ਨਹੀਂ ਹੈ।

### ਪਾਕਿ 'ਚ ਟਰੰਪ ਦੇ ਬਿਆਨ 'ਤੇ ਹੋਈ ਨਜ਼ਰਸਾਨੀ

**ਇਸਲਾਮਾਬਾਦ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਾਕਿਸਤਾਨ 'ਤੇ ਕੀਤੇ ਗਏ ਤਿੱਖੇ ਸ਼ਬਦੀ ਹਮਲੇ ਮਗਰੋਂ ਪਾਕਿਸਤਾਨ 'ਚ ਹਲਚਲ ਮਚ ਗਈ ਹੈ ਅਤੇ ਵਿਦੇਸ਼ ਮੰਤਰੀ ਖਵਾਜਾ ਆਸਿਫ਼ ਨੇ ਤੁਰੰਤ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਨਾਲ ਬੈਠਕ ਕੀਤੀ। ਜੀਓ ਟੀਵੀ ਨੇ ਆਪਣੇ ਹਲਕਿਆਂ ਦੇ ਹਵਾਲੇ ਨਾਲ ਕਿਹਾ ਕਿ ਬੈਠਕ 'ਚ ਟਰੰਪ ਦੇ ਬਿਆਨ 'ਤੇ ਵਿਸਥਾਰ ਸਹਿਤ ਨਜ਼ਰਸਾਨੀ ਕੀਤੀ ਗਈ। ਦੋਵੇਂ ਆਗੂਆਂ ਨੇ ਮੁਲਕ ਦੀ ਵਿਦੇਸ਼ ਨੀਤੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਬਾਅਦ 'ਚ ਆਸਿਫ਼ ਨੇ ਟਵੀਟ ਕਰਕੇ ਕਿਹਾ ਕਿ ਉਹ ਰਾਸ਼ਟਰਪਤੀ ਟਰੰਪ ਦੇ ਟਵੀਟ ਦਾ ਛੇਤੀ ਹੀ ਢੁਕਵਾਂ ਜਵਾਬ ਦੇਣਗੇ ਅਤੇ ਦੁਨੀਆ ਸਾਹਮਣੇ ਸੱਚਾਈ ਲਿਆਉਣਗੇ।

ਇਸ ਤੋਂ ਪਹਿਲਾਂ ਉਨ੍ਹਾਂ ਦਸੰਬਰ 2015 ਵਿੱਚ ਬੈਂਕਾਕ ਵਿੱਚ ਵਿਦੇਸ਼ ਸਕੱਤਰਾਂ ਦੀ ਮੌਜੂਦਗੀ ਵਿੱਚ ਮੀਟਿੰਗ ਕੀਤੀ ਸੀ।

ਇਸ ਦੌਰਾਨ ਨਵੀਂ ਦਿੱਲੀ ਤੋਂ ਇਸ ਖ਼ਬਰ ਏਜੰਸੀ ਮੁਤਾਬਕ ਭਾਰਤ ਤੇ ਪਾਕਿਸਤਾਨ ਨੇ ਤਿੰਨ ਦਹਾਕੇ ਪੁਰਾਣੇ ਦੁਵੱਲੇ ਸਮਝੌਤੇ ਤਹਿਤ ਅੱਜ ਸਫ਼ਾਰਤੀ ਚੈਨਲਾਂ ਰਾਹੀਂ ਨਵੀਂ ਦਿੱਲੀ ਤੇ ਇਸਲਾਮਾਬਾਦ ਵਿੱਚ ਇਕੋ ਸਮੇਂ ਵੱਖੋ ਵੱਖਰੇ ਪਰਮਾਣੂ ਟਿਕਾਣਿਆਂ ਸਬੰਧੀ ਇਕ ਦੂਜੇ ਨੂੰ ਸੂਚੀਆਂ ਸੌਂਪੀਆਂ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਦੋਵਾਂ ਮੁਲਕਾਂ ਨੇ ਇਕ ਦੂਜੇ ਦੇ ਪਰਮਾਣੂ ਟਿਕਾਣਿਆਂ 'ਤੇ ਹਮਲਾ ਨਾ ਕਰਨ ਦੇ ਸਮਝੌਤੇ ਤਹਿਤ ਸੂਚੀਆਂ ਵਟਾਈਆਂ। 31 ਦਸੰਬਰ 1988 ਨੂੰ ਸਹੀਬੰਦ ਹੋਇਆ ਇਹ ਸਮਝੌਤਾ 27 ਜਨਵਰੀ 1991 ਨੂੰ ਅਮਲ ਵਿੱਚ ਆਇਆ ਸੀ ਤੇ ਉਦੋਂ ਤੋਂ ਪਹਿਲੀ ਜਨਵਰੀ ਨੂੰ ਹਰ ਸਾਲ ਸੂਚੀਆਂ ਦਾ ਅਦਾਨ ਪ੍ਰਦਾਨ ਕੀਤਾ ਜਾਂਦਾ ਹੈ। ਇਹ ਅਮਲ ਪਿਛਲੇ 27 ਸਾਲਾਂ ਤੋਂ ਬਾਦਸਤੂਰ ਜਾਰੀ ਹੈ। ਇਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸਲਾਮਾਬਾਦ ਨਾਲ ਦੋਵਾਂ ਮੁਲਕਾਂ ਦੀ ਜੇਲ੍ਹਾਂ ਵਿੱਚ ਬੰਦ ਕੈਦੀਆਂ ਤੇ ਮਛੇਰਿਆਂ ਦੀ ਸੂਚੀ ਦਾ ਤਬਾਦਲਾ ਕਰਦਿਆਂ ਕਿਹਾ ਕਿ ਉਸ ਨੂੰ ਅਜੇ ਵੀ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਤਕ ਕੌਂਸਲਰ ਰਸਾਈ ਦੀ ਉਡੀਕ ਹੈ।

### ਹਾਫ਼ਿਜ਼ ਸਈਦ ਵਿਰੁਧ ਕਾਰਵਾਈ ਵਜੋਂ ਲਾਈਆਂ ਮਾਲੀ ਬੰਦਸ਼ਾਂ

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨ ਸਰਕਾਰ ਵਾਸ਼ਿੰਗਟਨ ਵੱਲੋਂ ਦਹਿਸ਼ਤੀ ਐਲਾਨੇ ਗਏ ਇਸਲਾਮਿਕ ਆਗੂ ਹਾਫ਼ਿਜ਼ ਸਈਦ ਦੀਆਂ ਖ਼ੈਰਾਤੀ ਤੇ ਵਿੱਤੀ ਜਾਇਦਾਦਾਂ ਨੂੰ ਆਪਣੇ ਕੰਟਰੋਲ ਹੇਠ ਲੈਣ ਦੀ ਯੋਜਨਾ ਤਹਿਤ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਸਰਕਾਰ ਨੇ 19 ਦਸੰਬਰ ਨੂੰ ਇਸ ਯੋਜਨਾ ਸਬੰਧੀ ਵੱਖ ਵੱਖ ਸੂਬਿਆਂ ਤੇ ਸਰਕਾਰੀ ਵਿਭਾਗਾਂ ਨੂੰ ਖੁਫ਼ੀਆ ਹੁਕਮ ਜਾਰੀ ਕੀਤੇ ਸਨ। ਇਸ ਉੱਚ ਪੱਧਰੀ ਮੀਟਿੰਗ 'ਚ ਹਾਜ਼ਰ ਰਹੇ ਤਿੰਨ ਅਧਿਕਾਰੀਆਂ ਨੇ ਇਹ ਜਾਣਕਾਰੀ ਰਾਇਟਰਜ਼ ਨੂੰ ਦਿੱਤੀ ਹੈ। ਵਿੱਤ ਮੰਤਰਾਲੇ ਦੇ ਇਸ ਦਸਤਾਵੇਜ਼ ਵਿੱਚ ਕਾਨੂੰਨ ਵਿਭਾਗ ਤੇ ਪਾਕਿਸਤਾਨ ਦੇ ਪੰਜ ਸੂਬਿਆਂ ਦੀਆਂ ਸਰਕਾਰਾਂ ਨੂੰ 28 ਦਸੰਬਰ ਤੱਕ ਸਈਦ ਦੀਆਂ ਦੋ ਖ਼ੈਰਾਤੀ ਸੰਸਥਾਵਾਂ ਜਮਾਤ ਉਦ ਦਾਵਾ (ਜੇਯੂਡੀ) ਅਤੇ ਫਲਾਹ-ਏ-ਇਨਸਾਨੀਅਤ ਫਾਊਂਡੇਸ਼ਨ (ਐਫਆਈਐਫ) ਨੂੰ ਆਪਣੇ ਕੰਟਰੋਲ ਹੇਠ ਕਰਨ ਸਬੰਧੀ ਯੋਜਨਾ ਪੇਸ਼ ਕਰਨ ਨੂੰ ਕਿਹਾ ਸੀ। ਅਮਰੀਕਾ ਵੱਲੋਂ ਜੇਯੂਡੀ ਤੇ ਐਫਆਈਐਫ ਨੂੰ ਲਸ਼ਕਰ-ਏ-ਤਾਇਬਾ ਲਈ ਅਤਿਵਾਦੀ ਫਰੰਟ ਐਲਾਨਿਆ ਹੋਇਆ ਹੈ, ਜਿਸ ਦਾ ਸਈਦ ਨੇ 1987 'ਚ ਗਠਨ ਕੀਤਾ ਸੀ। ਭਾਰਤ ਤੇ ਅਮਰੀਕਾ ਨੇ ਲਸ਼ਕਰ ਨੂੰ 2008 ਦੇ ਮੁੰਬਈ ਹਮਲਿਆਂ ਲਈ ਜ਼ਿੰਮੇਵਾਰ ਮੰਨਿਆ ਹੋਇਆ ਹੈ। ਇਸ ਮੀਟਿੰਗ 'ਚ ਹਾਜ਼ਰ ਰਹੇ ਗ੍ਰਹਿ ਮੰਤਰੀ ਅਹਿਸਨ ਇਕਬਾਲ ਨੇ ਆਮ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਪਾਕਿਸਤਾਨ 'ਚ ਹਰ ਪਾਬੰਦੀਸ਼ੁਦਾ ਜਥੇਬੰਦੀ ਨੂੰ ਫੰਡਿੰਗ ਹੋਣ 'ਤੇ ਰੋਕ ਲਾਈ ਜਾਵੇ।




# ਪਰਮਾਣੂ ਬਟਨ ਹਮੇਸ਼ਾਂ ਕਿਮ ਜੋਂਗ ਉਨ ਦੀ ਮੁੱਠੀ 'ਚ

**ਚੋਪੇਸਿਓਲ/ਬਿਊਰੋ ਨਿਊਜ਼:** ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਨੇ ਨਵੇਂ ਸਾਲ ਦੇ ਆਪਣੇ ਸੁਨੇਹੇ ਵਿੱਚ ਮੁਲਕ ਨੂੰ ਵੱਡੇ ਪੱਧਰ 'ਤੇ ਪਰਮਾਣੂ ਜੰਗੀ ਹਥਿਆਰ ਤੇ ਮਿਜ਼ਾਈਲ ਤਿਆਰ ਕਰਨ ਦੀ ਅਪੀਲ ਕੀਤੀ ਹੈ। ਕਿਮ ਨੇ ਕਿਹਾ ਕਿ ਪਰਮਾਣੂ ਹਥਿਆਰ ਚਲਾਉਣ ਵਾਲਾ ਬਟਨ ਹਮੇਸ਼ਾਂ ਉਸ ਦੀ ਮੇਜ਼ 'ਤੇ (ਮੁੱਠੀ 'ਚ) ਹੁੰਦਾ ਹੈ ਤੇ ਉਹ ਆਪਣੇ ਪਰਮਾਣੂ ਹਥਿਆਰਾਂ ਦੇ ਪ੍ਰੋਗਰਾਮ, ਜਿਸ ਨੇ ਕੌਮਾਂਤਰੀ ਭਾਈਚਾਰੇ ਨੂੰ ਵਖ਼ਤ ਪਾਇਆ ਹੋਇਆ ਹੈ, ਨੂੰ ਜਾਰੀ ਰੱਖੇਗਾ। ਯਾਦ ਰਹੇ ਕਿ ਪਿਓਂਗਯਾਂਗ ਨੇ ਬੀਤੇ ਸਾਲ ਵਿੱਚ ਕੌਮਾਂਤਰੀ ਪਾਬੰਦੀਆਂ ਤੇ ਅਮਰੀਕਾ ਦੇ ਤਿੱਖੇ ਤੇਵਰਾਂ ਦੇ ਬਾਵਜੂਦ ਪਰਮਾਣੂ ਸ਼ਕਤੀ ਬਣਨ ਲਈ ਵਿੱਢੇ ਯਤਨਾਂ ਨੂੰ ਮੱਠਾ ਨਹੀਂ ਪੈਣ ਦਿੱਤਾ।



ਨਵੇਂ ਸਾਲ ਮੌਕੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਮ ਨੇ ਕਿਹਾ, ਸਾਨੂੰ ਵੱਡੇ ਪੱਧਰ 'ਤੇ ਪਰਮਾਣੂ ਜੰਗੀ ਹਥਿਆਰ ਤੇ ਬੈਲਿਸਟਿਕ ਮਿਜ਼ਾਈਲਾਂ ਬਣਾਉਣ ਦੇ ਨਾਲ ਨਾਲ ਇਨ੍ਹਾਂ ਨੂੰ ਤੇਜ਼ੀ ਨਾਲ ਬੀੜਨਾ ਵੀ ਹੋਵੇਗਾ।' ਕਿਮ ਨੇ ਮੁੜ ਦੁਹਰਾਇਆ ਕਿ ਉੱਤਰੀ ਕੋਰੀਆ ਨੇ ਪਰਮਾਣੂ ਸ਼ਕਤੀ ਸੰਪੰਨ ਮੁਲਕ ਬਣਨ ਦੇ ਆਪਣੇ ਟੀਚੇ ਨੂੰ ਪੂਰਾ ਕਰ ਲਿਆ ਹੈ। ਆਗੂ ਨੇ ਕਿਹਾ ਕਿ ਉਨ੍ਹਾਂ ਦੇ ਪਰਮਾਣੂ ਹਥਿਆਰ ਪ੍ਰੋਗਰਾਮ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਤਾਂ ਕਿ ਉਹ ਅਮਰੀਕੀ ਧਰਤੀ ਨੂੰ ਨਿਸ਼ਾਨਾ ਬਣਾਉਣ ਦੇ ਯੋਗ ਹੋ ਸਕੇ। ਕਿਮ ਨੇ ਕਿਹਾ, 'ਉੱਤਰੀ ਕੋਰੀਆ ਅਮਰੀਕਾ ਦੀ ਕਿਸੇ ਵੀ ਪਰਮਾਣੂ ਧਮਕੀ ਦਾ ਮੁਕਾਬਲਾ ਕਰ ਸਕਦਾ ਹੈ ਤੇ ਸਾਡੇ ਕੋਲ ਇੰਨੇ ਕੁ ਪਰਮਾਣੂ ਜੰਗੀ ਹਥਿਆਰ ਮੌਜੂਦ ਹਨ, ਜੋ ਅਮਰੀਕਾ ਨੂੰ ਅੱਗ ਨਾਲ ਖੇਡਣ ਤੋਂ ਵਰਜ ਸਕਦੇ ਹਨ।' ਆਗੂ ਨੇ ਕਿਹਾ ਕਿ ਪਰਮਾਣੂ ਬਟਨ ਹਮੇਸ਼ਾਂ ਉਸ ਦੀ ਮੇਜ਼ 'ਤੇ ਹੁੰਦਾ ਹੈ ਤੇ ਅਮਰੀਕਾ ਇਸ ਗੱਲ ਨੂੰ ਭਲੀਭਾਂਤ ਸਮਝ ਲਏ ਕਿ ਇਹ ਕੋਈ ਧਮਕੀ ਨਹੀਂ ਬਲਕਿ ਸੱਚਾਈ ਹੈ।

# ਹਾਈ ਕੋਰਟ ਵਲੋਂ ਟਰੈਵਲ ਏਜੰਟਾਂ ਵਿਰੁਧ ਸ਼ਿਕੰਜਾ ਕਸਣ ਹੁਕਮ

**ਚੰਡੀਗੜ੍ਹ/ਬਿਊਰੋ ਨਿਊਜ਼,** ਵਿਦੇਸ਼ ਜਾਣ ਦੇ ਸੁਪਨੇ ਦੇਖ ਰਹੇ ਭੋਲੇ-ਭਾਲੇ ਲੋਕਾਂ ਨੂੰ ਠੱਗੀ ਤੋਂ ਬਚਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਟਰੈਵਲ ਏਜੰਟਾਂ ਲਈ ਇਸ਼ਤਿਹਾਰਾਂ 'ਚ ਆਪਣਾ ਰਜਿਸਟਰੇਸ਼ਨ ਨੰਬਰ ਦੇਣਾ ਲਾਜ਼ਮੀ ਕਰ ਦਿੱਤਾ ਹੈ। ਜਸਟਿਸ ਏ ਬੀ ਚੌਧਰੀ ਨੇ ਯੂਟੀ ਚੰਡੀਗੜ੍ਹ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਰਾਜਾਂ ਨੂੰ ਹੁਕਮ ਦਿੱਤਾ ਹੈ ਕਿ ਟਰੈਵਲ ਏਜੰਟਾਂ ਵੱਲੋਂ ਦਿੱਤੇ ਜਾਂਦੇ ਕਿਸੇ ਵੀ ਤਰ੍ਹਾਂ ਦੇ ਇਸ਼ਤਿਹਾਰ 'ਚ ਰਜਿਸਟਰੇਸ਼ਨ ਨੰਬਰ ਦੇਣਾ ਲਾਜ਼ਮੀ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਇਹ ਹੁਕਮ ਪ੍ਰਿੰਟ-ਇਲੈਕਟ੍ਰਾਨਿਕ ਮੀਡੀਆ, ਪੈਂਫਲੈਂਟਜ਼, ਅਖ਼ਬਾਰਾਂ 'ਚ ਦਿੱਤੇ ਜਾਣ ਵਾਲੇ ਬਿਆਨਾਂ ਤੋਂ ਇਲਾਵਾ ਕੰਧਾਂ ਤੇ ਵਾਹਨਾਂ 'ਤੇ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ 'ਤੇ ਵੀ ਲਾਗੂ ਹੋਣਗੇ। ਜਸਟਿਸ ਚੌਧਰੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਵਾਲੇ ਲਈ ਸਬੰਧਤ ਟਰੈਵਲ ਏਜੰਟ ਦੇ ਰਜਿਸਟਰੇਸ਼ਨ ਸਰਟੀਫਿਕੇਟ ਦੀ ਤਸਦੀਕ ਕਰਨੀ ਅਤੇ ਇਸ ਦੀ ਕਾਪੀ ਆਪਣੇ ਕੋਲ ਰੱਖਣੀ ਲਾਜ਼ਮੀ ਹੋਵੇਗੀ। ਇਨ੍ਹਾਂ ਹੁਕਮਾਂ 'ਚ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੀ ਤਾਂ ਉਨ੍ਹਾਂ ਖ਼ਿਲਾਫ਼ ਵੀ ਕੇਸ ਚੱਲੇਗਾ। ਟੀਵੀ, ਆਟੋ ਰਿਕਸ਼ਿਆਂ ਅਤੇ ਹੋਰ ਥਾਵਾਂ 'ਤੇ ਵਿਦੇਸ਼ ਭੇਜਣ ਬਾਰੇ ਇਸ਼ਤਿਹਾਰਬਾਜ਼ੀ ਰਾਹੀਂ ਲੋਕਾਂ ਨੂੰ ਸਬਜ਼ਬਾਗ ਦਿਖਾਉਣ ਖ਼ਿਲਾਫ਼ ਨੋਟਿਸ ਲੈਂਦਿਆਂ ਜਸਟਿਸ ਚੌਧਰੀ ਨੇ ਇਸ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਦੇ ਡੀਜੀਪੀਜ਼ ਅਤੇ ਚੰਡੀਗੜ੍ਹ ਪੁਲੀਸ ਨੂੰ ਇਸ਼ਤਿਹਾਰ ਦੇਣ ਵਾਲਿਆਂ ਦੀ ਰਜਿਸਟਰੇਸ਼ਨ ਬਾਰੇ ਪੜਤਾਲ ਕਰਨ ਲਈ ਕਿਹਾ ਸੀ। ਹਾਈ ਕੋਰਟ ਵੱਲੋਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਬਿਨਾਂ ਰਜਿਸਟਰੇਸ਼ਨ ਵਾਲੇ ਏਜੰਟਾਂ ਦੀ ਇਸ਼ਤਿਹਾਰਬਾਜ਼ੀ ਕਰਨ ਵਾਲੇ ਟੀਵੀ ਚੈਨਲਾਂ ਆਦਿ ਖ਼ਿਲਾਫ਼ ਢੁਕਵੀਂ ਕਾਰਵਾਈ ਦਾ ਪਹਿਲਾਂ ਹੀ ਹੁਕਮ ਦਿੱਤਾ ਜਾ ਚੁੱਕਾ ਹੈ। ਜਸਟਿਸ ਚੌਧਰੀ ਨੇ ਇਹ ਆਦੇਸ਼ ਰਮਨਦੀਪ ਸਿੰਘ ਉਰਫ਼ ਬੱਬੂ ਵੱਲੋਂ ਪੱਕੀ ਜ਼ਮਾਨਤ ਲਈ ਦਾਖ਼ਲ ਕੀਤੀ ਪਟੀਸ਼ਨ 'ਤੇ ਦਿੱਤਾ ਹੈ। ਰਮਨਦੀਪ ਖ਼ਿਲਾਫ਼ ਫਰਵਰੀ 'ਚ ਨਵੀਂ ਬਾਰਾਦਰੀ ਥਾਣਾ, ਜਲੰਧਰ ਵਿੱਚ ਧੋਖਾਧੜੀ ਅਤੇ ਹੋਰ ਦੋਸ਼ਾਂ ਤਹਿਤ ਕੇਸ ਦਰਜ ਹੋਇਆ ਸੀ।

# ਮਾਤਮ 'ਚ ਬਦਲੇ ਜਨਮ ਦਿਨ ਦੇ ਜਸ਼ਨ

## *ਮੁੰਬਈ ਦੇ ਪੱਬ ਦੀ ਭਿਆਨਕ ਅੱਗ ਨੇ 14 ਲੋਕਾਂ ਦੀ ਜਾਨ ਲਈ*



**ਮੁੰਬਈ/ਬਿਊਰੋ ਨਿਊਜ਼:** ਇਥੇ ਇਕ ਇਮਾਰਤ ਦੀ ਛੱਤ ਉਤੇ ਬਣੇ ਪੱਬ ਵਿੱਚ ਪਾਰਟੀ ਦੌਰਾਨ ਲੱਗੀ ਅੱਗ ਨੇ 29ਵਾਂ ਜਨਮ ਦਿਨ ਮਨਾਉਣ ਆਈ ਔਰਤ ਸਮੇਤ 14 ਜਾਨਾਂ ਲੈ ਲਈਆਂ ਹਨ ਅਤੇ 21 ਜਣੇ ਝੁਲਸ ਗਏ ਹਨ। ਮੁੰਬਈ ਦੇ ਬ੍ਰਿਹਨਮੁੰਬਈ ਨਗਰ ਨਿਗਮ ਦੇ ਇਕ ਅਧਿਕਾਰੀ ਨੇ ਦੱਸਿਆ, 'ਵੀਰਵਾਰ ਅੱਧੀ ਰਾਤ ਤਕਰੀਬਨ ਸਾਢੇ ਬਾਰ੍ਹਾਂ ਵਜੇ '1 ਅਬੱਵ' ਪੱਬ ਵਿੱਚ ਅੱਗ ਲੱਗੀ ਸੀ ਅਤੇ ਇਹ ਦੇਖਦਿਆਂ ਦੇਖਦਿਆਂ ਤੀਜੀ ਮੰਜ਼ਿਲ ਉਤੇ ਸਥਿਤ ਮੋਜੋ ਪੱਬ ਵਿੱਚ ਵੀ ਫੈਲ ਗਈ। ਕੇਈਐਮ ਹਸਪਤਾਲ, ਜਿਥੇ ਜ਼ਖ਼ਮੀਆਂ ਤੇ ਮ੍ਰਿਤਕਾਂ ਨੂੰ ਲਿਜਾਇਆ ਗਿਆ ਸੀ, ਦੇ ਡੀਨ ਅਵਿਨਾਸ਼ ਸੁਪੇ ਨੇ ਦੱਸਿਆ ਕਿ ਜ਼ਿਆਦਾਤਰ ਮੌਤਾਂ ਦਮ ਘੁਟਣ ਨਾਲ ਹੋਈਆਂ ਹਨ। ਮ੍ਰਿਤਕਾਂ ਵਿੱਚ 29ਵਾਂ ਜਨਮ ਦਿਨ ਮਨਾਉਣ ਆਈ ਖ਼ੁਸ਼ਬੂ ਬੰਸਾਲੀ ਅਤੇ 10 ਹੋਰ ਔਰਤਾਂ ਸ਼ਾਮਲ ਹਨ। ਬੰਸਾਲੀ ਦੇ ਦਾਦੇ ਬਾਬੂਲਾਲ ਮਹਿਤਾ ਨੇ ਇਸ ਘਟਨਾ ਲਈ 'ਗ਼ੈਰਜ਼ਿੰਮੇਵਾਰ' ਹੋਟਲ ਮੈਨੇਜਮੈਂਟ ਅਤੇ ਨਿਗਮ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ, 'ਇਸ ਹੋਟਲ ਨੇ ਬਾਂਸ ਸਹਾਰੇ ਆਰਜ਼ੀ ਢਾਂਚਾ ਖੜ੍ਹਾ ਕੀਤਾ ਸੀ, ਜਿਸ ਨੂੰ ਅੱਗ ਲੱਗੀ ਹੋ ਸਕਦੀ ਹੈ। ਅੱਗ ਬੁਝਾਉਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ। ਕਿਸੇ ਵੀ ਉਲੰਘਣਾ ਖ਼ਿਲਾਫ਼ ਕਾਰਵਾਈ ਕਰਨਾ ਪੁਲੀਸ ਤੇ ਨਿਗਮ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ।'

'1 ਅਬੱਵ' ਅਤੇ 'ਮੋਜੋ' ਪੱਬ ਕਮਲਾ ਮਿੱਲਜ਼ ਕੰਪਾਊਂਡ ਵਿੱਚ ਟਰੇਡ ਹਾਊਸ ਇਮਾਰਤ ਵਿੱਚ ਸਥਿਤ ਹਨ। ਇਸ ਇਮਾਰਤ ਵਿੱਚ ਕੌਮੀ ਟੀਵੀ ਚੈਨਲਾਂ ਸਮੇਤ ਹੋਰ ਕਈ ਦਫ਼ਤਰ ਹਨ। ਅੱਗ ਦੀ ਘਟਨਾ ਵਿੱਚ ਰਾਤ ਦੀ ਡਿਊਟੀ 'ਤੇ ਆਏ ਟੀਵੀ9 ਮਰਾਠੀ ਚੈਨਲ ਦੇ ਤਕਰੀਬਨ 15 ਮੁਲਾਜ਼ਮ ਵਾਲ ਵਾਲ ਬਚੇ। ਅੱਗ ਕਾਰਨ ਟਾਈਮਜ਼ ਨਾਓ ਸਮੇਤ ਕਈ ਚੈਨਲਾਂ ਦੀਆਂ ਸੇਵਾਵਾਂ ਵਿੱਚ ਵਿਘਨ ਪਿਆ ਹੈ।

ਇਸ ਘਟਨਾ ਕਾਰਨ ਬ੍ਰਿਹਨਮੁੰਬਈ ਨਗਰ ਨਿਗਮ ਨੇ ਅੱਜ ਆਪਣੇ ਪੰਜ ਅਧਿਕਾਰੀ ਮੁਅੱਤਲ ਕਰ ਦਿੱਤੇ ਹਨ। ਬੀਐਮਸੀ ਅਧਿਕਾਰੀ ਨੇ ਦੱਸਿਆ ਕਿ ਨਿਗਮ ਨੇ ਪਿਛਲੇ ਸਮੇਂ ਦੌਰਾਨ ਕਮਲਾ ਮਿੱਲ ਕੰਪਾਊਂਡ 'ਚ ਨਿਯਮਾਂ ਦੀ ਉਲੰਘਣਾ ਲਈ ਨੋਟਿਸ ਭੇਜੇ ਸਨ। ਨਿਗਮ ਕਮਿਸ਼ਨਰ ਏ ਮਹਿਤਾ ਨੇ ਦੱਸਿਆ ਕਿ ਅੱਗ ਵਾਲੀ ਘਟਨਾ ਕਾਰਨ ਪੰਜ ਅਧਿਕਾਰੀ ਮੁਅੱਤਲ ਕੀਤੇ ਗਏ ਹਨ। ਚਸ਼ਮਦੀਦਾਂ ਨੇ ਦੱਸਿਆ ਕਿ ਕੁੱਝ ਲੋਕ ਅੱਗ ਕਾਰਨ ਉੱਠ ਰਹੇ ਧੂੰਏਂ ਵਿੱਚ ਸੈਲਫੀਆਂ ਲੈ ਰਹੇ ਸਨ ਅਤੇ ਕੁੱਝ ਸ਼ਰਾਬੀਆਂ ਕਾਰਨ ਵੀ ਬਚਾਅ ਕਾਰਜਾਂ ਵਿੱਚ ਅੜਿੱਕਾ ਪਿਆ। ਪੁਲੀਸ ਨੇ ਸੀ ਗਰੇਡ ਹੌਸਪਿਟੈਲਿਟੀ ਦੇ ਹਰਤੇਸ਼ ਸੰਘਵੀ, ਜਿਗਰ ਸੰਘਵੀ ਤੇ ਅਭਿਜੀਤ ਮਨਕਾ, ਜਿਨ੍ਹਾਂ ਵੱਲੋਂ ਇਹ ਪੱਬ ਚਲਾਇਆ ਜਾਂਦਾ ਸੀ, ਖ਼ਿਲਾਫ਼ ਆਈਪੀਸੀ ਦੀ ਧਾਰਾ 337 ਤੇ 338 ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮਾਂ 'ਚੋਂ ਦੋ ਜਣਿਆਂ ਨੂੰ ਕਾਬੂ ਕਰ ਲਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਇਸ ਘਟਨਾ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟਾਇਆ ਅਤੇ ਬੀਐਮਸੀ ਕਮਿਸ਼ਨਰ ਨੂੰ ਜਾਂਚ ਦਾ ਆਦੇਸ਼ ਦਿੱਤਾ ਹੈ।

### 29 ਨੂੰ ਜਨਮੀ 29ਵੇਂ ਜਨਮ ਦਿਨ ਮੌਕੇ ਗੁਆਚੀ ਖੁਸ਼ਬੂ



ਮੁੰਬਈ: ਖੁਸ਼ਬੂ ਬੰਸਾਲੀ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਇਥੇ '1 ਅਬੱਵ' ਪੱਬ ਵਿੱਚ 29ਵਾਂ ਜਨਮ ਦਿਨ ਮਨਾਉਣ ਆਈ ਸੀ। ਸੰਗੀਤਕ ਧੁਨਾਂ ਉਦੋਂ ਮਾਤਮ ਵਿੱਚ ਬਦਲ ਗਈਆਂ ਜਦੋਂ ਅਚਾਨਕ ਅੱਗ ਲੱਗ ਗਈ। ਖੁਸ਼ਬੂ 29 ਦਸੰਬਰ ਨੂੰ 29 ਵਰ੍ਹਿਆਂ ਦੀ ਹੋਈ ਸੀ ਪਰ ਉਹ ਇਸ ਦਿਨ ਦਾ ਸੂਰਜ ਨਹੀਂ ਦੇਖ ਸਕੀ। ਇਸ ਘਟਨਾ ਤੋਂ ਕੁੱਝ ਪਲ ਪਹਿਲਾਂ ਕਾਲੇ ਰੰਗ ਦੇ ਟੌਪ ਵਿੱਚ ਸਜੀ ਖੁਸ਼ਬੂ ਦੀ ਕੇਕ ਕੱਟਦੀ ਦੀ ਵੀਡੀਓ ਉਸ ਦੇ ਦੋਸਤਾਂ ਨੇ ਸੋਸ਼ਲ ਮੀਡੀਆ 'ਤੇ ਪਾਈ ਸੀ, ਜਿਸ 'ਚ ਉਹ ਸਭ ਕਾਸੇ ਤੋਂ ਬੇਫਿਕਰ ਖੁਸ਼ ਨਜ਼ਰ ਆ ਰਹੀ ਹੈ। ਉਸ ਨੂੰ ਲੰਬੀ ਉਮਰ ਦੀਆਂ ਦੁਆਵਾਂ ਦਿੱਤੀਆਂ ਗਈਆਂ ਸਨ ਪਰ ਅੱਗ ਨੇ ਸਭ ਰਾਖ਼ ਕਰ ਦਿੱਤਾ।

### ਰਿਸ਼ਤੇਦਾਰ ਨੂੰ ਬਚਾਉਂਦੇ ਆਪ ਤੁਰ ਗਏ ਦੋ ਭਰਾ

ਖੁਸ਼ਬੂ ਦੇ ਜਨਮ ਦਿਨ ਦੇ ਜਸ਼ਨਾਂ ਵਿੱਚ ਸ਼ਰੀਕ ਹੋਣ ਗਏ ਅਮਰੀਕੀ ਨਾਗਰਿਕ ਧੈਰਯ ਲਲਾਨੀ (26 ਸਾਲ), ਵਿਸ਼ਵ ਲਲਾਨੀ (23ਸਾਲ ), ਜਿਹੜੇ ਸਕੇ ਭਰਾ ਸਨ, ਅਤੇ ਉਨ੍ਹਾਂ ਦੀ ਰਿਸ਼ਤੇਦਾਰ ਬੀਬੀ ਪ੍ਰਮਿਲਾ ਕੀਨਿਆ ਵੀ ਅੱਗ ਦੀ ਭੇਟ ਚੜ੍ਹ ਗਏ ਹਨ। ਉਨ੍ਹਾਂ ਦੇ ਪਰਿਵਾਰਕ ਦੋਸਤ ਵਿਨੋਦ ਸੇਠੀਆ (70 ਸਾਲ) ਨੇ ਦੱਸਿਆ ਕਿ ਧੈਰਯ ਤੇ ਵਿਸ਼ਵ ਨੂੰ ਜਦੋਂ ਪਤਾ ਲੱਗਾ ਕਿ ਪ੍ਰਮਿਲਾ ਬਾਹਰ ਨਹੀਂ ਆਈ ਹੈ ਤਾਂ ਉਸ ਨੂੰ ਬਚਾਉਣ ਲਈ ਉਹ ਪੱਬ ਅੰਦਰ ਗਏ ਸਨ

# ਪੰਜਾਬ ਪੁਲੀਸ ਤੋਂ ਸੰਭਾਲਿਆ ਨਹੀਂ ਜਾ ਰਿਹਾ ਅਪਣਾ ਹੀ ਘਰ

## ਸੀਨੀਅਰ ਅਫ਼ਸਰਾਂ ਦੀ ਧੜੇਬੰਦੀ ਬਣ ਰਹੀ ਹੈ ਅਸਰਦਾਰ ਢੰਗ ਨਾਲ ਕੰਮ ਕਰਨ 'ਚ ਅੜਿਕਾ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਰਮਿਆਨ ਪੈਦਾ ਹੋਈ ਧੜੇਬੰਦੀ ਕਾਰਨ ਪੁਲੀਸ ਨੂੰ ਪੇਸ਼ੇਵਰ ਲੀਹ 'ਤੇ ਲਿਆਉਣ ਲਈ ਆਉਣ ਵਾਲਾ ਸਾਲ ਕਿਸੇ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੋਵੇਗਾ। ਪੰਜਾਬ ਨਸ਼ਿਆਂ ਦੀ ਤਸਕਰੀ, ਗੈਂਗਸਟਰਾਂ ਦੀ ਦਹਿਸ਼ਤ, ਸਰਹੱਦੋਂ ਪਾਰ ਅਤਿਵਾਦ, ਸਾਈਬਰ ਅਪਰਾਧ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਸਣੇ ਗੰਭੀਰ ਅਪਰਾਧਾਂ ਨਾਲ ਜੂਝ ਰਿਹਾ ਹੈ ਤੇ ਲੋਕਾਂ ਦਾ ਪੁਲੀਸ ਤੋਂ ਭਰੋਸਾ ਟੁੱਟਦਾ ਜਾ ਰਿਹਾ ਹੈ। ਇਹ ਪ੍ਰਭਾਵ ਪਾਇਆ ਜਾ ਰਿਹਾ ਹੈ ਕਿ ਪੰਜਾਬ ਪੁਲੀਸ ਦੇ ਅਫ਼ਸਰਾਂ ਤੇ ਸੀਨੀਅਰ ਅਧਿਕਾਰੀਆਂ ਵਿੱਚ ਜਵਾਬਦੇਹੀ ਦੀ ਘਾਟ ਨੇ ਵਿਭਾਗ ਨੂੰ ਪੇਸ਼ੇਵਰ ਲੀਹ ਤੋਂ ਲਾਹ ਦਿੱਤਾ ਹੈ। ਇਸ ਲਈ ਐਸਐਚਓ ਤੋਂ ਲੈ ਕੇ ਡੀਜੀਪੀ ਤੱਕ ਦੇ ਅਧਿਕਾਰੀਆਂ ਦੀ ਜਵਾਬਦੇਹੀ ਬਣਾਉਣ ਦੀ ਲੋੜ ਹੈ।

ਸੀਨੀਅਰ ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸੂਬੇ ਵਿੱਚ ਸਰਗਰਮ ਗੈਂਗਸਟਰਾਂ ਦਾ ਨਸ਼ਾ ਤਸਕਰਾਂ ਨਾਲ ਡੂੰਘਾ ਹੋ ਰਿਹਾ ਗੱਠਜੋੜ ਅਤੇ ਸਾਈਬਰ ਅਪਰਾਧ ਦੇ ਵਧ ਰਹੇ ਅੰਕੜਿਆਂ ਨੇ ਪੁਲੀਸ ਦੀ ਨੀਂਦ ਹਰਾਮ ਨਹੀਂ ਕੀਤੀ, ਸਗੋਂ ਸੂਚਨਾ ਤਕਨਾਲੋਜੀ ਦੇ ਮੌਜੂਦਾ ਦੌਰ ਵਿੱਚ ਪੰਜਾਬ ਪੁਲੀਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੀ ਭਾਰੀ ਮੁਸ਼ੱਕਤ ਕਰਨ ਦੀ ਲੋੜ ਹੈ। ਪੁਲੀਸ ਦਾ ਤਸਕਰਾਂ ਨਾਲ ਕਥਿਤ ਗੱਠਜੋੜ ਵਿਭਾਗ ਲਈ ਭਵਿੱਖ ਦੀਆਂ ਵੱਡੀਆਂ ਚੁਣੌਤੀਆਂ ਵਜੋਂ ਮੰਨਿਆ ਜਾ ਰਿਹਾ ਹੈ। ਤਸਕਰਾਂ ਤੇ ਗੈਂਗਸਟਰਾਂ ਦੀ ਪੁਲੀਸ ਨਾਲ ਦੋਸਤੀ ਏਨੀ ਪੀਡੀ ਹੋ ਗਈ ਹੈ ਕਿ ਜੇਲ੍ਹਾਂ ਵਿੱਚ ਗ਼ੈਰਕਾਨੂੰਨੀ ਧੰਦਿਆਂ ਦੀਆਂ ਰਿਪੋਰਟਾਂ ਅਕਸਰ ਸਾਹਮਣੇ ਆਉਂਦੀਆਂ ਹਨ। ਸਰਹੱਦੀ ਸੂਬੇ ਦੀ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਰਮਿਆਨ ਚੱਲ ਰਹੀ ਖਹਿਬਾਜ਼ੀ ਕਾਨੂੰਨ ਵਿਵਸਥਾ ਦੇ ਪੱਖ ਤੋਂ ਵੀ ਸੁਖਾਵੀਂ ਨਹੀਂ ਮੰਨੀ ਜਾਂਦੀ। ਅਤਿਵਾਦ ਨਾਲ ਲੜਾਈ ਲੜਨ ਦੀ ਵਾਹ-ਵਾਹ ਖੱਟ ਚੁੱਕੀ ਸੂਬਾਈ ਪੁਲੀਸ ਦਾ ਇਸ ਹੱਦ ਤੱਕ ਸਿਆਸੀਕਰਨ ਹੋ ਚੁੱਕਾ ਹੈ ਕਿ ਬਹੁ-ਗਿਣਤੀ ਜ਼ਿਲ੍ਹਾ ਪੁਲੀਸ ਮੁਖੀ ਤੇ ਥਾਣਾ ਮੁਖੀਆਂ ਦੀ ਨਿਯੁਕਤੀ ਰਾਜਸੀ ਸਰਪ੍ਰਸਤੀ ਕਾਰਨ ਹੀ ਹੁੰਦੀ ਹੈ।

ਪੰਜਾਬ ਵਿੱਚ ਸਰਗਰਮ ਗੈਂਗਸਟਰਾਂ ਦੀ ਗੱਲ ਕਰੀਏ ਤਾਂ ਸੂਬਾਈ ਪੁਲੀਸ ਮੁਤਾਬਕ ਸੂਬੇ ਵਿੱਚ ਹਥਿਆਰਬੰਦ ਗਰੋਹਾਂ ਦੀ ਗਿਣਤੀ 57 ਹੈ, ਜਦੋਂਕਿ ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਗਰੋਹਾਂ ਦੀ ਗਿਣਤੀ 70 ਦੇ ਕਰੀਬ ਹੈ। ਗਰੋਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਜ਼ਿਆਦਾ ਹੈ। ਇਨ੍ਹਾਂ ਦਾ ਮੁੱਖ ਕੰਮ ਕਤਲ, ਫਿਰੌਤੀ ਤੇ ਸੁਪਾਰੀ ਲੈ ਕੇ ਘਟਨਾ ਨੂੰ ਅੰਜਾਮ ਦੇਣਾ ਹੈ। ਪੁਲੀਸ ਮੁਤਾਬਕ ਮੁੱਖ ਗਰੋਹ ਅਤੇ ਗਰੋਹ ਆਗੂ ਮਾਲਵਾ ਖੇਤਰ ਨਾਲ ਸਬੰਧਤ ਹਨ, ਜਦੋਂਕਿ ਅੰਮ੍ਰਿਤਸਰ ਵਿੱਚ ਵੀ ਕੁਝ ਗੈਂਗ ਸਰਗਰਮ ਹਨ। ਮੁੱਖ ਗਰੋਹਾਂ ਵਿੱਚ ਰੋਕੀ ਗੈਂਗ, ਬਿਸ਼ਨੋਈ, ਸ਼ੇਰਾ ਖੁੱਬਾ, ਜੈਪਾਲ, ਵਿੱਕੀ ਗੌਂਡਰ ਤੇ ਦਵਿੰਦਰ ਸ਼ੂਟਰ ਆਦਿ ਸਭ ਮਾਲਵੇ ਨਾਲ ਸਬੰਧਤ ਹਨ ਅਤੇ ਇਨ੍ਹਾਂ ਸਾਰੇ ਗਰੋਹਾਂ ਨੂੰ ਹੇਠਲੇ ਪੱਧਰ ਦੇ ਸਿਆਸੀ ਆਗੂਆਂ ਤੋਂ ਵੀ ਸਮਰਥਨ ਮਿਲਣ ਦੀਆਂ ਰਿਪੋਰਟਾਂ ਹਨ, ਜਦੋਂਕਿ ਇਨ੍ਹਾਂ ਗਰੋਹਾਂ ਦੇ ਸਾਰੀਆਂ ਮੁੱਖ ਸਿਆਸੀ ਧਿਰਾਂ ਨਾਲ ਸਬੰਧ ਰਹੇ ਹਨ। ਇਹ ਅੰਕੜੇ ਪੰਜਾਬ ਦੀ ਡਰਾਉਂਦੀ ਤਸਵੀਰ ਪੇਸ਼ ਕਰਦੇ ਹਨ। ਪੰਜਾਬ ਪੁਲੀਸ ਵੱਲੋਂ ਲੰਘੇ ਵਰ੍ਹੇ ਦੇ ਅੰਤਲੇ ਮਹੀਨਿਆਂ ਦੌਰਾਨ ਕੁਝ ਚੋਣਵੇਂ ਕਤਲਾਂ ਦੀ ਗੁੱਥੀ ਤਾਂ ਸੁਲਝਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਸਵਾ ਦੋ ਸਾਲ ਪਹਿਲਾਂ ਬਰਗਾੜੀ (ਫ਼ਰੀਦਕੋਟ) ਵਿੱਚ ਵਾਪਰੀ ਬੇਅਦਬੀ ਦੀ ਘਟਨਾ, ਲੁਧਿਆਣਾ 'ਚ ਮਾਤਾ ਚੰਦ ਕੌਰ ਦਾ ਕਤਲ, ਬਨੂੜ ਡਕੈਤੀ ਸਮੇਤ ਕਈ ਵੱਡੀਆਂ ਘਟਨਾਵਾਂ ਸਮੇਤ ਨਾਭਾ ਜੇਲ੍ਹ 'ਚੋਂ ਭੱਜੇ ਗੈਂਗਸਟਰ ਵਿੱਕੀ ਗੌਂਡਰ ਦਾ ਖੁਰਾ ਖੋਜ ਨਾ ਲੱਭਣਾ ਪੁਲੀਸ ਦੀ ਕਾਰਗੁਜ਼ਾਰੀ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਅਜਿਹੇ ਮਾਮਲੇ ਅਗਲੇ ਸਾਲ ਵੀ ਪੁਲੀਸ ਲਈ ਸਿਰਦਰਦੀ ਬਣੇ ਰਹਿਣਗੇ।

ਪੰਜਾਬ ਪੁਲੀਸ ਦੇ ਅਫ਼ਸਰਾਂ ਤੇ ਮੁਲਾਜ਼ਮਾਂ ਵਿੱਚ ਪਨਪ ਰਹੀ ਮਾੜੀ ਬਿਰਤੀ ਵੀ ਭਵਿੱਖ ਦੀਆਂ ਵੱਡੀਆਂ ਚੁਣੌਤੀਆਂ ਵਜੋਂ ਦੇਖੀ ਜਾ ਸਕਦੀ ਹੈ। ਨਸ਼ਿਆਂ ਦੀ ਤਸਕਰੀ ਰੋਕਣ



ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਇਮ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਵੱਲੋਂ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿੱਚ ਕਾਬੂ ਕਰਨ ਅਤੇ ਇਸ ਇੰਸਪੈਕਟਰ ਦੀ ਸੀਨੀਅਰ ਅਫ਼ਸਰਾਂ ਵੱਲੋਂ ਪੁਸ਼ਤਪਨਾਹੀ ਦੇ ਦੋਸ਼ਾਂ ਨੇ ਅਪਰਾਧਿਕ ਬਿਰਤੀ ਦਾ ਇੱਕ ਨਵਾਂ ਰੂਪ ਲੋਕਾਂ ਸਾਹਮਣੇ ਲਿਆਂਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਤੋਂ ਪਹਿਲਾਂ ਇੱਕ ਜਨਤਕ ਇਕੱਠ ਦੌਰਾਨ ਪਵਿੱਤਰ ਗੁਟਕੇ ਦੀ ਸਹੁੰ ਚੁੱਕਦਿਆਂ ਸੂਬੇ ਵਿੱਚੋਂ ਨਸ਼ੇ ਖ਼ਤਮ ਕਰਨ ਦਾ ਐਲਾਨ ਕੀਤਾ ਸੀ। ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਦੇ ਖ਼ਾਤਮੇ ਲਈ ਐਸਟੀਐਫ ਬਣਾਉਣ ਦਾ ਐਲਾਨ ਕੀਤਾ ਗਿਆ। ਪੁਲੀਸ ਅਧਿਕਾਰੀਆਂ ਦੀ ਖਹਿਬਾਜ਼ੀ ਕਾਰਨ ਜਿਸ ਤਰ੍ਹਾਂ ਸਰਕਾਰ ਦੀ ਹਮਾਇਤ ਹਾਸਲ ਕਰਕੇ ਐਸਟੀਐਫ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਗਿਆ ਹੈ, ਉਸ ਨੇ ਨਸ਼ਾ ਤਸਕਰੀ ਰੋਕਣ ਲਈ ਸਰਕਾਰ ਦੀ ਨੀਅਤ ਵੀ ਸ਼ੱਕੀ ਬਣਾ ਦਿੱਤੀ ਹੈ। ਨਵੇਂ ਸਾਲ ਦੌਰਾਨ ਸਰਕਾਰ ਤੇ ਪੁਲੀਸ ਨੂੰ ਇਸ ਮਾਮਲੇ 'ਤੇ ਵੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

**ਪੇਸ਼ੇਵਰ ਤੇ ਈਮਾਨਦਾਰ ਅਧਿਕਾਰੀਆਂ ਨੇ ਢਾਹੀ ਢੇਰੀ**

ਇਹ ਗੱਲ ਜੱਗ-ਜ਼ਾਹਿਰ ਹੋ ਚੁੱਕੀ ਹੈ ਕਿ ਪੰਜਾਬ ਪੁਲੀਸ ਦੇ ਦੋ ਸੀਨੀਅਰ ਅਧਿਕਾਰੀਆਂ ਵੱਲੋਂ ਐਸਟੀਐਫ ਦੇ ਪਰ ਕੁਤਰਨ ਲਈ ਨਿਭਾਈ ਸਰਗਰਮ ਭੂਮਿਕਾ ਨੇ ਪੁਲੀਸ ਨੂੰ ਕਈ ਧੜਿਆਂ ਵਿੱਚ ਵੰਡ ਦਿੱਤਾ ਹੈ ਤੇ ਪੇਸ਼ੇਵਰ ਲੀਹਾਂ 'ਤੇ ਚੱਲ ਕੇ ਕੰਮ ਕਰਨ ਵਾਲੇ ਪੁਲੀਸ ਅਧਿਕਾਰੀਆਂ ਦੇ ਹੌਸਲੇ ਵੀ ਪਸਤ ਹੋਏ ਹਨ। ਇਹ ਮਾਮਲਾ ਸਰਕਾਰ ਅਤੇ ਪੁਲੀਸ ਦੋਵਾਂ ਲਈ ਹੀ ਚੁਣੌਤੀ ਹੈ। ਪੰਜਾਬ ਪੁਲੀਸ ਦੇ ਤਿੰਨ ਮਹੱਤਵਪੂਰਨ ਵਿੰਗ ਇੰਟੈਲੀਜੈਂਸ, ਕ੍ਰਾਈਮ ਤੇ ਸਾਈਬਰ ਕ੍ਰਾਈਮ 'ਤੇ ਸੀਨੀਅਰ ਅਧਿਕਾਰੀਆਂ ਅਤੇ ਸਰਕਾਰ ਵੱਲੋਂ ਕੋਈ ਤਵੱਜੋਂ ਨਹੀਂ ਦਿੱਤੀ ਜਾਂਦੀ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸੂਚਨਾ ਤਕਨਾਲੋਜੀ ਦੇ ਦੌਰ ਵਿੱਚ ਆਧੁਨਿਕ ਤੌਰ-ਤਰੀਕਿਆਂ ਰਾਹੀਂ ਅਪਰਾਧ ਦੀ ਜੜ੍ਹ ਤੱਕ ਪੁੱਜਣ ਦੇ ਪੱਖ ਤੋਂ ਪੰਜਾਬ ਪੁਲੀਸ ਹੋਰ ਕਈ ਸੂਬਿਆਂ ਦੀ ਪੁਲੀਸ ਨਾਲੋਂ ਬੇਹੱਦ ਪਛੜੀ ਹੋਈ ਹੈ। ਪੰਜਾਬ ਵਿੱਚ ਫੌਰੈਂਸਿਕ ਲੈਬਾਰਟਰੀ ਅਤੇ ਫਿੰਗਰ ਪ੍ਰਿੰਟ ਆਦਿ ਦੇ ਮਾਮਲੇ ਵਿੱਚ ਆਧੁਨਿਕ ਤਕਨੀਕ ਅਪਣਾਉਣ ਦੀ ਪਹਿਲਕਦਮੀ ਨਹੀਂ ਕੀਤੀ ਜਾਂਦੀ।

# ਪੰਜਾਬ: ਵੋਟਾਂ ਦੀ ਸਿਆਸਤ ਨੇ ਲਿਆਂਦਾ ਪ੍ਰਸ਼ਾਸਕੀ ਨਿਘਾਰ

**ਨਿਰਮਲ ਸੰਧੂ**, ਸੀਨੀਅਰ ਪੱਤਰਕਾਰ
ਈ-ਮੇਲ: nirmalssandhu'gmail.com

**ਕੈਪਟਨ ਸਰਕਾਰ ਨੇ ਕਿਸਾਨਾਂ ਦੇ ਸ਼ਕਤੀਕਰਨ ਲਈ ਇਕ ਕਮਿਸ਼ਨ ਬਣਾਉਣ ਦਾ ਫ਼ੈਸਲਾ ਲਿਆ ਹੈ। ਫਿਰ ਉਹੀ ਗੱਲ ਹੈ। ਕੀ ਕਾਂਗਰਸੀ ਇਨ੍ਹਾਂ ਗੱਲਾਂ ਤੋਂ ਅਣਜਾਣ ਹਨ ਕਿ ਕਿਸਾਨਾਂ ਦੇ ਰੋਸ ਪ੍ਰਗਟਾਵੇ ਕੀ ਹਨ ਜਾਂ ਖੇਤੀ ਖੇਤਰ ਵਿੱਚ ਖੜ੍ਹੋਤ ਤੋੜਨ ਲਈ ਕੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਮਾਮਲਿਆਂ ਸਬੰਧੀ ਮਾਹਿਰਾਂ ਨੂੰ ਇਸ ਬਾਰੇ ਪੁੱਛਣ, ਪੀਏਯੂ ਦੇ ਕੁਝ ਪ੍ਰੋਫੈਸਰਾਂ ਨਾਲ ਮਸ਼ਵਰਾ ਕਰਨ ਜਾਂ ਡਾ. ਐਮ.ਐਸ. ਸਵਾਮੀਨਾਥਨ ਦੀ ਰਿਪੋਰਟ ਨੂੰ ਵਿਸਥਾਰ ਵਿੱਚ ਪੜ੍ਹ ਲੈਣ। ਜੇ ਅਜਿਹਾ ਨਹੀਂ ਕਰਨਾ ਤਾਂ ਕਿਸਾਨਾਂ ਲਈ ਇਕ ਹੋਰ ਕਮਿਸ਼ਨ ਕਾਇਮ ਕਰਨਾ ਤਨਖਾਹਾਂ ਦੇ ਖ਼ਰਚੇ ਤੋਂ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੋਵੇਗਾ।**

ਪੰਜਾਬ ਕੈਬਨਿਟ ਦੀ ਮੀਟਿੰਗ ਜਦੋਂ ਵੀ ਫ਼ੈਸਲੇ ਲੈਣ ਲਈ ਹੁੰਦੀ ਹੈ ਤਾਂ ਨਤੀਜੇ ਲੋਕਾਂ ਦੀਆਂ ਨੌਕਰੀਆਂ ਜਾਣ, ਧਨ ਦਾ ਨੁਕਸਾਨ ਹੋਣ ਜਾਂ ਸੰਸਥਾਵਾਂ ਨੂੰ ਖ਼ੋਰਾ



ਲੱਗਣ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਪਿਛਲੇ ਹਫ਼ਤੇ ਕੈਬਨਿਟ ਨੇ ਕੁਝ ਫ਼ੈਸਲੇ ਲਏ ਜਿਨ੍ਹਾਂ ਦੇ ਨਤੀਜੇ ਵਿੱਤੀ ਪੱਖੋਂ ਬਹੁਤ ਗੰਭੀਰ ਹਨ। ਟੈਕਸ ਚੋਰੀ ਰੋਕਣ, ਬਕਾਏ ਵਸੂਲਣ, ਫੰਡਾਂ ਦੀਆਂ ਚੋਰ ਮੋਰੀਆਂ ਬੰਦ ਕਰਨ ਜਾਂ ਸਰਕਾਰੀ ਫਜ਼ੂਲ ਖਰਚਿਆਂ ਨੂੰ ਘਟਾਉਣ ਦੀ ਬਜਾਏ ਕੈਬਨਿਟ ਟੈਕਸ ਲਾਉਣ ਉਪਰ ਧਿਆਨ ਕੇਂਦਰਿਤ ਕਰ ਰਹੀ ਹੈ।

ਸਰਕਾਰ ਨੇ 800 ਪੇਂਡੂ ਸਕੂਲ ਬੰਦ ਕਰਨ ਦਾ ਫ਼ੈਸਲਾ ਲੈਣ ਬਾਅਦ ਸਰਕਾਰੀ ਮਾਲਕੀ ਵਾਲੇ ਥਰਮਲ ਪਲਾਂਟਾਂ ਨੂੰ ਬੰਦ ਕਰਨ ਦੀ ਯੋਜਨਾ ਬਣਾਈ ਹੈ। ਸੰਸਥਾਵਾਂ, ਖ਼ਾਸ ਕਰਕੇ ਸਿੱਖਿਆ ਤੇ ਸਿਹਤ ਸੇਵਾਵਾਂ ਦੇਣ ਵਾਲੀਆਂ ਸਮੇਤ, ਵਿੱਤੀ ਸਹਾਇਤਾ ਦੀ ਘਾਟ ਕਾਰਨ ਚਰਮਰਾ ਰਹੀਆਂ ਹਨ। ਪੰਜਾਬ ਕੈਬਨਿਟ ਦਾ ਦੂਜਾ ਫ਼ੈਸਲਾ ਕੇਬਲ ਕੁਨੈਕਸ਼ਨਾਂ ਅਤੇ ਡੀਟੀਐਚ (ਡਾਇਰੈਕਟ ਟੂ ਹੋਮ) ਸੇਵਾਵਾਂ ਉੱਪਰ ਟੈਕਸ ਲਾਉਣਾ ਹੈ। ਜਿੱਥੋਂ ਤੱਕ ਟੈਕਸ ਲਾਉਣ ਦਾ ਮੰਤਵ ਖਾਲੀ ਖ਼ਜ਼ਾਨੇ ਲਈ ਪੈਸੇ ਜੁਟਾਉਣਾ ਹੈ, ਉਹ ਤਾਂ ਸਮਝ ਆਉਂਦਾ ਹੈ ਪ੍ਰੰਤੂ ਟੈਕਸਾਂ ਦਾ ਕੁਝ ਹਿੱਸਾ ਕੁਝ ਵਰਗਾਂ ਨੂੰ ਖੁਸ਼ ਕਰਨ ਵਾਲੀ ਰਾਜਨੀਤੀ ਉੱਤੇ ਅਤੇ ਕੁਝ ਫਜ਼ੂਲ ਖਰਚੀ ਉੱਪਰ ਖਰਚ ਕੀਤਾ ਜਾਂਦਾ ਹੈ। ਇਸੇ ਕਾਰਨ ਪੰਜਾਬ ਨੂੰ ਮਾੜੇ ਦਿਨ ਦੇਖਣੇ ਪੈ ਰਹੇ ਹਨ। ਪੰਜਾਬ ਕੈਬਨਿਟ ਦਾ ਤੀਜਾ ਫ਼ੈਸਲਾ ਸਨਅਤਾਂ ਤੇ ਵਾਹਨਾਂ ਰਾਹੀਂ ਪੈਦਾ ਹੁੰਦਾ ਪ੍ਰਦੂਸ਼ਣ, ਪਰਾਲੀ ਤੇ ਨਾੜ ਨੂੰ ਸਾੜਨ ਤੇ ਮੌਸਮੀ ਤਬਦੀਲੀਆਂ ਨਾਲ ਜੁੜੇ ਮਸਲੇ ਹੱਲ ਕਰਨ ਅਤੇ ਵਾਤਾਵਰਣਕ ਮਨਜ਼ੂਰੀਆਂ ਨਾਲ ਨਿਪਟਣ ਲਈ ਇੱਕ ਡਾਇਰੈਕਟੋਰੇਟ ਸਥਾਪਤ ਕਰਨ ਦਾ ਹੈ। ਇੰਜ ਜਾਪਦਾ ਹੈ ਕਿ ਪਹਿਲੀਆਂ ਪੰਜਾਬ ਸਰਕਾਰਾਂ ਹੁਣ ਤੱਕ, ਵਾਤਾਵਰਣ ਦੀ ਰੱਖਿਆ ਤੇ ਹਰਿਆਵਲ ਸਬੰਧੀ ਕਾਨੂੰਨ ਲਾਗੂ ਕਰਨ ਲਈ ਬਗ਼ੈਰ ਕਿਸੇ ਵਿਧੀ-ਵਿਧਾਨ ਦੇ ਕੰਮ ਕਰਦੀਆਂ ਆਈਆਂ ਹਨ।

ਕਾਂਗਰਸ ਲੀਡਰਸ਼ਿਪ ਤੋਂ ਤਵੱਕੋ ਕੀਤੀ ਜਾਂਦੀ ਸੀ ਕਿ ਖਾਲੀ ਖ਼ਜ਼ਾਨੇ, ਕਰਜ਼ੇ ਦੇ ਢੇਰ ਅਤੇ ਲੋਕਾਂ ਦੀਆਂ ਵੱਡੀਆਂ ਖਾਹਿਸ਼ਾਂ ਵਾਲੇ ਮਾਹੌਲ ਅੰਦਰ ਲੜਖੜਾ ਰਹੀ ਆਰਥਿਕਤਾ ਦਾ ਪ੍ਰਬੰਧਨ ਵਧੀਆ ਢੰਗ ਨਾਲ ਕਰੇਗੀ। ਪਰ ਕੈਪਟਨ ਅਮਰਿੰਦਰ ਸਿੰਘ ਵੀ ਆਪਣੇ ਤੋਂ ਪਹਿਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਸ਼ਾਸਨ ਦੇ ਨਿਯਮਾਂ ਤੇ ਵਿੱਤੀ ਅਨੁਸ਼ਾਸਨ ਦੀ ਪ੍ਰਵਾਹ ਨਹੀਂ ਕਰਦੇ। ਕੈਪਟਨ ਵੀ ਸਰਕਾਰੀ ਧਨ ਦੀ ਵਰਤੋਂ ਸਿਆਸੀ ਲਾਭ ਤੇ ਨਿੱਜੀ ਪ੍ਰਚਾਰ ਲਈ ਹੀ ਕਰਦੇ ਹਨ, ਭਾਵੇਂ ਕਿ ਇਹ ਕੋਤਾਹੀਆਂ ਸ੍ਰੀ ਬਾਦਲ ਦੇ ਮੁਕਾਬਲੇ ਬਹੁਤ ਘੱਟ ਹਨ ਜਿਵੇਂ ਪਸ਼ੂ ਧਨ ਵਿੱਚ ਸੁਧਾਰ ਅਤੇ ਫੰਡਾਂ ਨੂੰ ਪਟਿਆਲਾ ਵਿੱਚ ਪੋਲੋ ਮੈਚ ਕਰਾਉਣ ਲਈ ਵਰਤਣਾ ਜਾਂ ਆਡਿਟ ਤੋਂ ਬਚਣ ਲਈ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਉਗਰਾਹੀਆਂ ਲਈ ਸੰਚਿਤ ਨਿਧੀ ਰੂਟ ਨਾ ਵਰਤਣਾ।

ਉਨ੍ਹਾਂ ਨੂੰ ਅਜਿਹੇ ਸਲਾਹਕਾਰਾਂ, ਜਿਨ੍ਹਾਂ ਦੀ ਯੋਗਤਾ ਸਿਰਫ਼ ਇਹੋ ਹੈ ਕਿ ਉਹ ਜਾਂ ਤਾਂ 'ਮਹਾਰਾਜਾ ਸਾਹਿਬ' ਦੀ ਸਦਭਾਵਨਾ ਦੇ ਪਾਤਰ ਹਨ ਤੇ ਜਾਂ ਫਿਰ ਚੋਣਾਂ ਵਿੱਚ ਉਨ੍ਹਾਂ ਦੀ ਮਦਦ ਕਰਦੇ ਆਏ ਹਨ, ਦੀ ਥਾਂ ਬਿਹਤਰ ਸਲਾਹਕਾਰਾਂ ਦੀ ਲੋੜ ਹੈ। ਇਸ ਵੇਲੇ ਇਹ ਸਾਰੇ ਮਿਲ ਕੇ ਗ਼ੈਰ-ਤਰਕਸੰਗਤ ਫੈਸਲੇ ਲੈ ਰਹੇ ਹਨ: ਜਿਵੇਂ ਕਿਤੇ ਨਵਾਂ ਕਮਿਸ਼ਨ ਕਾਇਮ ਕਰਨਾ ਜਾਂ ਕਿਤੇ ਹੋਰ ਡਾਇਰੈਕਟੋਰੇਟ ਸਥਾਪਿਤ ਕਰਨ ਦਾ ਫ਼ੈਸਲਾ ਲੈਣਾ ਜਾਂ ਫਿਰ ਪੈਸਿਆਂ ਦੀ ਬੱਚਤ ਕਰਨ ਲਈ ਕਿਸੇ ਵੀ ਸੰਸਥਾ ਜਾਂ ਅਦਾਰੇ ਨੂੰ ਬੰਦ ਕਰਨਾ ਆਦਿ। ਸ਼ਾਹੀ ਜੀਵਨ ਬਤੀਤ ਕਰਨ ਦੇ ਆਦੀ ਕਾਂਗਰਸੀਆਂ ਨੇ, ਵਿਧਾਇਕਾਂ ਵੱਲੋਂ ਰਾਜ ਤੋਂ ਬਾਹਰਲੇ ਹਸਪਤਾਲਾਂ ਵਿੱਚੋਂ ਇਲਾਜ ਲਈ ਖਰਚ ਕੀਤੀ ਰਕਮ ਦੀ ਪੂਰਤੀ ਸੀਮਾ ਦੁੱਗਣੀ ਕਰ ਦਿੱਤੀ ਹੈ।

ਸ਼ਰਾਬ ਨਿਗਮ ਕਾਇਮ ਕਰਨ ਦੀ ਤਜਵੀਜ਼ ਦੀ ਤਿੱਖੀ ਆਲੋਚਨਾ ਹੋਣ ਤੋਂ ਬਾਅਦ ਕੈਪਟਨ ਸਰਕਾਰ ਨੇ ਹੁਣ ਤੋਂ ਵਾਤਾਵਰਨ ਤੇ ਮੌਸਮੀ ਤਬਦੀਲੀ ਸਬੰਧੀ ਇਹ ਬਹੁ-ਚਰਚਿਤ ਡਾਇਰੈਕਟੋਰੇਟ ਕਾਇਮ ਕਰਨ ਦੀ ਯੋਜਨਾ ਬਣਾਈ ਹੈ। ਜ਼ਾਹਰਾ ਤੌਰ 'ਤੇ ਡਾਇਰੈਕਟੋਰੇਟ ਕਾਇਮ ਕਰਨ ਦੀ ਇਹ ਯੋਜਨਾ ਸੂਝ ਭਰੀ ਲੱਗਦੀ ਹੈ। ਕੌਣ ਨਹੀਂ ਚਾਹੇਗਾ ਕਿ ਪ੍ਰਦੂਸ਼ਣ ਨੂੰ ਰੋਕਿਆ ਜਾਏ ਜਾਂ ਪੰਜਾਬ ਸਰਕਾਰ ਮੌਸਮੀ ਤਬਦੀਲੀਆਂ ਦੀ ਚੁਣੌਤੀ ਨਾਲ ਸਿੱਝਣ ਲਈ ਤਿਆਰੀ ਨਾ ਕਰੇ? ਪ੍ਰੰਤੂ ਵਾਤਾਵਰਣ ਦੇ ਨਵੇਂ ਰੱਖਿਅਕ ਇਹ ਭੁੱਲ ਗਏ ਲਗਦੇ ਹਨ ਕਿ ਸੂਬੇ ਵਿੱਚ ਅਜਿਹੀ ਚੁਣੌਤੀ ਨਾਲ ਨਿਪਟਣ ਲਈ ਪਹਿਲਾਂ ਹੀ ਵਿਗਿਆਨ ਵਾਤਾਵਰਣ ਤੇ ਤਕਨਾਲੋਜੀ ਵਿਭਾਗ ਅਤੇ ਵਿਗਿਆਨ ਤੇ ਤਕਨਾਲੋਜੀ ਬਾਰੇ ਸੂਬਾਈ ਕੌਂਸਲ ਮੌਜੂਦ ਹਨ। ਇਹ ਅਜਿਹੀਆਂ ਚੁਣੌਤੀਆਂ ਨਾਲ ਨਿਪਟਣ ਦੇ ਸਮਰੱਥ ਹਨ। ਇਨ੍ਹਾਂ ਤੋਂ ਇਲਾਵਾ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਹੈ, ਜਿਸ ਦਾ ਮੁਖੀ ਹਮੇਸ਼ਾ ਉਸ ਸਮੇਂ ਬਦਲ ਦਿੱਤਾ ਜਾਂਦਾ ਰਿਹਾ ਹੈ ਜਦੋਂ ਵੀ ਉਸ ਨੇ ਪ੍ਰਦੂਸ਼ਣ ਫੈਲਾਅ ਸਨਅਤਾਂ ਖ਼ਿਲਾਫ਼ ਸਖ਼ਤ ਕਦਮ ਉਠਾਏ।

ਪ੍ਰਦੂਸ਼ਣ ਤੇ ਮੌਸਮੀ ਤਬਦੀਲੀ ਨਾਲ ਨਿਪਟਣ ਲਈ ਮੌਜੂਦ ਵਿਵਸਥਾਵਾਂ ਨਾਲੋਂ ਨਵਾਂ ਡਾਇਰੈਕਟੋਰੇਟ ਵੱਖਰਾ ਕਿਵੇਂ ਹੋਵੇਗਾ, ਇਹ ਸਮਝਣਾ ਬਹੁਤ ਮੁਸ਼ਕਲ ਹੈ। ਮੌਸਮੀ ਤਬਦੀਲੀ ਨਾਲ ਨਿਪਟਣ ਲਈ ਰੋਜ਼ਾਨਾ ਆਧਾਰ 'ਤੇ ਕੰਮ ਕਰਨ ਦੀ ਲੋੜ ਨਹੀਂ ਹੈ। ਜੇ ਮੌਜੂਦਾ ਵਿਵਸਥਾ ਲੋੜੀਂਦੇ ਨਤੀਜੇ ਨਹੀਂ ਦੇ ਰਹੀ ਤਾਂ ਇਸ ਕਾਰਜ ਲਈ ਕਿਸੇ ਬਾਹਰਲੇ ਭਰੋਸੇਯੋਗ ਮਾਹਿਰ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ ਜਾਂ ਫਿਰ ਕਿਸੇ ਯੂਨੀਵਰਸਿਟੀ ਵਿੱਚ ਇਕ ਵਾਤਾਵਰਣ ਚੇਅਰ ਕਾਇਮ



ਕੀਤੀ ਜਾ ਸਕਦੀ ਹੈ।

ਫਿਰ ਵੀ, ਪੰਜਾਬ ਵਿੱਚ ਸਿਆਸਤਦਾਨ ਕਿਸੇ ਮਾਹਿਰ ਦੀ ਸਲਾਹ ਨਹੀਂ ਸੁਣਨਗੇ, ਭਾਵੇਂ ਉਹ ਮੁਫ਼ਤ ਬਿਜਲੀ ਮੁੱਦੇ ਉੱਪਰ ਦਿੱਤੀ ਗਈ ਹੋਵੇ, ਝੋਨੇ ਦੀ ਕਾਸ਼ਤ ਬਾਰੇ ਹੋਵੇ ਜਾਂ ਕਰਜ਼ਾ ਮੁਆਫ਼ੀ ਬਾਰੇ। ਉਹ ਹਮੇਸ਼ਾ ਉਹੀ ਕਰਨਗੇ, ਜੋ ਉਨ੍ਹਾਂ ਦੇ ਨਿੱਜੀ ਜਾਂ ਸਿਆਸੀ ਹਿੱਤ ਵਿੱਚ ਹੋਵੇਗਾ। ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵਲੋਂ ਮੁਫ਼ਤ ਬਿਜਲੀ ਦੇਣਾ ਬੰਦ ਕਰਨ ਦੀ ਦਿੱਤੀ ਸਲਾਹ ਨੂੰ ਖਾਰਜ ਕਰ ਦਿੱਤਾ ਸੀ।

ਉਂਜ, ਵਾਤਾਵਰਣ ਤੇ ਮੌਸਮੀ ਤਬਦੀਲੀ ਵਰਗੇ ਮੁੱਦਿਆਂ 0ਤੇ ਉਨ੍ਹਾਂ ਦੇ ਸ਼ਾਹੀ ਮਿਜਾਜ਼ ਵਿੱਚ ਅਚਾਨਕ ਆਈ ਤਬਦੀਲੀ ਸੱਚਮੁੱਚ ਦਿਲਚਸਪ ਹੈ। ਹੁਣੇ ਜਿਹੇ ਜਦੋਂ ਹਵਾ ਪ੍ਰਦੂਸ਼ਣ ਰੋਕਣ ਦੇ ਮੁੱਦੇ ਉਪਰ ਸਿਆਸਤ ਖੇਡੀ ਜਾ ਰਹੀ ਸੀ, ਕੈਪਟਨ ਨੇ ਪਰਾਲੀ ਸਾੜਨ ਤੋਂ ਰੋਕਣ ਦੇ ਸੁਝਾਵਾਂ ਨੂੰ ਇਹ ਕਹਿ ਕੇ ਮੂਲੋਂ ਹੀ ਰੱਦ ਕਰ ਦਿੱਤਾ ਕਿ ਕੇਂਦਰੀ ਸਹਾਇਤਾ ਬਗੈਰ ਰਾਜ ਸਰਕਾਰ ਕੁਝ ਨਹੀਂ ਕਰ ਸਕੇਗੀ। ਉਨ੍ਹਾਂ ਦੀ ਸਰਕਾਰ ਰਾਜ ਅੰਦਰ ਜਲ, ਜ਼ਮੀਨ ਤੇ ਹਵਾ ਦੀ ਗੁਣਵੱਤਾ ਅਤਿ ਖਰਾਬ ਹੋਣ ਦੀ ਹਾਲੇ ਵੀ ਪ੍ਰਵਾਹ ਨਹੀਂ ਕਰ ਰਹੀ। ਮੁੱਕਦੀ ਗੱਲ ਤਾਂ ਇਹ ਹੈ ਕਿ ਰਾਜ ਸਰਕਾਰ ਮੌਜੂਦਾ ਪ੍ਰਸ਼ਾਸਕੀ ਵਿਵਸਥਾ ਵਿੱਚ ਹੋਰ ਵਾਧਾ ਕੀਤੇ ਬਗੈਰ ਪ੍ਰਦੂਸ਼ਣ ਘਟਾਉਣ ਦਾ ਪ੍ਰਬੰਧ ਕਰੇ। ਪੰਜਾਬ ਕੋਲ ਉਪਰਲੇ ਪੱਧਰ 'ਤੇ ਲੋੜ ਨਾਲੋਂ ਵੱਧ ਪ੍ਰਸ਼ਾਸਕ ਹਨ। ਇਸ ਤੋਂ ਵੱਧ ਵਿਵਸਥਾ ਕਰਨਾ, ਬਗੈਰ ਬੇਲੋੜਾ ਬੋਝ ਪਾਉਣਾ ਹੋਵੇਗਾ।

ਕੈਪਟਨ ਸਰਕਾਰ ਨੇ ਕਿਸਾਨਾਂ ਦੇ ਸ਼ਕਤੀਕਰਨ ਲਈ ਇਕ ਕਮਿਸ਼ਨ ਬਣਾਉਣ ਦਾ ਫ਼ੈਸਲਾ ਲਿਆ ਹੈ। ਫਿਰ ਉਹੀ ਗੱਲ ਹੈ। ਕੀ ਕਾਂਗਰਸੀ ਇਨ੍ਹਾਂ ਗੱਲਾਂ ਤੋਂ ਅਣਜਾਣ ਹਨ ਕਿ ਕਿਸਾਨਾਂ ਦੇ ਰੋਸ ਪ੍ਰਗਟਾਵੇ ਕੀ ਹਨ ਜਾਂ ਖੇਤੀ ਖੇਤਰ ਵਿੱਚ ਖੜ੍ਹੋਤ ਤੋੜਨ ਲਈ ਕੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੇਤੀ ਮਾਮਲਿਆਂ ਸਬੰਧੀ ਮਾਹਿਰਾਂ ਨੂੰ ਇਸ ਬਾਰੇ ਪੁੱਛਣ, ਪੀਏਯੂ ਦੇ ਕੁਝ ਪ੍ਰੋਫੈਸਰਾਂ ਨਾਲ ਮਸ਼ਵਰਾ ਕਰਨ ਜਾਂ ਡਾ. ਐਮ.ਐਸ. ਸਵਾਮੀਨਾਥਨ ਦੀ ਰਿਪੋਰਟ ਨੂੰ ਵਿਸਥਾਰ ਵਿੱਚ ਪੜ੍ਹ ਲੈਣ। ਜੇ ਅਜਿਹਾ ਨਹੀਂ ਕਰਨਾ ਤਾਂ ਕਿਸਾਨਾਂ ਲਈ ਇਕ ਹੋਰ ਕਮਿਸ਼ਨ ਕਾਇਮ ਕਰਨਾ ਤਨਖਾਹਾਂ ਦੇ ਖ਼ਰਚੇ ਤੋਂ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੋਵੇਗਾ।

ਵਿੱਤ ਮੰਤਰੀ ਚੁੱਪ-ਚਾਪ ਟੈਕਸਾਂ ਵਿੱਚ ਵਾਧਾ ਕਰੀ ਜਾ ਰਹੇ ਹਨ ਜਾਂ ਇੰਜ ਕਹਿ ਲਓ ਕਿ ਉਹ ਵਿੱਤੀ ਸਾਲ ਦੇ ਅੱਧ 0ਚ ਨਵੇਂ ਟੈਕਸ ਲਾ ਰਹੇ ਹਨ, ਜਿਸ ਤੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਬਜਟ ਬਣਾਉਣ ਲਈ ਲੋੜੀਂਦੀ ਅਗਾਊਂ ਯੋਜਨਾਬੰਦੀ ਨਹੀਂ ਕੀਤੀ ਗਈ ਸੀ। ਹਾਂ, ਅਜਿਹੀ ਚਲਾਕੀ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਸਾਲ ਦੇ ਅੰਤ 'ਤੇ ਬਜਟ ਪੇਸ਼ ਕਰਨ ਸਮੇਂ ਟੈਕਸ ਐਲਾਨਣ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਸ ਸਮੇਂ ਲੋਕ ਰੋਹ ਤੋਂ ਬਚਿਆ ਜਾ ਸਕੇ। ਅਗਸਤ ਵਿੱਚ ਪੰਜਾਬ ਸਰਕਾਰ ਨੇ 900 ਕਰੋੜ ਰੁਪਏ ਜੁਟਾਉਣ ਲਈ ਮਾਰਕੀਟ ਫੀਸ ਅਤੇ ਪੇਂਡੂ ਵਿਕਾਸ ਫੀਸ ਵਿੱਚ ਇਕ ਫ਼ੀਸਦੀ ਵਾਧਾ ਕੀਤਾ ਸੀ। ਹੁਣ ਇਸ ਨੇ ਕੇਬਲ ਅਤੇ ਡੀਟੀਐਚ ਕੁਨੈਕਸ਼ਨਾਂ ਉਪਰ ਮਨੋਰੰਜਨ ਕਰ ਲਾ ਦਿੱਤਾ ਹੈ। ਅਜਿਹਾ ਕੁਝ ਕੇਂਦਰੀ ਟੈਕਸਾਂ ਦੇ ਹਿੱਸੇ ਵਿੱਚੋਂ ਪੰਜਾਬ ਨੂੰ ਮਿਲਣ ਵਾਲੀ ਰਕਮ 'ਚ ਹਰ ਸਾਲ 14 ਫ਼ੀ ਸਦੀ ਵਾਧੇ ਦੀ ਵਿਵਸਥਾ ਦੇ ਬਾਵਜੂਦ ਕੀਤਾ ਗਿਆ ਹੈ। ਦੂਜੇ ਪਾਸੇ ਸਿਆਸਤਦਾਨਾਂ ਵੱਲੋਂ ਚਲਾਏ ਜਾ ਰਹੇ ਕਾਰੋਬਾਰਾਂ ਪ੍ਰਤੀ ਆਮ ਦੀ ਤਰ੍ਹਾਂ ਦਿਆਲਤਾ ਦਿਖਾਈ ਜਾ ਰਹੀ ਹੈ, ਬਿਲਡਰਾਂ ਨੂੰ ਕਰ ਰਾਹਤ ਦੇ ਦਿੱਤੀ ਗਈ ਹੈ, ਜਿਸ ਦੀ ਉਨ੍ਹਾਂ ਨੂੰ ਆਸ ਵੀ ਨਹੀਂ ਸੀ।

ਥਰਮਲ ਪਲਾਂਟ ਬੰਦ ਕਰਨ ਦੇ ਫ਼ੈਸਲੇ ਕਾਰਨ ਰੋਸ ਪ੍ਰਦਰਸ਼ਨ ਜ਼ੋਰ ਫੜ ਗਏ ਹਨ। ਬਿਜਲੀ ਮੁਲਾਜ਼ਮਾਂ ਨੇ ਉਸ ਸਮੇਂ ਆਪਣੀਆਂ ਨੌਕਰੀਆਂ ਬਚਾਉਣ ਲਈ ਕਦਮ ਨਹੀਂ ਉਠਾਏ ਜਦੋਂ ਸਿਆਸਤਦਾਨਾਂ ਨੇ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਤੇ ਉਨ੍ਹਾਂ ਦੇ ਅਦਾਰੇ ਤੇ ਰਾਜ ਨੂੰ ਵਿੱਤੀ ਤੌਰ 'ਤੇ ਤਬਾਹ ਕਰ ਦਿੱਤਾ ਸੀ। ਉਹ ਉਦੋਂ ਵੀ ਖਾਮੋਸ਼ ਰਹੇ ਜਦੋਂ ਉਨ੍ਹਾਂ ਦੇ ਸਾਥੀ ਬਿਜਲੀ ਚੋਰੀ ਵਿੱਚ ਰੁੱਝੇ ਹੋਏ ਸਨ। ਬਿਜਲੀ ਸਬਸਿਡੀ ਦਾ ਛੋਟੇ ਕਿਸਾਨਾਂ ਨੂੰ ਬਹੁਤਾ ਲਾਭ ਨਹੀਂ ਹੋਇਆ। ਇਕ ਸਰਵੇਖਣ ਅਨੁਸਾਰ 81 ਫ਼ੀ ਸਦੀ ਬਿਜਲੀ ਸਬਸਿਡੀ ਮੱਧ ਵਰਗੀ ਤੇ ਖ਼ੁਸ਼ਹਾਲ ਕਿਸਾਨਾਂ ਦੇ ਹਿੱਸੇ ਆ ਰਹੀ ਹੈ। ਅਕਾਲੀਆਂ ਨੇ ਬਠਿੰਡਾ ਥਰਮਲ ਪਲਾਂਟ ਦੇ ਨਵੀਨੀਕਰਨ ਉੱਪਰ 715 ਕਰੋੜ ਰੁਪਏ ਖ਼ਰਚ ਦਿੱਤੇ ਜਦੋਂਕਿ ਕਾਂਗਰਸੀ ਇਸ ਨੂੰ ਬੰਦ ਕਰਨ ਜਾ ਰਹੇ ਹਨ। ਉਸ ਸਮੇਂ ਕੋਈ ਪ੍ਰਦਰਸ਼ਨ ਨਹੀਂ ਹੋਏ ਜਦੋਂ ਗ਼ੈਰ-ਪੇਸ਼ੇਵਾਰਾਨਾ ਫ਼ੈਸਲੇ ਲਏ ਜਾ ਰਹੇ ਸਨ। ਬਿਜਲੀ ਸਬਸਿਡੀ ਵਜੋਂ ਦਿੱਤੀ ਜਾ ਰਹੀ ਰਾਸ਼ੀ, ਮਸ਼ੀਨਰੀ ਨੂੰ ਅਪਗਰੇਡ ਕਰਨ ਅਤੇ ਹੋਰ ਬਿਜਲੀ ਸਮਰੱਥਾ ਉਪਰ ਖ਼ਰਚੀ ਜਾ ਸਕਦੀ ਸੀ।

ਪੰਜਾਬ ਨਾਲੋਂ ਹਰਿਆਣਾ ਦੇ ਸਿਆਸਤਦਾਨ ਸਿਆਣੇ ਹਨ ਜੋ ਮੁਫ਼ਤ ਬਿਜਲੀ ਦੇਣ ਦੀ ਸਿਆਸਤ ਦੇ ਰਾਹ ਨਹੀਂ ਪਏ। ਉਨ੍ਹਾਂ ਨੇ ਅਜਿਹੇ ਖੇਤਰਾਂ ਦੀ ਬਿਜਲੀ ਸਪਲਾਈ ਰੋਕ ਦਿੱਤੀ, ਜਿਨ੍ਹਾਂ ਵਿੱਚ ਬਿਜਲੀ ਚੋਰੀ ਤੇ ਬਿੱਲਾਂ ਦੀਆਂ ਅਦਾਇਗੀਆਂ ਨਾ ਦੇਣ ਦੇ ਮਾਮਲੇ ਜ਼ਿਆਦਾ ਸਨ। ਬਿਜਲੀ ਖੇਤਰ ਦਾ ਪ੍ਰਬੰਧ ਕਿਵੇਂ ਸ਼ਾਨਦਾਰ ਕਰਨਾ ਹੈ, ਇਸ ਦੀ ਗੁਜਰਾਤ ਸੂਬਾ ਮਿਸਾਲ ਬਣਿਆ ਹੈ। ਉੱਥੋਂ ਦੀਆਂ ਕੰਪਨੀਆਂ ਘਰਾਂ ਨੂੰ ਚੌਵੀ ਘੰਟੇ ਅਤੇ ਕਿਸਾਨਾਂ ਨੂੰ ਅੱਠ ਘੰਟੇ ਬਿਜਲੀ ਸਪਲਾਈ ਕਰਕੇ ਮੁਨਾਫ਼ਾ ਕਮਾ ਰਹੀਆਂ ਹਨ। ਇਸ ਦਾ ਕਾਰਨ ਹੈ ਕਿ ਗੁਜਰਾਤੀ ਬਿੱਲ ਭਰਦੇ ਹਨ। ਪੰਜਾਬ ਦੇ ਸਿਆਸਤਦਾਨਾਂ ਤੇ ਉਨ੍ਹਾਂ ਦੇ ਵਫ਼ਾਦਾਰਾਂ, ਜਿਹੜੇ ਅਹਿਮ ਅਹੁਦਿਆਂ ਉੱਪਰ ਹਨ, ਵਿੱਚ ਅਜਿਹੇ ਫ਼ੈਸਲੇ ਲੈਣ ਦੀ ਹਿੰਮਤ ਹੀ ਨਹੀਂ।

ਪੰਜਾਬ ਨੂੰ ਹੁਣ ਵਾਲੀ ਤਰਸਯੋਗ ਸਥਿਤੀ ਵਿੱਚ ਲਿਆਉਣ ਬਾਅਦ, ਸਿਆਸਤਦਾਨਾਂ ਨੂੰ ਲੋਕ ਲੁਭਾਊ ਫ਼ੈਸਲਿਆਂ ਉੱਪਰ ਮੁੜ ਗ਼ੌਰ ਕਰਨ ਦੀ ਲੋੜ ਹੈ। ਜਿਹੜੇ ਵੋਟਾਂ ਖ਼ਾਤਿਰ ਮੁਫ਼ਤ ਸਹੂਲਤਾਂ ਦੇਣ ਦਾ ਵਿਰੋਧ ਕਰਦੇ ਹਨ, ਉਹ ਘੱਟ ਗਿਣਤੀ ਵਿੱਚ ਹਨ। ਇਹ ਸੱਚਮੁੱਚ ਅਫ਼ਸੋਸਨਾਕ ਗੱਲ ਹੈ। ਪੰਜਾਬ ਨੂੰ ਮੌਜੂਦਾ ਜਿੱਲ੍ਹਣ ਵਿੱਚੋਂ ਨਿਕਲਣ ਲਈ ਲੰਬੇ ਸਮੇਂ ਦਾ ਸਪਸ਼ਟ ਨਜ਼ਰੀਆ ਅਪਣਾਉਣ ਦੀ ਲੋੜ ਹੈ।

## ਭ੍ਰਿਸ਼ਟਾਚਾਰ ਤੇ ਹੋਰਨਾਂ ਮੁਸ਼ਕਲਾਂ ਕਾਰਨ ਭਾਰਤ 'ਚ ਪੂੰਜੀ ਲਾਉਣ ਤੋਂ ਡਰਦੇ ਨੇ ਆਲਮੀ ਨਿਵੇਸ਼ਕ

**ਨਵੀਂ ਦਿੱਲੀ/ਬਿਊਰੋ ਨਿਊਜ਼:**

ਅਮਰੀਕਾ ਦੀ ਜੋਖ਼ਮ ਪ੍ਰਬੰਧਨ ਫਰਮ ਕਰੋਲ ਨੇ ਦਾਅਵਾ ਕੀਤਾ ਹੈ ਕਿ ਵਿਦੇਸ਼ੀ ਨਿਵੇਸ਼ਕ ਜਦੋਂ ਕਦੇ ਵੀ ਭਾਰਤ ਵਿੱਚ ਨਿਵੇਸ਼ ਕਰਨ ਦੀ ਸੋਚਦੇ ਹਨ ਤਾਂ ਉਨ੍ਹਾਂ ਲਈ ਭ੍ਰਿਸ਼ਟਾਚਾਰ ਅਜੇ ਵੀ ਸਭ ਤੋਂ ਵੱਡੀ ਚੁਣੌਤੀ ਹੈ। ਨਿਵੇਸ਼ਕ ਅਸਾਸਿਆਂ ਦੀ ਸੁਰੱਖਿਆ ਨੂੰ ਜੋਖ਼ਮ ਤੇ ਵਿਕਾਸਸ਼ੀਲ ਕਾਰਪੋਰੇਟ ਪ੍ਰਬੰਧ ਨੂੰ ਵੀ ਵੱਡੀ ਚੁਣੌਤੀ ਮੰਨਦੇ ਹਨ।

ਨਿਊ ਯਾਰਕ ਅਧਾਰਤ ਫਰਮ ਮੁਤਾਬਕ 2014 ਵਿੱਚ ਸਥਿਰ ਸਰਕਾਰ ਦੇ ਸੱਤਾ ਵਿੱਚ ਆਉਣ ਮਗਰੋਂ ਆਲਮੀ ਨਿਵੇਸ਼ਕਾਂ ਨੂੰ ਉਮੀਦ ਸੀ ਕਿ ਭਾਰਤ ਵਿੱਚ ਕਾਰੋਬਾਰੀ ਮਾਹੌਲ ਨੂੰ ਲੈ ਕੇ ਅਹਿਮ ਬਦਲਾਅ ਆਉਣਗੇ, ਪਰ ਅਜਿਹਾ ਕੁਝ ਨਹੀਂ ਹੋਇਆ। ਵਿਦੇਸ਼ੀ ਨਿਵੇਸ਼ਕਾਂ ਦੇ ਫ਼ੈਸਲਿਆਂ ਨੂੰ ਅਸਰਅੰਦਾਜ਼ ਕਰਨ ਵਾਲੇ ਕਾਰਕਾਂ 'ਚ ਟੈਕਸ, ਬੇਰੁਜ਼ਗਾਰੀ ਕਰਕੇ ਸਮਾਜਿਕ ਅਸਥਿਰਤਾ, ਰਾਜ ਪੱਧਰ ਦੀ ਸਿਆਸਤ ਤੇ ਪੂੰਜੀ ਦੀ ਅਣਹੋਂਦ ਕਰਕੇ ਸੰਘਰਸ਼ ਕਰਦਾ ਬੈਂਕਿੰਗ ਪ੍ਰਬੰਧ ਪ੍ਰਮੁੱਖ ਹਨ। ਨਰਿੰਦਰ ਮੋਦੀ ਸਰਕਾਰ ਵੱਲੋਂ ਦੇਸ਼ ਦੀ ਕਮਾਨ ਹੱਥਾਂ 'ਚ ਲੈਣ ਮਗਰੋਂ ਭਾਰਤ ਵਿੱਚ ਨਿਵੇਸ਼ ਜੋਖ਼ਮ ਘਟਣ ਬਾਰੇ ਪੁੱਛੇ ਸਵਾਲ ਦਾ ਸਕਾਰਾਤਮਕ ਜਵਾਬ ਦਿੰਦਿਆਂ ਕਰੋਲ ਦੇ ਮੈਨੇਜਿੰਗ ਡਾਇਰੈਕਟਰ ਤਰੁਣ ਭਾਟੀਆ ਨੇ ਇਸ ਪਾਸੇ ਅਜੇ ਵਧੇਰੇ ਯਤਨਾਂ ਦੀ ਲੋੜ ਵੱਲ ਇਸ਼ਾਰਾ ਕੀਤਾ। ਭਾਟੀਆ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, 'ਮੌਜੂਦਾ ਸਰਕਾਰ, ਕਈ ਵਾਅਦਿਆਂ ਦੇ ਨਾਲ ਸੱਤਾ ਵਿੱਚ ਆਈ ਹੈ ਤੇ ਆਲਮੀ ਨਿਵੇਸ਼ਕਾਂ ਨੂੰ ਉਮੀਦ ਹੈ ਕਿ ਭਾਰਤ ਵਿੱਚ ਕਾਰੋਬਾਰੀ ਮਾਹੌਲ ਨੂੰ ਲੈ ਕੇ ਤਬਦੀਲੀ ਆਏਗੀ।' ਭਾਟੀਆ ਮੁਤਾਬਕ ਭਾਰਤ ਸਰਕਾਰ ਮੁਲਕ ਵਿੱਚ ਕਾਰੋਬਾਰੀ ਮਾਹੌਲ ਨੂੰ ਸੁਖਾਲਾ ਬਣਾਉਣ ਲਈ ਦ੍ਰਿੜ੍ਹ ਹੈ ਤੇ ਨੋਟਬੰਦੀ ਤੇ ਜੀਐਸਟੀ ਜਿਹੇ ਪ੍ਰਬੰਧ ਆਦਿ ਨੂੰ ਲਾਗੂ ਕਰਨਾ, ਇਸ ਪਾਸੇ ਕੀਤੀ ਗਈ ਪੇਸ਼ਕਦਮੀ ਹੈ। ਕਰੋਲ ਦੀ ਆਲਮੀ ਠੱਗੀ ਬਾਰੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 20 ਫੀਸਦ ਦੇ ਕਰੀਬ ਨਿਵੇਸ਼ਕ/ਕੰਪਨੀਆਂ ਭ੍ਰਿਸ਼ਟਾਚਾਰ ਤੇ ਹੋਰਨਾਂ ਕਾਰਨਾਂ ਕਰਕੇ ਭਾਰਤ ਵਿੱਚ ਕਾਰੋਬਾਰ ਕਰਨ ਤੋਂ ਝਿਜਕਦੀਆਂ ਹਨ। ਉਧਰ ਟਰਾਂਸਪੇਰੈਂਸੀ ਇੰਟਰਨੈਸ਼ਨਲ ਦੇ ਸਰਵੇਖਣ ਮੁਤਾਬਕ ਭਾਰਤ ਵਿੱਚ 69 ਫੀਸਦ ਲੋਕ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੰਮ ਕਰਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ।

## ਸਿੰਗਾਪੁਰ ਦੀ ਉੱਨਤੀ 'ਚ ਸਿੱਖਾਂ ਦਾ ਅਹਿਮ ਯੋਗਦਾਨ-ਉੱਪ ਪ੍ਰਧਾਨ ਮੰਤਰੀ

**ਸਿੰਗਾਪੁਰ/ਬਿਊਰੋ ਨਿਊਜ਼**

ਸਿੰਗਾਪੁਰ ਦੇ ਡਿਪਟੀ ਪ੍ਰਧਾਨ ਮੰਤਰੀ ਥਾਰਮੈਨ ਸ਼ਾਨਮੁਗ੍ਰਾਟਨਮ ਨੇ ਦੇਸ਼ ਪ੍ਰਤੀ ਸਿੱਖਾਂ ਵੱਲੋਂ ਪਾਏ ਅਹਿਮ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਹੈ। ਇੱਥੇ ਇੱਕ ਕਰੋੜ ਵੀਹ ਲੱਖ ਸਿੰਗਾਪੁਰੀ ਡਾਲਰ ਦੀ ਲਾਗਤ ਨਾਲ ਤਿਆਰ ਕੀਤੇ ਸਿੰਗਾਪੁਰ ਖਾਲਸਾ



ਐਸੋਸੀਏਸ਼ਨ ਦੇ ਉਦਘਾਟਨ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਵਿਕਾਸ ਵਿੱਚ ਇੱਥੋਂ ਦਾ ਸਿੱਖ ਭਾਈਚਾਰਾ ਅਹਿਮ ਯੋਗਦਾਨ ਪਾ ਰਿਹਾ ਹੈ ਅਤੇ ਇਸ ਦੀ ਮਿਸਾਲ ਉਹ ਆਪ ਹਨ।

ਉਨ੍ਹਾਂ ਕਿਹਾ ਕਿ ਇਸ ਬਹੁਨਸਲੀ ਦੇਸ਼ ਵਿੱਚ ਸਿੱਖਾਂ ਨੇ ਹਮੇਸ਼ਾਂ ਮੁਸ਼ਕਿਲ ਵੇਲੇ ਸਾਥ ਦਿੱਤਾ ਹੈ। ਸਿੱਖ ਸਿੰਗਾਪੁਰੀਆਂ ਦਾ ਮਾਣ ਹਨ ਅਤੇ ਉਨ੍ਹਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਉੱਤੇ ਸਿੰਗਾਪਰੀ ਵੀ ਮਾਣ ਕਰਦੇ ਹਨ। ਸਿੰਗਾਪੁਰ ਖਾਲਸਾ ਐਸੋਸੀਏਸ਼ਨ (ਐਸਕੇਏ) ਭਾਈਚਾਰੇ ਦੇ ਕੁੱਝ ਆਗੂਆਂ ਨੇ 1831 ਵਿੱਚ ਇੱਕ ਕਲੱਬ ਵਜੋਂ ਸ਼ੁਰੂ ਕੀਤਾ ਸੀ ਜੋ ਫੁਟਬਾਲ, ਕ੍ਰਿਕਟ ਅਤੇ ਹਾਕੀ ਆਦਿ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਬਣਾਇਆ ਸੀ ਪਰ ਅੱਜ ਐਸਕੇਏ ਇੱਕ ਵੱਡੇ ਵਪਾਰਕ ਕੇਂਦਰ ਵਜੋਂ ਉਭਰ ਚੁੱਕਾ ਹੈ ਅਤੇ ਇੱਥੇ ਹੋਣ ਵਾਲੇ ਸਮਾਗਮ, ਵਪਾਰਕ ਮੀਟਿੰਗਾਂ ਵਧੇਰੇ ਤੌਰ ਉੱਤੇ ਗੈਰ ਸਿੱਖਾਂ ਵੱਲੋਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਮੋਹਿੰਦਰ ਸਿੰਘ ਨੇ ਡਿਪਟੀ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇਮਾਰਤ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀ ਗਈ ਹੈ।

ਡਿਪਟੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਇੱਥੇ ਸਿੱਖ ਭਾਈਚਾਰੇ ਦੇ ਲੋਕ ਸਾਲਾਨਾ ਸਮਾਗਮ ਵਜੋਂ ਵੱਡੇ ਪੱਧਰ ਉੱਤੇ ਵਿਸਾਖੀ ਮੇਲਾ ਮਨਾਉਂਦੇ ਹਨ। ਇਸ ਪ੍ਰਤੀ ਬਾਕੀ ਭਾਈਚਾਰਿਆਂ ਦੇ ਲੋਕ ਵੀ ਖਿੱਚੇ ਆਉਂਦੇ ਹਨ।

# ਵਿਆਹਾਂ ਦੀਆਂ ਐਲਬਮਾਂ ਦੀ ਸ਼ੂਟਿੰਗ ਦਾ ਗੜ੍ਹ ਬਣ ਕੇ ਰਹਿ ਗਿਐ ਅੰਮ੍ਰਿਤਸਰ ਦਾ ਇਤਿਹਾਸਕ ਰਾਮ ਬਾਗ਼

**ਅੰਮ੍ਰਿਤਸਰ/ਬਿਊਰੋ ਨਿਊਜ਼:** ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ 'ਰਾਮ ਬਾਗ਼' ਅੱਜਕੱਲ੍ਹ ਨਵਵਿਆਹੇ ਜੋੜਿਆਂ ਦੇ ਵਿਆਹ ਦੀ ਐਲਬਮ ਲਈ ਸ਼ੂਟਿੰਗ ਸਥਾਨ ਬਣਿਆ ਹੋਇਆ ਹੈ, ਪਰ ਬਦਕਿਸਮਤੀ ਨਾਲ ਮੰਦੇ ਹਾਲ ਪਈ ਇਸ ਇਤਿਹਾਸਕ ਯਾਦਗਾਰ ਦੀ ਹਾਲਤ ਵਿੱਚ ਹੁਣ ਤਕ ਕੋਈ ਸੁਧਾਰ ਨਹੀਂ ਆਇਆ।

ਸਮਰ ਪੈਲੇਸ, ਜਿਸ ਨੂੰ ਲੋਕ 'ਕੰਪਨੀ ਬਾਗ਼' ਵਜੋਂ ਵਧੇਰੇ ਜਾਣਦੇ ਹਨ, ਦੀ ਮੁੱਖ ਇਮਾਰਤ ਦੇ ਬਾਹਰ ਪਿਛਲੇ ਇਕ ਸਾਲ ਤੋਂ ਮੁਰੰਮਤ ਲਈ ਲੋਹੇ ਦੀਆਂ ਪਾਈਪਾਂ ਦਾ ਜਾਲ ਬਣਿਆ ਹੋਇਆ ਹੈ। ਸਾਲ ਬੀਤਣ ਮਗਰੋਂ ਵੀ ਇਮਾਰਤ ਦੇ ਬਾਹਰੀ ਹਿੱਸੇ ਦੀ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਇਮਾਰਤ ਦੇ ਅੰਦਰ ਚਲ ਰਿਹਾ ਕੰਮ ਵੀ ਪਿਛਲੇ ਛੇ ਮਹੀਨਿਆਂ ਤੋਂ ਬੰਦ ਹੈ। ਮੁਰੰਮਤ ਦਾ ਕੰਮ 2007 ਵਿੱਚ ਸ਼ੁਰੂ ਹੋਇਆ ਸੀ ਤੇ ਉਦੋਂ ਇਸ ਇਮਾਰਤ ਨੂੰ ਖਾਲੀ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਇਮਾਰਤ ਵਿੱਚ ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਬਣਿਆ ਹੋਇਆ ਸੀ, ਜਿਸ ਵਿੱਚ ਵਿਰਾਸਤੀ ਸਾਮਾਨ ਸਜਾਇਆ ਹੋਇਆ ਸੀ। ਇਸ ਵਿਰਾਸਤੀ ਤੇ ਬੇਸ਼ਕੀਮਤੀ ਸਾਮਾਨ ਨੂੰ ਨੇੜੇ ਹੀ ਬਣੇ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਦੇ ਇੱਕ ਹਿੱਸੇ ਵਿੱਚ ਰੱਖਿਆ ਗਿਆ ਸੀ।

ਲਗਪਗ ਇਕ ਦਹਾਕਾ ਬੀਤਣ ਨੂੰ ਆਇਆ ਹੈ, ਪਰ ਸੁਸਤੀ ਦੀ ਚਾਲ ਚੱਲ ਰਿਹਾ ਮੁਰੰਮਤ ਦਾ ਕੰਮ ਹੁਣ ਤਕ ਖ਼ਤਮ ਨਹੀਂ ਹੋਇਆ। ਝਾਂਸੀ ਤੋਂ ਆਏ ਕਾਰੀਗਰ ਨੇ ਦੱਸਿਆ ਕਿ ਮੁਰੰਮਤ ਦਾ ਕੰਮ ਮੁੰਬਈ ਦੇ ਇੱਕ ਠੇਕੇਦਾਰ ਨੂੰ ਸੌਂਪਿਆ ਗਿਆ ਸੀ। ਠੇਕੇਦਾਰ ਨੇ ਬਾਹਰੀ ਹਿੱਸੇ ਵਿਚ ਪਲੱਸਤਰ ਵਾਸਤੇ ਲੋਹੇ ਦੀਆਂ ਪਾਈਪਾਂ ਲਾਈਆਂ ਸਨ, ਪਰ ਕੰਮ ਇਸ ਤੋਂ ਅੱਗੇ ਨਹੀਂ ਵਧਿਆ। ਅੰਦਰੂਨੀ ਹਿੱਸੇ ਵਿੱਚ ਚੱਲ ਰਿਹਾ ਕੰਮ 75 ਫੀਸਦ ਮੁਕੰਮਲ ਹੋ ਗਿਆ ਹੈ, ਪਰ ਅੱਗੇ ਦਾ ਕੰਮ ਜੂਨ ਮਹੀਨੇ ਤੋਂ ਬੰਦ ਪਿਆ ਹੈ। ਸਮਰ ਪੈਲੇਸ ਦੀ ਸਾਂਭ ਸੰਭਾਲ ਦਾ ਕੰਮ ਪੰਜਾਬ ਹੈਰੀਟੇਜ ਅਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਕੋਲ ਹੈ। ਕਾਬਿਲੇਗੌਰ ਹੈ ਕਿ ਇਤਿਹਾਸਕ ਯਾਦਗਾਰ ਦੀ ਸਾਂਭ ਸੰਭਾਲ ਦੋ ਵਿਭਾਗਾਂ ਵਿੱਚ ਵੰਡੀ ਹੋਈ ਹੈ। ਅਪਰੈਲ 1997 ਵਿੱਚ ਪੰਜਾਬ ਸਰਕਾਰ ਵੱਲੋਂ ਇਸ ਯਾਦਗਾਰ ਨੂੰ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਦੀ ਸੂਚੀ ਵਿੱਚ ਸ਼ਾਮਲ ਕਰਦਿਆਂ ਵਿਰਾਸਤੀ ਇਮਾਰਤ ਐਲਾਨਿਆ ਗਿਆ ਸੀ। 2004 ਵਿੱਚ ਇਸ ਨੂੰ ਕੌਮੀ ਯਾਦਗਾਰ ਦਾ ਦਰਜਾ ਦਿੱਤਾ ਗਿਆ, ਜਿਸ ਤਹਿਤ ਇਸ ਦਾ ਪ੍ਰਬੰਧ ਭਾਰਤੀ ਪੁਰਾਤਤਵ ਵਿਭਾਗ ਨੂੰ ਸੌਂਪਿਆ ਜਾਣਾ ਸੀ, ਪਰ ਅਜੇ ਤਕ ਇਹ ਅਮਲ ਵੀ ਸਿਰੇ ਨਹੀਂ ਚੜ੍ਹਿਆ। ਯਾਦਗਾਰ ਦਾ ਕੁਝ ਹਿੱਸਾ ਪੰਜਾਬ ਦੇ ਸੈਰ-ਸਪਾਟਾ ਵਿਭਾਗ ਅਤੇ ਕੁਝ ਹਿੱਸਾ ਭਾਰਤੀ ਪੁਰਾਤਤਵ ਵਿਭਾਗ ਕੋਲ ਹੈ। ਇਸ ਆਪਸੀ ਖਿੱਚੋਤਾਣ ਕਾਰਨ ਯਾਦਗਾਰ ਦੀ ਮੁਰੰਮਤ ਤੇ ਸਾਂਭ ਸੰਭਾਲ ਦਾ ਕੰਮ ਪ੍ਰਭਾਵਿਤ ਹੋਇਆ ਹੈ। ਇਹ ਮਾਮਲਾ ਹੁਣ ਅਦਾਲਤ ਦੇ ਵਿਚਾਰ ਅਧੀਨ ਹੈ।



ਸਮਰ ਪੈਲੇਸ ਦੀ ਬਾਹਰੀ ਕੰਧ ਦੀ ਮੁਰੰਮਤ ਲਈ ਲੱਗੀਆਂ ਲੋਹੇ ਦੀਆਂ ਪਾਈਪਾਂ।

ਮਾਲ ਰੋਡ ਤੋਂ ਜੇਕਰ ਇਸ ਇਤਿਹਾਸਕ ਯਾਦਗਾਰ ਦੇ ਅੰਦਰ ਦਾਖਲ ਹੋਵੋ ਤਾਂ ਇਥੇ ਸਭ ਕੁਝ ਆਧੁਨਿਕ ਜਿਵੇਂ ਖੁੱਲ੍ਹੀ ਪਾਰਕਿੰਗ, ਰੰਗ ਬਿਰੰਗੀਆਂ ਟਾਈਲਾਂ, ਸਰੀਰਕ ਅਭਿਆਸ ਵਾਸਤੇ ਵੱਖ ਵੱਖ ਤਰ੍ਹਾਂ ਦੇ ਉਪਕਰਨ ਅਤੇ ਨਿੱਤ ਸੈਰ ਕਰਨ ਵਾਲਿਆਂ ਦੇ ਟੋਲੇ ਦਿਖਾਈ ਦਿੰਦੇ ਹਨ, ਪਰ ਕੁਝ ਹੋਰ ਅੰਦਰ ਜਾਂਦਿਆਂ ਹੀ ਇਸ ਦਾ ਉਜਾੜਾ ਸਾਫ਼ ਝਲਕਦਾ ਹੈ। ਪੈਲੇਸ ਵਿਚਲੇ ਛੋਟੇ ਤਲਾਆਂ ਦਾ ਮਾੜਾ ਹਾਲ ਹੈ। ਦੋਵੇਂ ਪਾਸੇ ਬਣੇ ਮੁਨਸ਼ੀ ਘਰਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਪਰ ਸਾਂਭ ਸੰਭਾਲ ਖੁਣੋਂ ਇਹ ਆਵਾਰਾ ਅਤੇ ਬੇਸਹਾਰਾ ਲੋਕਾਂ ਦਾ ਰੈਣ ਬਸੇਰਾ ਬਣ ਗਏ ਹਨ।

**ਮੁਰੰਮਤ ਦਾ ਕੰਮ ਛੇਤੀ ਪੂਰਾ ਹੋਵੇਗਾ**

ਪੰਜਾਬ ਹੈਰੀਟੇਜ ਅਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਯੋਜਨਾ ਦੇ ਪ੍ਰੋਜੈਕਟ ਮੈਨੇਜਰ ਏ.ਆਰ. ਮਿਸ਼ਰਾ ਨੇ ਕਿਹਾ ਕਿ ਮੁਰੰਮਤ ਲਈ ਲੋੜੀਂਦੇ ਫੰਡਾਂ ਦੀ ਹੁਣ ਕੋਈ ਘਾਟ ਨਹੀਂ ਹੈ ਅਤੇ ਜਲਦੀ ਹੀ ਮੁਰੰਮਤ ਦਾ ਕੰਮ ਮੁਕੰਮਲ ਕੀਤਾ ਜਾਵੇਗਾ। ਸਾਂਭ ਸੰਭਾਲ ਦੀ ਯੋਜਨਾ ਵਿੱਚ ਕੁਝ ਤਬਦੀਲੀ ਹੈ, ਜਿਸ ਮੁਤਾਬਕ ਹੋਰ ਮੁਰੰਮਤ ਦਾ ਕੰਮ ਹੋਵੇਗਾ। ਭਾਰਤੀ ਪੁਰਾਤਤਵ ਵਿਭਾਗ ਨੂੰ ਜਾਣੂ ਕਰਾ ਦਿੱਤਾ ਹੈ।




## ਜਾਖੜ ਤੇ ਬਿੱਟੂ ਨੇ ਸੁਸ਼ਮਾ ਨੂੰ ਮਿਲ ਕੇ ਦਿਲਾਵਰ ਸਿੰਘ ਨੂੰ ਭਾਰਤ ਲਿਆਉਣ ਲਈ ਮਦਦ ਕਰਨ ਦੀ ਮੰਗ ਕੀਤੀ

**ਗੁਰਦਾਸਪੁਰ,ਪਠਾਨਕੋਟ/ ਬਊਰੋ ਨਿਊਜ਼:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਮੈਂਬਰ ਸੁਨੀਲ ਜਾਖੜ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲ ਕੇ ਸਾਊਦੀ ਅਰਬ ਵਿੱਚ ਕੰਮ ਕਰਨ ਲਈ ਗਏ ਪਿੰਡ ਚੌਹਾਨ ਵਾਸੀ ਦਿਲਾਵਰ ਸਿੰਘ ਪੁੱਤਰ ਕਰਨੈਲ ਸਿੰਘ ਨੂੰ ਵਾਪਸ ਭਾਰਤ ਲਿਆਉਣ ਵਿੱਚ ਸਹਾਇਤਾ ਕਰਨ ਦੀ ਮੰਗ ਕੀਤੀ ਹੈ। ਦਿਲਾਵਰ ਸਿੰਘ 19 ਜੂਨ 2017 ਨੂੰ ਰੁਜ਼ਗਾਰ ਦੀ ਭਾਲ ਵਿੱਚ ਸਾਊਦੀ ਅਰਬ ਗਿਆ ਸੀ, ਜਿਥੇ ਜਾ ਕੇ ਉਹ ਫਸ ਗਿਆ। ਸ੍ਰੀ ਜਾਖੜ ਨੇ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਕਿ ਸਾਊਦੀ ਅਰਬ ਵਿੱਚ ਸਥਿਤ ਭਾਰਤੀ ਦੂਤਾਘਰ ਨੂੰ ਹਦਾਇਤ ਕੀਤੀ ਜਾਵੇ ਕਿ ਦਿਲਾਵਰ ਸਿੰਘ ਦਾ ਪਾਸਪੋਰਟ ਦਿਵਾ ਕੇ ਉਸ ਦੀ ਭਾਰਤ ਪਰਤਣ ਵਿੱਚ ਸਹਾਇਤਾ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਦਿਲਾਵਰ ਸਿੰਘ ਦਾ ਪਰਿਵਾਰ ਮੁਸੀਬਤ ਵਿੱਚ ਹੈ ਤੇ ਉਸ ਦੇ ਪਰਿਵਾਰ ਵਿੱਚ ਕੋਈ ਵੀ ਅਜਿਹਾ ਜੀਅ ਨਹੀਂ, ਜੋ ਕਿਸੇ ਤਰ੍ਹਾਂ ਦੀ ਸਹਾਇਤਾ ਕਰਨ ਦੇ ਸਮਰੱਥ ਹੋਵੇ। ਉਸ ਦੀ ਪਤਨੀ ਨਿਸ਼ਾ ਨੇ ਦੱਸਿਆ ਕਿ ਇਸ ਵੇਲੇ ਦਿਲਾਵਰ ਸਿੰਘ ਰਸਾਲ ਖ਼ੈਰ, ਜੁਬੇਲ ਵਿੱਚ ਅਬੂ ਰਾਜਾ ਓਟਵੀ ਦੇ ਘਰ ਰਹਿ ਰਿਹਾ ਹੈ। ਦਿਲਾਵਰ ਸਿੰਘ ਦਾ ਪਿਤਾ ਕਰਨੈਲ ਸਿੰਘ (68 ਸਾਲ) ਹਾਦਸੇ ਦੌਰਾਨ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆ ਚੁੱਕਿਆ ਹੈ ਤੇ ਮਾਤਾ ਉਰਮਿਲਾ ਦੇਵੀ (60 ਸਾਲ) ਕਿਸੇ ਬਿਮਾਰੀ ਕਾਰਨ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਹੈ। ਦਿਲਾਵਰ ਦੀ ਪਤਨੀ ਨਿਸ਼ਾ ਪਠਾਨਕੋਟ ਦੇ ਚੌਹਾਨ ਹਸਪਤਾਲ ਵਿੱਚ ਪੇਟ ਦੀ ਬਿਮਾਰੀ ਦਾ ਇਲਾਜ ਕਰਵਾ ਰਹੀ ਹੈ। ਦਿਲਾਵਰ ਦੇ ਦੋ ਬੱਚੇ ਮੁਸਕਾਨ (13 ਸਾਲ) ਤੇ ਖ਼ੁਸ਼ਬੂ (12 ਸਾਲ) ਆਪਣੇ ਪਿਤਾ ਦੀ ਉਡੀਕ ਕਰ ਰਹੇ ਹਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਭਰੋਸਾ ਦਿਵਾਇਆ ਕਿ ਉਹ ਦਿਲਾਵਰ ਸਿੰਘ ਨੂੰ ਵਾਪਸ ਭਾਰਤ ਲਿਆਉਣ ਲਈ ਪੂਰੀ ਕੋਸ਼ਿਸ਼ ਕਰਨਗੇ। ਲੋਕ ਸਭਾ ਹਲਕਾ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅੱਜ ਨਵੀਂ ਦਿੱਲੀ ਵਿੱਚ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਸਾਊਦੀ ਅਰਬ ਵਿੱਚ ਫਸੀ ਲੁਧਿਆਣਾ ਦੀ ਕੁਲਦੀਪ ਕੌਰ ਦੀ ਸੁਰੱਖਿਅਤ ਦੇਸ਼ ਵਾਪਸੀ ਅਤੇ ਪਿੰਡ ਗਿੱਲ ਦੇ ਰਵਨੀਤ ਸਿੰਘ ਦੀ ਮ੍ਰਿਤਕ ਦੇਹ ਅੰਤਿਮ ਰਸਮਾਂ ਲਈ ਆਸਟ੍ਰੇਲੀਆ ਤੋਂ ਵਾਪਸ ਲਿਆਉਣ ਸਬੰਧੀ ਢੁਕਵੇਂ ਕਦਮ ਚੁੱਕਣ ਦੀ ਅਪੀਲ ਕੀਤੀਕੀਤੀ ਕਿ ਭਾਰਤ ਸਰਕਾਰ ਲੁਧਿਆਣਾ ਵਾਸੀ ਕੁਲਦੀਪ ਕੌਰ ਨੂੰ ਸੁਰੱਖਿਅਤ ਦੇਸ਼ ਵਾਪਸ ਲਿਆਉਣ ਲਈ ਤੁਰੰਤ ਕੂਟਨੀਤਕ ਪਹੁੰਚ ਅਪਣਾਵੇ।

# ਚੋਣਾਂ ਮੌਕੇ ਕਿਸਾਨਾਂ ਨੂੰ ਲਾਰੇ ਲਾਉਣ ਵਾਲੇ ਕੈਪਟਨ ਸਰਕਾਰ ਦੇ ਨੌਂ ਮਹੀਨਿਆਂ ਦੌਰਾਨ 350 ਕਿਸਾਨ ਖ਼ੁਦਕੁਸ਼ੀਆਂ ਲਈ ਹੋਏ ਮਜਬੂਰ



**ਸੰਗਰੂਰ/ਬਿਊਰੋ ਨਿਊਜ਼:**
ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਦਾਅਵਾ ਕੀਤਾ ਹੈ ਕਿ ਪਿਛਲੇ 9 ਮਹੀਨਿਆਂ ਦੌਰਾਨ ਪੰਜਾਬ ਵਿੱਚ ਲਗਪਗ 350 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਸਭ ਤੋਂ ਵੱਧ 60 ਕਿਸਾਨਾਂ ਵੱਲੋਂ ਜ਼ਿਲ੍ਹਾ ਬਠਿੰਡਾ ਵਿੱਚ ਖ਼ੁਦਕੁਸ਼ੀਆਂ ਕੀਤੀਆਂ ਗਈਆਂ ਹਨ। ਇਸ ਤੋਂ ਬਾਅਦ ਜ਼ਿਲ੍ਹਾ ਸੰਗਰੂਰ ਵਿੱਚ 57 ਕਿਸਾਨਾਂ ਅਤੇ ਜ਼ਿਲ੍ਹਾ ਬਰਨਾਲਾ ਵਿੱਚ 53 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਸਭ ਤੋਂ ਘੱਟ ਕਿਸਾਨ ਖ਼ੁਦਕੁਸ਼ੀਆਂ ਨਵਾਂ ਸ਼ਹਿਰ ਅਤੇ ਕਪੂਰਥਲਾ ਵਿੱਚ ਹੋਈਆਂ ਹਨ।

ਯੂਨੀਅਨ ਆਗੂ ਸੁਖਪਾਲ ਸਿੰਘ ਮਾਨਕ ਵੱਲੋਂ ਕਿਸਾਨ ਖ਼ੁਦਕੁਸ਼ੀਆਂ ਦੀ ਜਾਰੀ ਸੂਚੀ ਅਨੁਸਾਰ ਜ਼ਿਲ੍ਹਾ ਬਠਿੰਡਾ ਵਿੱਚ 60, ਜ਼ਿਲ੍ਹਾ ਸੰਗਰੂਰ ਵਿੱਚ 57 ਤੇ ਜ਼ਿਲ੍ਹਾ ਬਰਨਾਲਾ ਵਿੱਚ 53 ਕਿਸਾਨ ਮੌਤ ਗਲੇ ਲਾਉਣ ਲਈ ਮਜਬੂਰ ਹੋਏ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਮਾਨਸਾ ਵਿੱਚ 44, ਜ਼ਿਲ੍ਹਾ ਲੁਧਿਆਣਾ ਵਿੱਚ 16, ਮੁਕਤਸਰ ਸਾਹਿਬ ਵਿੱਚ 16, ਪਟਿਆਲਾ ਵਿੱਚ 15, ਤਰਨ ਤਾਰਨ ਵਿੱਚ 13, ਫ਼ਿਰੋਜ਼ਪੁਰ ਵਿੱਚ 13, ਫ਼ਰੀਦਕੋਟ ਵਿੱਚ 11, ਮੋਗਾ ਵਿੱਚ 12, ਫਤਹਿਗੜ੍ਹ ਸਾਹਿਬ ਵਿੱਚ 8, ਅੰਮ੍ਰਿਤਸਰ ਵਿੱਚ 7, ਗੁਰਦਾਸਪੁਰ ਵਿੱਚ 4, ਹੁਸ਼ਿਆਰਪੁਰ ਵਿੱਚ 3, ਨਵਾਂ ਸ਼ਹਿਰ ਵਿੱਚ 1, ਅਬੋਹਰ ਵਿੱਚ 6, ਰਾਏਕੋਟ ਵਿੱਚ 1, ਰੂਪਨਗਰ ਵਿੱਚ 2 ਤੇ ਜ਼ਿਲ੍ਹਾ ਜਲੰਧਰ ਵਿੱਚ 2 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਕਿਸਾਨ ਆਗੂ ਨੇ ਕਿਹਾ ਕਿ ਨਵੀਂ ਸੂਬਾ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਦੇ ਦਿਨ ਘੱਟ ਹਨ, ਜਦੋਂਕਿ ਕਿਸਾਨ ਖ਼ੁਦਕੁਸ਼ੀਆਂ ਵੱਧ ਹਨ। ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਯੂਨੀਅਨ ਵੱਲੋਂ ਕਿਸਾਨ ਖ਼ੁਦਕੁਸ਼ੀਆਂ ਦੀ ਸੂਚੀ ਰੋਜ਼ਾਨਾ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋ ਰਹੀਆਂ ਖ਼ਬਰਾਂ ਦੇ ਆਧਾਰ 'ਤੇ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਵੇਖਣ ਕਰਵਾਇਆ ਜਾਵੇ ਤਾਂ ਖ਼ੁਦਕੁਸ਼ੀਆਂ ਦੀ ਗਿਣਤੀ ਹੋਰ ਵੀ ਵੱਧ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੇ ਚੋਣ ਵਾਅਦੇ ਅਨੁਸਾਰ ਬਿਨਾਂ ਸ਼ਰਤ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨਾ ਚਾਹੀਦਾ ਹੈ। ਸ੍ਰੀ ਉਗਰਾਹਾਂ ਨੇ ਦੱਸਿਆ ਕਿ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ 22 ਤੋਂ 26 ਜਨਵਰੀ 2018 ਤੱਕ ਜ਼ਿਲ੍ਹਾ ਹੈੱਡਕੁਆਰਟਰਾਂ ਉਪਰ ਦਿਨ-ਰਾਤ ਦਾ ਮੋਰਚਾ ਲਾਇਆ ਜਾ ਰਿਹਾ ਹੈ, ਜਿਸ ਵਿੱਚ ਸਮੁੱਚੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਾਉਣ, ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਦਸ ਲੱਖ ਰੁਪਏ ਦਾ ਮੁਆਵਜ਼ਾ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿਵਾਉਣ ਅਤੇ ਖੇਤੀ ਸੈਕਟਰ ਨੂੰ ਜੀਐਸਟੀ ਤੋਂ ਮੁਕਤ ਕਰਾਉਣ ਆਦਿ ਦੀਆਂ ਮੰਗਾਂ ਸ਼ਾਮਲ ਹਨ।

## ਸਰਕਾਰਾਂ ਦੀ ਬੇਧਿਆਨੀ ਤੋਂ ਨਿਰਾਸ਼ ਨੇ ਸਨਅਤਕਾਰ

**ਲੁਧਿਆਣਾ/ਬਿਊਰੋ ਨਿਊਜ਼:**
ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਸਨਅਤਾਂ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਪੰਜਾਬ ਦੇ ਸਨਅਤਕਾਰ ਔਖੇ ਹਨ। ਪੰਜਾਬ ਦੀਆਂ ਸਨਅਤਾਂ ਗੰਭੀਰ ਦੌਰ ਵਿੱਚੋਂ ਗੁਜ਼ਰ ਰਹੀਆਂ ਹਨ ਤੇ ਆਪਣੀ ਹੋਂਦ ਬਚਾਉਣ ਲਈ ਜੱਦੋ-ਜਹਿਦ ਕਰ ਰਹੀਆਂ ਹਨ। ਪੰਜਾਬ ਦੀ ਇੰਡਸਟਰੀ ਨੂੰ ਆਕਸੀਜਨ ਦੇਣ ਦੀ ਵੱਡੀ ਲੋੜ ਹੈ।

ਪੰਜਾਬ ਸਰਕਾਰ ਵੱਲੋਂ ਐਲਾਨੀ ਨਵੀਂ ਸਨਅਤੀ ਨੀਤੀ ਦੇ ਬੇਸ਼ਕ ਸਨਅਤ-ਪੱਖੀ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਸਨਅਤਕਾਰ ਇਸ ਨੂੰ ਸਿਰਫ਼ ਸਰਕਾਰ ਦਾ ਝੂਠਾ ਵਾਅਦਾ ਅਤੇ ਖੋਖਲਾ ਦਾਅਵਾ ਕਰਾਰ ਦੇ ਰਹੇ ਹਨ। ਪੰਜਾਬ ਦੀਆਂ ਸਨਅਤਾਂ ਨੂੰ ਮਹਿੰਗੇ ਕੱਚੇ ਮਾਲ, ਬਿਜਲੀ ਦੀ ਘਾਟ, ਲੇਬਰ ਸਮੱਸਿਆ ਤੇ ਮੂਲ ਪੂੰਜੀ ਦੀ ਘਾਟ ਸਣੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਖ ਵੱਖ ਸਨਅਤਕਾਰਾਂ ਅਤੇ ਸਨਅਤੀ ਜਥੇਬੰਦੀਆਂ ਦੇ ਆਗੂਆਂ ਨੇ ਮੋਦੀ ਸਰਕਾਰ ਦੀਆਂ ਗ਼ਲਤ ਆਰਥਿਕ ਨੀਤੀਆਂ ਨੂੰ ਸਨਅਤਾਂ ਦੀ ਮੌਜੂਦਾ ਸਥਿਤੀ ਲਈ ਜ਼ਿੰਮੇਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦੇ ਉੱਤਰੀ ਹਿੱਸੇ ਵਿੱਚ ਹੋਣ ਕਾਰਨ ਇੱਥੋਂ ਦੇ ਸਨਅਤਕਾਰਾਂ ਨੂੰ ਕੱਚਾ ਮਾਲ ਮਹਿੰਗਾ ਮਿਲਦਾ ਹੈ, ਜਿਸ ਕਾਰਨ ਉਤਪਾਦਨ ਕੀਮਤ ਦੂਜੇ ਰਾਜਾਂ ਦੇ ਮੁਕਾਬਲੇ ਕਾਫ਼ੀ ਵਧ ਜਾਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਘਰੇਲੂ ਇੰਡਸਟਰੀ ਦੇ ਵਿਕਾਸ ਲਈ ਕੋਈ ਠੋਸ ਯੋਜਨਾ ਤਿਆਰ ਕਰਕੇ ਸਸਤੀਆਂ ਵਿਆਜ ਦਰਾਂ 'ਤੇ ਕਰਜ਼ੇ ਅਤੇ ਤਕਨਾਲੋਜੀ ਦੇ ਸੁਧਾਰ ਲਈ ਸਬਸਿਡੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਫਾਸਟਨਰਜ਼ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕਿਹਾ ਕਿ ਲੋਹੇ ਅਤੇ ਸਟੀਲ ਦੀਆਂ ਕੀਮਤਾਂ ਵਿੱਚ ਪਿਛਲੇ ਕੁਝ ਸਮੇਂ ਦੌਰਾਨ ਤਕਰੀਬਨ 7000 ਰੁਪਏ ਪ੍ਰਤੀ ਟਨ ਦਾ ਵਾਧਾ ਹੋਇਆ ਹੈ ਤੇ ਇਹ ਵਾਧਾ ਲਗਾਤਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਵਾਧਾ ਜਾਰੀ ਰਿਹਾ ਤਾਂ ਪੰਜਾਬ ਦੀਆਂ ਸਨਅਤਾਂ ਨੂੰ ਡੁੱਬਣ ਤੋਂ ਕੋਈ ਨਹੀਂ ਬਚਾ ਸਕਦਾ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਸਟੀਲ ਦੀਆਂ ਕੀਮਤਾਂ ਸਥਿਰ ਰੱਖਣ ਲਈ ਕੇਂਦਰੀ ਰੈਗੂਲੇਟਰੀ ਅਥਾਰਿਟੀ ਬਣਾਵੇ ਅਤੇ ਸਟੀਲ ਉਪਰ ਬਰਾਮਦੀ ਡਿਊਟੀ ਲਾਏ। ਉਨ੍ਹਾਂ ਕਿਹਾ ਕਿ ਸਨਅਤੀ ਜਥੇਬੰਦੀਆਂ ਨੇ ਇਨ੍ਹਾਂ ਮੰਗਾਂ ਲਈ 11 ਜਨਵਰੀ ਤੋਂ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਸ਼ੁਰੂ ਕਰਨ ਦਾ ਵੀ ਫ਼ੈਸਲਾ ਕੀਤਾ ਹੈ।

ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਨੇ ਕਿਹਾ ਕਿ ਪੰਜਾਬ ਦੀਆਂ ਸਨਅਤਾਂ ਅਜੇ ਤੱਕ ਨੋਟਬੰਦੀ ਅਤੇ ਜੀਐਸਟੀ ਦੀ ਘੁੰਮਣਘੇਰੀ ਵਿੱਚੋਂ ਨਹੀਂ ਨਿਕਲ ਸਕੀਆਂ। ਇਸ ਕਾਰਨ ਇੰਡਸਟਰੀ ਦਾ ਸਰਮਾਇਆ ਘਟ ਰਿਹਾ ਹੈ ਤੇ ਪੂੰਜੀ ਦੀ ਘਾਟ ਕਾਰਨ ਉਨ੍ਹਾਂ ਨੂੰ ਆਪਣਾ ਉਦਯੋਗ ਚਲਾਉਣਾ ਔਖਾ ਹੋ ਗਿਆ ਹੈ। ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂਫੈਕਚਰਰਜ਼ ਐਸੋਸੀਏਸ਼ਨ ਦੇ ਪ੍ਰਧਾਨ ਇੰਦਰਜੀਤ ਸਿੰਘ ਨਵਯੁੱਗ ਨੇ ਕਿਹਾ ਹੈ ਕਿ ਇੰਡਸਟਰੀ ਲਈ ਚੀਨ ਦਾ ਮਾਲ ਵੱਡਾ ਖ਼ਤਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਲਗਾਤਾਰ ਚੀਨ ਦੀਆਂ ਵਸਤਾਂ ਦੀ ਵਿਕਰੀ ਘਰੇਲੂ ਉਦਯੋਗ ਲਈ ਤਬਾਹਕੁਨ ਸਾਬਿਤ ਹੋ ਰਹੀ ਹੈ ਤੇ ਕੇਂਦਰ ਸਰਕਾਰ ਉਲਟਾ ਚੀਨ ਨੂੰ ਭਾਰਤ ਵਿੱਚ ਉਦਯੋਗ ਲਾਉਣ ਲਈ ਪ੍ਰਵਾਨਗੀ ਦੇਣ ਦੀ ਤਿਆਰੀ ਕਰ ਰਹੀ ਹੈ। ਯੰਗ ਇੰਡਸਟਰੀਅਲਿਸਟ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਮਨਿੰਦਰਪਾਲ ਸਿੰਘ ਟੀਟੂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵੱਡੇ ਸਨਅਤੀ ਘਰਾਣਿਆਂ ਦਾ ਪੱਖ ਪੂਰਨ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਨੀਤੀਆਂ ਦਾ ਛੋਟੀਆਂ ਸਨਅਤਾਂ 'ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਕਈ ਇਕਾਈਆਂ ਬੰਦ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਤੰਗ ਹੋ ਰਿਹਾ ਮੂਲ ਪੂੰਜੀ ਬਾਜ਼ਾਰ ਅਤੇ ਵਧ ਰਹੀ ਲਾਗਤ ਵੀ ਸਨਅਤੀ ਉਤਪਾਦਨ ਨੂੰ ਪ੍ਰਭਾਵਿਤ ਕਰ ਰਹੀ ਹੈ, ਜਿਸ ਕਾਰਨ ਸਥਿਤੀ ਕੰਟਰੋਲ ਤੋਂ ਬਾਹਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਚੀਨ ਦੀਆਂ ਵਸਤਾਂ ਦੀ ਦਰਾਮਦ ਬਾਰੇ ਕੋਈ ਨੀਤੀ ਬਣਾਏ, ਕਿਉਂਕਿ ਚੀਨ ਭਾਰਤੀ ਉਦਯੋਗ ਲਈ ਵੱਡੀ ਚੁਣੌਤੀ ਹੈ।

## ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹਾਂ ਮੌਕੇ ਸ਼ਗਨ ਦੇਣ ਲਈ ਕੈਪਟਨ ਸਰਕਾਰ ਦੀ ਜੇਬ 'ਚ ਨਹੀਂ ਧੇਲਾ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਸਰਕਾਰ ਦੀ ਵਿੱਤੀ ਹਾਲਤ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਕਰਕੇ ਸੂਬੇ ਦੇ ਵਿਕਾਸ ਨੂੰ ਬਰੇਕਾਂ ਲੱਗ ਗਈਆਂ ਹਨ ਤੇ ਸਿਰਫ਼ ਕੇਂਦਰੀ ਸਕੀਮਾਂ ਵਾਲੇ ਪ੍ਰੋਜੈਕਟ ਚੱਲ ਰਹੇ ਹਨ। ਖ਼ਜ਼ਾਨੇ ਦੀ ਹਾਲਤ ਅਜਿਹੀ ਹੈ ਕਿ ਸੂਬੇ ਦੇ ਅਨੁਸੂਚਿਤ ਜਾਤੀ ਵਰਗ ਦੇ ਪਰਿਵਾਰਾਂ ਦੀਆਂ ਨਵ-ਵਿਆਹੀਆਂ ਧੀਆਂ ਨੂੰ ਸ਼ਗਨ ਸਕੀਮ ਦਾ ਪੈਸਾ ਪਿਛਲੀ ਸਰਕਾਰ ਦੇ ਸਮੇਂ ਨਵੰਬਰ 2016 ਤੋਂ ਨਹੀਂ ਮਿਲਿਆ। ਵਿਦਿਆਰਥੀਆਂ ਨੂੰ ਇਕ ਸਾਲ ਤੋਂ ਵਜ਼ੀਫ਼ੇ ਵੀ ਨਹੀਂ ਮਿਲੇ ਹਨ। ਕੈਪਟਨ ਸਰਕਾਰ ਨੇ ਸੱਤਾ ਸੰਭਾਲਦਿਆਂ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਭੇਜਿਆ ਪੈਸਾ ਵਾਪਸ ਮੰਗਵਾ ਲਿਆ ਸੀ। ਇਸ ਕਰਕੇ ਸੂਬੇ ਵਿੱਚ ਵਿਕਾਸ ਦੇ ਮਾੜੇ ਮੋਟੇ ਕੰਮ ਵਿਚਾਲੇ ਹੀ ਰੁਕ ਗਏ ਸਨ ਤੇ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਕਰਕੇ ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਵਿਕਾਸ ਕੰਮਾਂ ਲਈ ਪੈਸਾ ਭੇਜਿਆ ਗਿਆ ਸੀ। ਉਸ ਤੋਂ ਬਾਅਦ ਨਗਰ ਨਿਗਮਾਂ ਤੇ ਮਿਊਂਸਿਪਲ ਕਮੇਟੀਆਂ ਨੂੰ ਵਿਕਾਸ ਲਈ ਸੀਮਤ ਪੈਸਾ ਦਿੱਤਾ ਗਿਆ। ਪੈਸਾ ਨਾ ਮਿਲਣ ਕਰਕੇ ਮੰਤਰੀਆਂ ਵਿਚਾਲੇ ਕੁਝ ਨਾਰਾਜ਼ਗੀ ਵੀ ਹੋਈ ਸੀ। ਕੈਪਟਨ ਸਰਕਾਰ ਕੋਲ ਸੂਬੇ ਦੀਆਂ ਟੁੱਟੀਆਂ ਸੜਕਾਂ ਅਤੇ ਵਿਕਾਸ ਦੇ ਹੋਰ ਕੰਮਾਂ ਲਈ ਦੇਣ ਲਈ ਪੈਸਾ ਨਹੀਂ ਹੈ। ਸੂਬੇ ਦੇ ਮੰਡੀ ਬੋਰਡ ਨੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮਾੜੀ ਹਾਲਤ ਨੂੰ ਸੁਧਾਰਨ ਲਈ ਮੁਰੰਮਤ ਵਾਸਤੇ ਕਰਜ਼ਾ ਲੈਣ ਲਈ ਇਕ ਪ੍ਰੋਜੈਕਟ ਮੁੱਖ ਮੰਤਰੀ ਨੂੰ ਭੇਜਿਆ ਹੋਇਆ ਹੈ, ਪਰ ਅਜੇ ਤੱਕ ਇਸ ਨੂੰ ਪ੍ਰਵਾਨਗੀ ਨਹੀਂ ਮਿਲੀ। ਇਸ ਕਰਕੇ ਪਿੰਡਾਂ ਦੇ ਲੋਕਾਂ ਨੂੰ ਸੜਕਾਂ ਦੀ ਮੁਰੰਮਤ ਲਈ ਹੋਰ ਸਮਾਂ ਉਡੀਕ ਕਰਨੀ ਪਵੇਗੀ। ਖ਼ਜ਼ਾਨੇ ਦੀ ਮਾੜੀ ਹਾਲਤ ਕਰਕੇ ਕੈਪਟਨ ਸਰਕਾਰ ਨੂੰ ਚੋਣਾਂ ਸਮੇਂ ਕੀਤੇ ਵੱਡੇ ਵਾਅਦਿਆਂ 'ਤੇ ਅਮਲ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਕੈਪਟਨ ਸਰਕਾਰ ਸਾਢੇ 9 ਮਹੀਨਿਆਂ ਦੇ ਸਮੇਂ ਵਿੱਚ ਸੂਬੇ ਦੀ ਮਾਲੀ ਹਾਲਤ ਸੁਧਾਰਨ ਲਈ ਸਾਧਨ ਜੁਟਾਉਣ ਲਈ ਖ਼ਾਸ ਕਦਮ ਨਹੀਂ ਚੁੱਕ ਸਕੀ। ਇਸ ਅਰਸੇ ਦੌਰਾਨ ਸੂਬੇ ਦੀ ਮਾੜੀ ਮਾਲੀ ਹਾਲਤ ਵਿੱਚ ਸੁਧਾਰ ਲਿਆਉਣ ਤੇ ਕੁਝ ਵਾਅਦੇ ਪੂਰੇ ਕਰਨ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੋਂ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅੱਧੀ ਦਰਜਨ ਮੀਟਿੰਗਾਂ ਕੀਤੀਆਂ ਹਨ, ਪਰ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ। ਸਿਰਫ਼ ਪਿਛਲੀ ਸਰਕਾਰ ਵੱਲੋਂ ਅਨਾਜ ਦੇ ਪ੍ਰਵਾਨ ਕੀਤੇ 31,000 ਕਰੋੜ ਰੁਪਏ ਦੇ ਕਰਜ਼ੇ ਦਾ ਹੱਲ ਹੋਣ ਦੀ ਗੱਲ ਜ਼ਰੂਰੀ ਤੁਰੀ ਹੈ ਤੇ ਇਸ ਕਰਜ਼ੇ ਦੇ ਹੱਲ ਹੋਣ ਨਾਲ ਸੂਬਾ ਸਰਕਾਰ ਨੂੰ ਕੁਝ ਰਾਹਤ ਮਿਲੇਗੀ। ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੇਂਡੂ ਇਲਾਕਿਆਂ ਵਿੱਚ ਹਾਰ ਮਿਲੀ ਹੈ। ਇਸ ਕਰਕੇ ਕੇਂਦਰ ਸਰਕਾਰ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਿੰਡਾਂ ਤੇ ਖ਼ਾਸ ਕਰਕੇ ਕਿਸਾਨੀ ਨੂੰ ਕੁਝ ਰਾਹਤ ਦੇ ਸਕਦੀ ਹੈ। ਇਸ ਨਾਲ ਕਰਜ਼ੇ ਦੇ ਬੋਝ ਹੇਠ ਦਬੀ ਸੂਬੇ ਦੀ ਕਿਸਾਨੀ ਨੂੰ ਕੁਝ ਰਾਹਤ ਮਿਲਣ ਦੀ ਉਮੀਦ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਖ਼ਰਚੇ ਤੇ ਆਮਦਨ ਵਿਚਾਲੇ ਪਾੜਾ 13,000 ਕਰੋੜ ਰੁਪਏ ਦਾ ਹੋ ਗਿਆ ਸੀ ਤੇ ਖੱਪੇ ਨੂੰ ਪੂਰਾ ਕਰਨਾ ਹੀ ਵੱਡੀ ਸਮੱਸਿਆ ਹੈ। ਇਸ ਨਾਲ ਪਿਛਲੀ ਸਰਕਾਰ ਸਮੇਂ ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਗਈ ਸੀ। ਸੂਬਾ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਲਈ ਵੀ ਕਰਜ਼ਾ ਲੈਣਾ ਪੈ ਰਿਹਾ ਹੈ। ਇਸ ਸਥਿਤੀ ਵਿੱਚ ਘਰ ਘਰ ਨੌਕਰੀ ਦੇਣਾ ਸੰਭਵ ਨਹੀਂ ਹੈ, ਫਿਰ ਵੀ ਕੈਪਟਨ ਸਰਕਾਰ ਨੇ ਤਿੰਨ-ਚਾਰ ਰੁਜ਼ਗਾਰ ਮੇਲੇ ਲਾ ਕੇ ਤੀਹ ਕੁ ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਦਾਅਵਾ ਕੀਤਾ ਹੈ। ਉਪਰੋਂ ਕੈਪਟਨ ਸਰਕਾਰ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਜੁਗਾੜ ਕਰ ਰਹੀ ਹੈ ਤੇ ਮਾਨਸਾ ਵਿੱਚ ਸਮਾਗਮ ਦੌਰਾਨ ਕਿਸਾਨਾਂ ਨੂੰ 7 ਜਨਵਰੀ ਨੂੰ ਰਾਹਤ ਦੇਣ ਜਾ ਰਹੀ ਹੈ।

### ਵਿੱਤੀ ਖਸਾਰਾ ਘਟਿਆ ਪਰ ਵਿਕਾਸ ਕੰਮ ਠੱਪ

ਅਪਰੈਲ ਤੋਂ ਅਕਤੂਬਰ 2016 ਦੇ ਮੁਕਾਬਲੇ ਕਾਂਗਰਸ ਸਰਕਾਰ ਨੇ 2017 ਵਿੱਚ ਅਪਰੈਲ ਤੋਂ ਅਕਤੂਬਰ ਤੱਕ ਮਾਲੀਆ ਘਾਟਾ 5443.05 ਕਰੋੜ ਤੋਂ ਘਟਾ ਕੇ 4158.75 ਰੁਪਏ ਕਰਕੇ 23.60 ਫ਼ੀਸਦੀ ਸਫ਼ਲਤਾ ਹਾਸਲ ਕੀਤੀ ਹੈ। ਇਸੇ ਅਰਸੇ ਵਿੱਚ ਵਿਸਕਲ ਘਾਟਾ 14785.16 ਕਰੋੜ ਤੋਂ ਘਟ ਕੇ 5498.26 ਕਰੋੜ ਰੁਪਏ ਹੋ ਗਿਆ। ਇਹ 62.81 ਫ਼ੀਸਦੀ ਬਣਦਾ ਹੈ। ਪ੍ਰਾਇਮਰੀ ਸੈਕਟਰ ਵਿੱਚ ਘਾਟਾ 9349.25 ਕਰੋੜ ਤੋਂ ਘਟ ਕੇ 798.07 ਕਰੋੜ ਹੋ ਗਿਆ। ਇਸ ਨਾਲ ਸੁਧਾਰ ਦਰ 108.54 ਕਰੋੜ ਬਣਦੀ ਹੈ। ਵਿੱਤੀ ਮਾਮਲਿਆਂ ਦੇ ਮਾਹਿਰ ਨੇ ਕਿਹਾ ਕਿ ਜੇਕਰ ਵਿਕਾਸ ਕੰਮਾਂ 'ਤੇ ਪੈਸਾ ਖ਼ਰਚ ਨਹੀਂ ਕਰੋਗੇ ਤਾਂ ਘਾਟਾ ਹੋਰ ਵੀ ਘਟ ਹੋ ਜਾਵੇਗਾ। ਇਸ ਸਾਲ ਕਣਕ ਅਤੇ ਝੋਨੇ ਦੀਆਂ ਦੋਵੇਂ ਫ਼ਸਲਾਂ ਚੰਗੀਆਂ ਹੋਈਆਂ ਹਨ ਤੇ ਝਾੜ ਵਧਣ ਕਰਕੇ ਖੇਤੀਬਾੜੀ ਸੈਕਟਰ ਵਿੱਚ ਪਿਛਲੇ ਸਾਲ ਮੁਕਾਬਲੇ 12-13 ਹਜ਼ਾਰ ਕਰੋੜ ਰੁਪਏ ਵੱਧ ਆਏ ਹਨ। ਸਰਕਾਰ ਨੇ ਰੀਅਲ ਅਸਟੇਟ ਵਿੱਚ ਮੰਦੀ ਤੋੜਨ ਲਈ ਕੁਝ ਕਦਮ ਚੁੱਕੇ ਹਨ, ਪਰ ਤੇਜ਼ੀ ਨਹੀਂ ਆ ਰਹੀ।

## ਖੇਤੀ ਬੱਜਟ ਨੂੰ ਵੱਢ ਸਕਦੀ ਹੈ ਕੈਪਟਨ ਦੀ ਦਾਤੀ

**ਬਠਿੰਡਾ/ਬਿਊਰੋ ਨਿਊਜ਼:** ਕੈਪਟਨ ਹਕੂਮਤ ਵੱਲੋਂ ਖੇਤੀ ਬਜਟ ਨੂੰ ਕੱਟ ਲਾਉਣ ਦੀ ਤਿਆਰੀ ਵਿੱਢੀ ਗਈ ਹੈ। ਵਿੱਤ ਵਿਭਾਗ ਪੰਜਾਬ ਵੱਲੋਂ ਲਿਖੇ ਪੱਤਰ ਤੋਂ ਇਹੋ ਇਸ਼ਾਰਾ ਮਿਲਦਾ ਹੈ। ਹਾਲਾਂਕਿ ਪੰਜਾਬ ਦੀ ਕਿਸਾਨੀ ਦਾ ਸੰਕਟ ਗਹਿਰਾ ਰਿਹਾ ਹੈ ਤੇ ਖੇਤੀ ਨੂੰ ਵੱਡੇ ਸਹਾਰੇ ਦੀ ਫੌਰੀ ਲੋੜ ਹੈ, ਪਰ ਇਸ ਦੇ ਉਲਟ ਪੰਜਾਬ ਸਰਕਾਰ ਖੇਤੀ ਬਜਟ 2017-18 'ਚ ਕਰੀਬ 20 ਫੀਸਦੀ ਦਾ ਕੱਟ ਲਾਉਣ ਦੇ ਰਾਹ ਪੈ ਗਈ ਹੈ। ਖੇਤੀ ਮਹਿਕਮੇ ਨੇ ਭਾਵੇਂ ਇਸ ਬਾਰੇ ਕੋਈ ਹਾਮੀ ਨਹੀਂ ਭਰੀ ਪਰ ਸਰਕਾਰੀ ਨੀਅਤ ਭਵਿੱਖ ਦੀ ਵਿਉਂਤ ਦੱਸਣ ਲਈ ਕਾਫ਼ੀ ਹੈ। ਕੇਂਦਰ ਸਰਕਾਰ ਦੀਆਂ ਕਰੀਬ ਦਰਜਨ ਭਰ ਸਕੀਮਾਂ ਹਨ ਜਿਨ੍ਹਾਂ 'ਚ ਪੰਜਾਬ ਸਰਕਾਰ ਵੱਲੋਂ 40 ਫੀਸਦੀ ਹਿੱਸੇਦਾਰੀ ਪਾਈ ਜਾਂਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਖੇਤੀ ਟਿਊਬਵੈੱਲਾਂ ਲਈ ਜੋ ਛੇ ਹਜ਼ਾਰ ਕਰੋੜ ਦੀ ਸਬਸਿਡੀ ਦਿੱਤੀ ਜਾਂਦੀ ਹੈ, ਉਹੀ ਰਾਜ ਸਰਕਾਰ ਦੀ ਵੱਡੀ ਸਕੀਮ ਹੈ। ਵਿੱਤ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਨੇ ਬਜਟ 2017-18 ਵਿੱਚ 10273 ਕਰੋੜ ਦੇ ਵਸੀਲਿਆਂ ਦੇ ਪਾੜੇ ਦਾ ਹਵਾਲਾ ਦੇ ਕੇ ਖੇਤੀ ਮਹਿਕਮੇ ਨੂੰ ਜੂਨ ਮਹੀਨੇ ਵਿੱਚ ਪੇਸ਼ ਹੋਏ ਖੇਤੀ ਬਜਟ 'ਚ 20 ਫੀਸਦੀ ਬਚਤ ਕਰਨ ਦੀ ਹਦਾਇਤ ਕੀਤੀ ਹੈ ਜਿਸ ਦਾ ਮਤਲਬ ਹੈ ਕਿ ਖੇਤੀ ਬਜਟ 'ਚ 20 ਫੀਸਦੀ ਖਰਚੇ ਘਟਾਏ ਜਾਣ। ਚਾਲੂ ਮਾਲੀ ਵਰ੍ਹੇ ਦਾ ਖੇਤੀ ਬਜਟ ਕਰੀਬ 10410 ਕਰੋੜ ਹੈ ਜਿਸ ਵਿੱਚ ਬਿਜਲੀ ਸਬਸਿਡੀ ਵੀ ਸ਼ਾਮਲ ਹੈ। ਪ੍ਰਮੁੱਖ ਸਕੱਤਰ ਨੇ ਲਿਖਿਆ ਹੈ ਕਿ ਆਮਦਨ ਦੇ ਵਾਧੂ ਵਸੀਲੇ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਖਰਚੇ ਵੀ ਕੰਟਰੋਲ ਕੀਤੇ ਜਾ ਰਹੇ ਹਨ। ਖੇਤੀ ਮਹਿਕਮੇ ਨੂੰ ਹਦਾਇਤ ਕੀਤੀ ਹੈ ਕਿ ਉਹ ਬਾਕੀ ਵਰ੍ਹੇ ਦੇ ਖੇਤੀ ਬਜਟ ਵਿੱਚ 20 ਫੀਸਦੀ ਦੀ ਕਟੌਤੀ ਕਰਕੇ ਨਵੀਂ ਯੋਜਨਾ ਦੇਵੇ। ਸੂਤਰ ਦੱਸਦੇ ਹਨ ਕਿ ਕੇਂਦਰੀ ਤੇ ਰਾਜ ਸਕੀਮਾਂ ਦੇ ਕਰੀਬ 70 ਕਰੋੜ ਰੁਪਏ ਤਾਂ ਥੋੜ੍ਹਾ ਸਮਾਂ ਪਹਿਲਾਂ ਦੋ ਕਿਸ਼ਤਾਂ ਵਿੱਚ ਜਾਰੀ ਕੀਤੇ ਗਏ ਹਨ। ਕੇਂਦਰੀ ਸਕੀਮਾਂ 'ਚ ਵੀ ਰਾਜ ਸਰਕਾਰ ਆਪਣੀ 40 ਫੀਸਦੀ ਹਿੱਸੇਦਾਰੀ ਪਾਉਣ ਤੋਂ ਖੁੰਝ ਜਾਂਦੀ ਹੈ, ਜਿਸ ਕਰਕੇ ਕੇਂਦਰੀ ਸਕੀਮਾਂ ਦਾ ਪੈਸਾ ਵੀ ਪੱਛੜ ਜਾਂਦਾ ਹੈ। ਵਿੱਤ ਵਿਭਾਗ ਨੇ ਹੋਰਨਾਂ ਕਈ ਵਿਭਾਗਾਂ ਨੂੰ ਵੀ ਕਿਫ਼ਾਇਤ ਵਰਤਣ ਵਾਸਤੇ ਆਖਿਆ ਹੈ। ਮੁੱਖ ਮੰਤਰੀ ਵੱਲੋਂ ਇਸ ਮਾਮਲੇ 'ਤੇ ਖ਼ੁਦ ਰੀਵਿਊ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਖੇਤੀ ਮਹਿਕਮਾ ਇਸ ਗੱਲੋਂ ਪ੍ਰੇਸ਼ਾਨ ਹੈ ਕਿ ਕਿਸਾਨਾਂ ਨੂੰ ਕਣਕ 'ਤੇ ਜੋ ਸਬਸਿਡੀ ਹੁਣ ਦੇਣੀ ਸੀ, ਉਹ ਰਾਸ਼ੀ ਵੀ ਅਜੇ ਖ਼ਜ਼ਾਨੇ ਵਿੱਚ ਫਸੀ ਪਈ ਹੈ।

## 5ਵਾਂ 'ਛਣਕਾਟਾ ਵੰਗਾਂ ਦਾ' ਰੰਗਾ-ਰੰਗ ਪ੍ਰੋਗਰਾਮ 7 ਜਨਵਰੀ ਐਤਵਾਰ ਨੂੰ

**ਫਰੀਮਾਂਟ/ਹੁਸਨ ਲੜੋਆ ਬੰਗਾ:** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ. ਐੱਸ ਅਸ਼ੋਕ ਭੌਰਾ ਵਲੋਂ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਅਗਵਾਈ ਹੇਠ 5ਵਾਂ ਛਣਕਾਟਾ ਵੰਗਾਂ ਦਾ 2018' ਰੰਗਾ-ਰੰਗ ਪ੍ਰੋਗਰਾਮ 7 ਜਨਵਰੀ ਐਤਵਾਰ ਨੂੰ ਪੈਰਾਡਾਇਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ, ਫਰੀਮਾਂਟ ਵਿਖੇ ਦੁਪਹਿਰ 12:00 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਕਮੇਡੀ ਕਿੰਗ

ਬਾਕੀ ਸਫ਼ਾ 33 'ਤੇ




Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਵਹਿ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ

*ਬਾਕੀ*

ਪੁਰਖ ਦੇ ਉਪਜੇ ਮਨੁੱਖ ਦੇ ਪਿਆਰ ਅਤੇ ਧਰਮ ਤੇ ਇਖ਼ਲਾਕ ਦੀਆਂ ਉੱਚ ਕਦਰਾਂ-ਕੀਮਤਾਂ ਬਰਕਰਾਰ ਰੱਖਦੇ ਹੋਏ ਯੁੱਧ ਕਰਦੇ ਹਨ। ਜੰਗਾਂ ਜਿੱਤਣ ਉਪ੍ਰੰਤ ਉਹ ਦੁਸ਼ਮਣ ਦੀ ਨਾਰੀ, ਇਸਤਰੀ ਨਾਲ ਵੀ ਇਖ਼ਲਾਕ ਦੀ ਸੀਮਾਂ ਟੱਪਣ ਦੀ ਆਗਿਆ ਨਹੀਂ ਦੇਂਦੇ। ਹੁਸ਼ਿਆਰਪੁਰ ਦੇ ਰੰਘੜਾਂ ਵਲੋਂ ਗੁਰੂ ਦਸ਼ਨਾਂ ਨੂੰ ਆਉਂਦੀ ਸੰਗਤ ਨੂੰ ਲੁੱਟ ਲਿਆ ਗਿਆ। ਮਾਲ ਅਸਬਾਬ ਲੁਟਾ ਕੇ ਸਿੰਘਣੀਆਂ ਦੇ ਬੰਦੀ ਬਣਾ ਲਏ ਜਾਣ 'ਤੇ ਗੁਰੂ ਪਾਤਸਾਹ ਨੂੰ ਸਾਰੀ ਵਿਥਿਆ ਸੁਣਾਈ। ਰੰਘੜਾਂ ਨੂੰ ਸੋਧਣ ਲਈ ਭੇਜਿਆ ਗਿਆ ਸਿੰਘਾਂ ਦਾ ਜਥਾ, ਆਪਣੀਆਂ ਸਿੰਘਣੀਆਂ, ਮਾਲ ਅਸਬਾਬ ਤੇ ਰੰਘੜਾਂ ਦੀਆਂ ਬੇਗਮਾਂ ਵੀ ਚੁੱਕ ਲਿਆਇਆ। ਪਤਾ ਲੱਗਣ 'ਤੇ ਗੁਰੂ ਸਾਹਿਬ ਨੇ ਉਸੇ ਵੇਲੇ ਸਿੰਘਾਂ ਨੂੰ ਤਾੜਨਾ ਕਰਦਿਆਂ ਹੁਕਮ ਕੀਤਾ ਕਿ ਹੁਣੇ ਇਨ੍ਹਾਂ ਨੂੰ ਬਾ-ਇੱਜ਼ਤ ਇਨ੍ਹਾਂ ਦੇ ਘਰੀਂ ਪਹੁੰਚਾ ਕੇ ਆਉ, ਇਸ ਸਬੰਧੀ ਬੜਾ ਰੌਚਕ ਸੰਵਾਦ ਹੈ-

ਪੁਨਿ ਸਿੰਘਨ ਪੂਛੇ ਗੁਨ ਖਾਨੀ
ਸਗਲ ਤੁਰਕ ਭੁਗਵੈ ਹਿੰਦਵਾਨੀ
ਸਿੱਖ ਬਦਲਾ ਲੇ ਭਲਾ ਜਨਾਵੈਂ
ਗੁਰ ਸਾਸ਼ਤ੍ਰ ਕਓਂ ਵਰਜ ਹਟਾਵੈ'

(ਸਿੱਖ ਐਸੇ ਜ਼ਾਲਮ ਹੁਕਮਰਾਨਾਂ ਤੋ ਬਦਲਾ ਲੈਣਾ ਚਾਹੁੰਦੇ ਹਨ ਤਾਂ ਗੁਰੂ ਪਾਤਸ਼ਾਹ ਧਰਮ ਤੇ ਇਖ਼ਲਾਕ ਦੀ ਗੱਲ ਕਹਿ ਕੇ ਸਾਨੂੰ ਕਿਉਂ ਵਰਜਦੇ ਹਨ ?) ਗੁਰੂ ਸਾਹਿਬ ਨੇ ਜੋ ਉੱਤਰ ਦਿੱਤਾ, ਉਹ ਅਧਿਆਤਮਕਤਾ ਅਤੇ ਇਖਲਾਕ ਦੀ ਸਿਖਰ ਹੈ ਜੋ ਕਿਸੇ ਦੁਨਿਆਵੀ ਜੰਗ ਜਿਤਣ ਵਾਲੇ ਨੇ ਨਹੀ ਵਿਖਾਈ ;

ਪੁਨਿ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਨੋ ਪੰਥ ਉਚੇਰੇ।

ਕੋਈ ਭਗਵੰਤ ਰੂਪ ਹੀ ਐਸਾ ਹੋ ਸਕਦਾ ਜੋ ਜੰਗ ਵਿਚ ਆਪਣੇ ਤੀਰਾਂ ਦੀ ਬੁਛਾੜ ਨਾਲ ਜ਼ਖ਼ਮੀ ਹੋਣ ਵਾਲੇ ਦੇ ਇਲਾਜ ਅਤੇ ਮਾਰੇ ਜਾਣ ਵਾਲੇ ਦੇ ਅੰਤਮ ਕਿਰਿਆ ਕਰਮ ਲਈ ਸਵਾ ਸਵਾ ਤੋਲਾ ਸੋਨਾ ਲਗਾਉਂਦਾ ਹੋਵੇ। ਬ੍ਰਹਮ ਗਿਆਨਤਾ ਨੂੰ ਪ੍ਰਾਪਤ ਗੁਰੂ ਪਾਤਸ਼ਾਹ ਦਾ ਇਕ ਸਿੱਖ, ਭਾਈ ਘਨੱਈਆ ਮੈਦਾਨੇ ਜੰਗ ਵਿਚ ਦੁਸ਼ਮਣਾਂ ਨੂੰ ਜਲ ਛਕਾਉਂਦਾ ਹੈ। ਜਦ ਸਿੱਖਾਂ ਨੇ ਸ਼ਿਕਾਇਤ ਕੀਤੀ ਤਾਂ ਭਾਈ ਘਨੱਈਆ ਦਾ ਉੱਤਰ ਪਾਤਸ਼ਾਹ ਮੈਨੂੰ ਤਾਂ ਜੰਗ ਵਿੱਚ ਕੋਈ ਮਿੱਤਰ ਜਾਂ ਦੁਸ਼ਮਣ ਨਹੀਂ ਬਲਕਿ ਆਪ ਹੀ ਨਜ਼ਰ ਆਉਂਦੇ ਹੋ', ਸੁਣ ਪਾਤਸ਼ਾਹ ਨੇ ਮਰਹੱਮ ਪੱਟੀ ਦੀ ਬਖਸਿਸ਼ ਕਰ ਆਦੇਸ਼ ਦਿੱਤਾ, ਹੁਣ ਤੁਸੀਂ ਜਲ ਦੇ ਨਾਲ ਨਾਲ ਮਰਹੱਮ ਪੱਟੀ ਵੀ ਕਰਨੀ ਹੈ। ਰੈੱਡ-ਕਰਾਸ ਸੰਸਥਾ ਤਾਂ ਕਾਫੀ ਬਾਅਦ ਵਿੱਚ ਬਣੀ ਲੇਕਿਨ ਉਹ ਵੀ ਐਸਾ ਆਚਰਣ ਪੈਦਾ ਨਹੀਂ ਕਰ ਸਕੀ ਕਿ ਲੜਨ ਵਾਲੀ ਇਕ ਧਿਰ ਜੰਗ ਦੇ ਮੈਦਾਨ ਵਿੱਚ ਮਿੱਤਰ ਤੇ ਦੁਸ਼ਮਣਾਂ ਨੂੰ ਸਮ ਕਰਕੇ ਜਾਣੇ।

ਜਿਸ ਸਚਿਆਰ ਮਨੁੱਖ ਦਾ ਸੰਕਲਪ ਅਤੇ ਗੁਰਸਿੱਖ ਲੱਭ ਕੇ ਸੰਗਤ ਦੀ ਸਥਾਪਨਾ ਗੁਰੂ ਨਾਨਕ ਸਾਹਿਬ ਨੇ ਪਹਿਲੇ ਜਾਮੇ ਵਿਚ ਕੀਤੀ, ਦਸਵੀਂ ਜੋਤ ਵਿਚ ਉਸੇ ਨੂੰ ਸੰਨ 1699 ਵਿਚ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ। ਇਮਤਿਹਾਨ ਪਾਸ ਕਰਨ ਦੀ ਸ਼ਰਤ ਉਹੀ ਸੀ, ਪਹਿਲਾ ਮਰਣੁ ਕਬੂਲ' ਕੁੱਲ ਆਲਮ ਵਿਚ ਐਸਾ ਕੋਈ ਪੀਰ, ਪੈਗੰਬਰ, ਔਲੀਆ, ਸੰਤ, ਭਗਤ ਨਹੀਂ ਹੋਇਆ, ਜਿਸ ਦਾ ਰੱਬ ਨਾਲ ਇਸ਼ਕ ਐਸਾ ਸਾਦਿਕ ਹੋਇਆ ਹੋਵੇ ਜੈਸਾ 42 ਸਾਲ ਦੀ ਹਯਾਤੀ ਵਿਚ ਗੁਰੂ ਗੋਬਿੰਦ ਸਿੰਘ ਨੇ ਨਿਭਾਇਆ। ਪਰਮ ਪੁਰਖ ਦੇ ਦਾਸ ਵਜੋਂ ਇਹ ਜਗਤ ਤਮਾਸ਼ਾ ਵੇਖਿਆ, ਮਾਣਿਆ, ਧਰਮ ਚਲਾਵਣ, ਦੁਸ਼ਟ ਉਪਾਰਣ ਅਤੇ ਪੰਥ ਪ੍ਰਚੁਰ ਕਰਨ ਦੇ ਅਕਾਲ ਪੁਰਖ ਵਾਹਿਗੁਰੂ ਦੇ ਆਦੇਸ਼ ਨੂੰ ਨਿਭਾਉਣ ਵਿਚ ਸਰਬੰਸ ਵਾਰ ਦਿੱਤਾ। ਦੀਨਾ ਕਾਂਗੜ ਪਹੁੰਚ ਔਰੰਗਜ਼ੇਬ ਨੂੰ ਜਿੱਤ ਦਾ ਇੱਕ ਖ਼ਤ ਅਰਥਾਤ ਜ਼ਫ਼ਰਨਾਮਾ' ਲਿਖ ਭੇਜਿਆ। ਉਸ ਦੇ ਕੀਤੇ ਜ਼ੁਲਮਾਂ ਦੀ ਤਸਵੀਰ ਦਿਖਾਈ ਅਤੇ ਉਸ ਨੂੰ ਦਿੱਲੀ ਤਖ਼ਤ ਦੇ ਅਯੋਗ ਕਰਾਰ ਦੇ ਕੇ ਚੁਣੌਤੀ ਵੀ ਦਿੱਤੀ ਕੀ ਹੋਇਆ, ਜੇ ਤੂੰ ਚਾਰ ਪੁੱਤਰ ਸ਼ਹੀਦ ਕਰ ਦਿੱਤੇ ਅਜੇ ਤਾਂ ਫਨੀਅਰ ਨਾਗ ਦੇ ਰੂਪ ਵਿੱਚ ਮੈਂ ਤੇਰੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਮੌਜੂਦ ਹਾਂ।

ਆਪਣੀ ਜੀਵਨ ਹਯਾਤੀ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਸਾਹਿਬ ਤੋਂ ਹਜ਼ੂਰ ਸਾਹਿਬ ਤੀਕ ਦਾ ਬਿਖਮ ਮਾਰਗ ਤੈਅ ਕੀਤਾ। ਉਪਰੰਤ ਜੀਵਨ ਦੇ ਸਿਖਰ ਵਿਚ ਸਚਖੰਡ ਪਿਆਨਾ ਕਰਨ ਤੋਂ ਪਹਿਲਾਂ ਗੁਰੂ ਪਾਤਸ਼ਾਹ ਆਪਣੀ ਜੋਤ ਗੁਰੂ ਸ਼ਬਦ ਵਿਚ ਰੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਅਤੇ ਉਸ ਦੀ ਹਾਜ਼ਰ ਹਜ਼ੂਰੀ ਵਿਚ ਗੁਰੂ ਪੰਥ ਨੂੰ ਬਖਸ਼ ਦਿੱਤੀ;

ਆਗਯਾ ਭਈ ਅਕਾਲ ਕੀ ਤਬੈ ਚਲਾਇਓ ਪੰਥ
ਸਭਿ ਸਿਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ'।

ਅੱਜ ਦੇ ਬਿਖਮ ਸਮੇਂ ਜਦੋਂ ਅਸੀਂ ਦਸ਼ਮੇਸ਼ ਦੇ ਪੁੱਤਰ ਕਹਾਉਣ ਵਾਲੇ ਸਿੱਖ, ਦੁਨਿਆਵੀ ਪਦਾਰਥਾਂ ਦੇ ਰੰਗ ਵਿਚ ਰੰਗੇ ਨਿਜਪ੍ਰਸਤ ਤੇ ਪਰਿਵਾਰ ਪ੍ਰਸਤ ਹੋ ਕੇ ਗੁਰੂ ਦੀ ਸਿੱਖੀ ਨੂੰ ਵਿਸਾਰ ਰਹੇ ਹਾਂ, ਗੁਰੂ ਦੀ ਨਿਸ਼ਾਨੀ ਕੇਸ ਤੋਂ ਕਿਨਾਰਾ ਕਰ ਰਹੇ ਹਾਂ, ਗੁਰੂਆਂ ਦੀ ਧਰਤੀ 'ਤੇ ਹੀ ਗੁਰੂ ਨੂੰ ਪਿੱਠ ਦੇ ਰਹੇ ਹਾਂ। ਜਿਥੇ ਸਿੱਖ ਸੰਸਥਾਵਾਂ ਨੂੰ ਇਸ ਪਾਸੇ ਵਿਸ਼ੇਸ਼ ਉਪਰਾਲੇ ਕਰਨ ਲਈ ਬੇਨਤੀ ਹੈ, ਉਥੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਚਰਨਾਂ ਵਿਚ ਇਹੀ ਅਰਦਾਸ ਬੇਨਤੀ ਹੈ ਕਿ ਪਾਤਸ਼ਾਹ ਤੁਸਾਂ ਹੀ ਬਚਨ ਕੀਤਾ ਸੀ ;

ਪੰਥ ਖਾਲਸਾ ਖੇਤੀ ਮੇਰੀ ਸਦਾ ਸੰਭਾਲ ਕਰੋਂ ਤਿਸ ਕੇਰੀ'
ਆਪਣੇ ਪੰਥ ਦੀ ਆਪ ਬਹੁੜੀ ਕਰੋ ।।

## 5ਵਾਂ 'ਛਣਕਾਟਾ ਵੰਗਾਂ ਦਾ' ਰੰਗਾ-ਰੰਗ ਪ੍ਰੋਗਰਾਮ 7 ਜਨਵਰੀ ਨੂੰ

ਵਜੋਂ ਜਾਣੇ ਜਾਂਦੇ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਦੇ ਪੰਜਾਬ ਤੋਂ ਉਚੇਚੇ ਤੌਰ ਤੇ ਕੈਲੇਫੋਰਨੀਆਂ ਪੁੱਜਣ ਮੌਕੇ ਅਮੋਲਕ ਸਿੰਘ ਗਾਖਲ, ਸੁਰਜੀਤ ਸਿੰਘ ਟੁੱਟ, ਰਾਣਾ ਟੁੱਟ, ਇੰਦਰਜੀਤ ਸਿੰਘ ਥਿੰਦ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਤੇ ਸੁਰਿੰਦਰ ਮਹੇ ਪਟਵਾਰੀ ਵਲੋਂ ਉਸਦਾ ਸਵਾਗਤ ਕੀਤਾ ਗਿਆ । ਇਸ ਮੌਕੇ ਤੇ ਬੋਲਦਿਆਂ ਗੁਰਦੇਵ ਢਿੱਲੋਂ ਨੇ ਕਿਹਾ ਕਿ ਉਹ ਤਕਰੀਬਨ ਡੇਢ ਦਹਾਕੇ ਪਿੱਛੋਂ ਅਮਰੀਕਾ ਆਏ ਹਨ ਅਤੇ ਹਾਸਿਆਂ ਤੋਂ ਦੂਰ ਹੁੰਦੇ ਜਾ ਰਹੇ ਪੰਜਾਬੀਆਂ ਨੂੰ ਆਪਣੀ ਕਮੇਡੀ ਰਾਹੀਂ ਮਨੋਰੰਜਨ ਪ੍ਰਦਾਨ ਕਰਨ ਦਾ ਯਤਨ ਕਰਨਗੇ। ਪੰਜਾਬ ਦੀ ਉੱਘੀ ਲੋਕ ਗਾਇਕਾ ਅੰਮ੍ਰਿਤਾ ਵਿਰਕ, ਗਾਇਕਾ ਸੋਨਾ ਵਾਲੀਆ ਤੇ ਗਾਇਕ ਸੱਤੀ ਸਤਵਿੰਦਰ ਇਸ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਹੋਣਗੇ। ਅਨੂਪ ਚੀਮਾ, ਸੱਤੀ ਪਾਬਲਾ, ਤਰਲੋਕ ਸਿੰਘ ਵੀ ਆਪਣੀ ਗਾਇਕੀ ਦਾ ਰੰਗ ਬਿਖੇਰਨਗੇ। ਪ੍ਰੋਗਰਾਮ ਦੇ ਟਾਈਟਲ ਗੀਤ ਨੂੰ ਵੀ ਜਯਾ ਸ਼ਰਮਾ ਦੀ ਅਗਵਾਈ ਵਾਲੀ ਡਾਂਸ ਕ੍ਰਿਸ਼ਮਾ ਅਕੈਡਮੀ ਦੀਆਂ ਕਾਲਾਕਾਰਾਂ ਨੇ ਕੋਰੀਓਗ੍ਰਾਫੀ ਦੇ ਰੂਪ ਵਿਚ ਤਿਆਰ ਕੀਤਾ ਹੈ। ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਹੋਵੇਗੀ। ਮੰਚ ਸੰਚਾਲਨ ਸ਼ਕਤੀ ਮਾਣਕ ਕਰੇਗੀ। ਇਸ ਪ੍ਰੋਗਰਾਮ ਦੀ ਕੋਈ ਟਿਕਟ ਜਾਂ ਦਾਖਲਾ ਫੀਸ ਨਹੀਂ ਹੈ। ਇਹ ਨਿਰੋਲ ਸਿਹਤਮੰਦ ਸੰਗੀਤਕ ਪਰਿਵਾਰਕ ਪ੍ਰੋਗਰਾਮ ਹੋਵੇਗਾ।

ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਕਰਨਗੇ। ਸੁੱਖੀ ਬਾਠ 'ਤੇ ਹਰਜਿੰਦਰ ਕੁਮਾਰ ਪਹਿਲਵਾਨ, ਨਛੱਤਰ ਸਿੰਘ ਗੋਸਲ, ਮਨਪ੍ਰੀਤ ਸਿੰਘ ਗੋਸਲ, ਕੁਲਦੀਪ ਸਿੰਘ ਘੁੰਮਣ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋ ਰਹੇ ਹਨ।

# ਜਗਮੀਤ ਸਿੰਘ ਤੇ ਸਤਿੰਦਰ ਸਰਤਾਜ ਨੂੰ 50 ਉੱਘੇ ਏਸ਼ੀਅਨਾਂ 'ਚ ਹੋਣ ਦਾ ਮਾਣ



Ravinder Singh Bhalla
MAYOR, HOBOKEN, NEW JERSEY



Amandeep Singh
GRAPHIC ILLUSTRATOR : ARTIST



Rupi Kaur
AUTHOR : POETESS : SPOKEN WORD PERFORMER



Nikki Brar
TRANSGENDER CHILD



Manushi Chhillar
MISS WORLD 2017



Palbinder Kaur Shergill
SUPREME COURT JUDGE, CANADA



Raju Sethi
PRESIDENT/CEO, ASIAN VARIETY SHOW (AVS)



Preet Didbal
MAYOR, YUBA CITY, CALIFORNIA



Satnam Singh
PROFESSIONAL BASKETBALL PLAYER



Kamala Harris
JUNIOR SENATOR, CALIFORNIA, USA



Virat Kohli
CAPTAIN, INDIAN CRICKET TEAM



Karan Brar
ACTOR



Valerie Kaur
DOCUMENTARY FILMMAKER : CIVIL RIGHTS ACTIVIST : SIKH INTERFAITH LEADER : LAWYER

*ਸਫ਼ਾ ਇਕ ਦੀ ਬਾਕੀ*

ਹੋਣਾ ਸਿੱਖ ਭਾਈਚਾਰੇ ਲਈ ਵੱਡੀ ਪ੍ਰਾਪਤੀ ਹੈ। ਇਸ ਸਨਮਾਨ ਲਈ ਚੁਣੇ ਵਾਲੇ ਸਭਨਾਂ ਵਿਅਕਤੀਆਂ ਨੇ ਆਪੋ ਅਪਣੇ ਖੇਤਰਾਂ ਵਿੱਚ ਲੰਮੀ ਜਦੋ ਜ਼ਹਿਦ ਤੇ ਕਰੜੀਆਂ ਘਾਲਨਾਵਾਂ ਘਾਲ ਕੇ ਪ੍ਰਬੀਨਤਾ ਹਾਸਲ ਕੀਤੀ ਹੈ। ਵਰਨਣਯੋਗ ਹੈ ਕਿ ਵਰ੍ਹਿਆਂ ਤੋਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣੇ ਆ ਰਹੇ ਸਤਿੰਦਰ ਸਰਤਾਜ ਨੇ ਪਿਛਲੇ ਸਾਲ ਸਿੱਖ ਰਾਜ ਦੇ ਆਖ਼ਰੀ ਮਹਾਰਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਉੱਤੇ ਬਣੀ ਬਹੁ ਚਰਚਿਤ ਹਾਲੀਵੁੱਡ ਇਤਿਹਾਸਕ ਫਿਲਮ ਦ ਬਲੈਕ ਪ੍ਰਿੰਸ ਵਿੱਚ ਨਾਇਕ ਦਾ ਕਿਰਦਾਰ ਨਿਭਾਉਂਦਿਆਂ ਅਪਣੀ ਅਦਾਕਾਰੀ ਰਾਹੀਂ ਕਾਂਸ ਫਿਲਮ ਮੇਲੇ ਦੇ ਰੈੱਡ ਕਾਰਪਟ ਉੱਤੇ ਪਹੁੰਚਣ ਵਾਲੇ ਸਿੱਖ ਵਜੋਂ ਵੀ ਭਾਈਚਾਰੇ ਨੂੰ ਆਲਮੀ ਸਨਮਾਨ ਦਿਵਾਇਆ।

50 ਉੱਘੇ ਏਸ਼ੀਅਨਾਂ ਦੀ ਹਾਲ ਵਿੱਚ ਵੀ ਜਾਰੀ ਹੋਈ ਇਸ ਅਹਿਮ ਸੂਚੀ ਵਿੱਚ ਸਭ ਤੋਂ ਚੋਟੀ ਉੱਤੇ ਬਾਲੀਬੁੱਡ ਤੋਂ ਹਾਲੀਬੁੱਡ ਤੱਕ ਦਾ ਲੰਮਾ ਸਫ਼ਰ ਕਰਨ ਵਾਲੀ ਫਿਲਮ ਐਕਟਰ ਪ੍ਰਿਯੰਕਾ ਚੋਪੜਾ ਹੈ ਜਦੋਂ ਕਿ ਐਮੀ ਅਵਾਰਡ ਜਿੱਤਣ ਵਾਲੇ ਪਹਿਲੇ ਮੁਸਲਿਮ ਤੇ ਦੱਖਣ-ਏਸ਼ੀਆਈ ਐਕਟਰ ਤੇ ਰੈਪਰ ਰਿਆਜ਼ ਅਹਿਮਦ ਨੂੰ ਇਸ ਸੂਚੀ 'ਚ ਦੂਜੇ ਸਥਾਨ ਉੱਤੇ ਆਉਣ ਦਾ ਸ਼ੁਭਾਗ ਮਿਲਿਆ ਹੈ। ਕ੍ਰਿਕਟ ਜਗਤ ਵਿੱਚ ਇਸ ਮੌਕੇ ਚੋਟੀ ਦੇ ਖਿਡਾਰੀ ਵਜੋਂ ਗੁੱਡੀ ਚਾੜ੍ਹੀ ਆ ਰਹੇ ਵਿਰਾਟ ਕੋਹਲੀ ਨੇ ਤੀਜੀ ਥਾਂ ਪੱਕੀ ਕੀਤੀ। ਭਾਰਤ ਦੇ ਹਰਿਆਣਾ ਸੂਬੇ ਦੀ ਜੰਮਪਲ ਤੇ ਮਿੱਸ ਵਰਲਡ 2017 ਦਾ ਖਿਤਾਬ ਜਿੱਤਣ ਵਾਲੀ ਮਾਨੁਸ਼ੀ ਛਿਲਰ, ਟੋਰਾਂਟੋ ਰਹਿੰਦੀ ਨੌਜਵਾਨ ਕਵਿਤਰੀ ਰੂਪੀ ਕੌਰ, ਨਿਊਜਰਸੀ ਦੇ ਹਬੋਕਨ ਸ਼ਹਿਰ ਦਾ ਪਹਿਲਾ ਮੇਅਰ ਬਣਨ ਦਾ ਸੁਭਾਗ ਪ੍ਰਾਪਤ ਕਰਨ ਵਾਲੇ ਰਵਿੰਦਰ ਸਿੰਘ ਭੱਲਾ, ਕਨੇਡਾ ਦੀ ਪਹਿਲੀ ਦਸਤਾਰਧਾਰੀ ਸਿੱਖ ਜੱਜ ਪਲਬਿੰਦਰ ਕੌਰ ਸ਼ੇਰਗਿੱਲ, ਯੂਬਾ ਸਿਟੀ ਸ਼ਹਿਰ ਦੀ ਪਹਿਲੀ ਅਮਰੀਕੀ ਸਿੱਖ ਮਹਿਲਾ ਮੇਅਰ ਪ੍ਰੀਤ ਡਿਡਬਾਲ, ਕੈਲੀਫੋਰਨੀਆਂ ਦੀ ਪਹਿਲੀ ਮਹਿਲਾ ਅਟਾਰਨੀ ਜਨਰਲ ਬਣਨ ਵਾਲੀ ਸੈਨੇਟਰ ਕਮਲਾ ਦੇਵੀ ਹੈਰਿਸ, ਅਮਰੀਕੀ ਸਿੱਖ ਫਿਲਮਕਾਰ ਵਲੇਰੀ ਸਿੰਘ, ਐਨ ਬੀ ਏ ਵਲੋਂ ਚੁਣੇ ਪੇਸ਼ਾਵਰ ਸਿੱਖ ਫੁਟਬਾਲ ਖਿਡਾਰੀ ਸਤਨਾਮ ਸਿੰਘ, ਇੰਗਲੈਂਡ ਵਿਚਲੇ ਗਰਾਫਿਕ ਕਲਾਕਾਰ ਅਮਨਦੀਪ ਸਿੰਘ, ਅਮਰੀਕਾ 'ਚ ਜੰਮੇ ਨੌਜਵਾਨ ਫਿਲਮ ਅਦਾਕਾਰ ਕਰਨ ਬਰਾੜ ਅਤੇ ਵਰਜੀਨੀਆ ਵਾਸੀ ਏਸ਼ੀਅਨ ਵਰਾਇਟੀ ਸ਼ੋਅ ਵਾਲੇ ਰਾਜੂ ਸੇਠੀ, ਬਹਾਦਰ ਟਰਾਂਸਜੈਡਰ ਨਿੱਕੀ ਬਰਾੜ ਇਨ੍ਹਾਂ ਸਨਮਾਨਯੋਗ ਏਸ਼ੀਅਨਾਂ 'ਚ ਸ਼ਾਮਲ ਹਨ।

## ਜਾਂਚ ਲਈ ਭੇਜੀ ਜਾਧਵ ਦੀ ਪਤਨੀ ਦੀ ਜੁੱਤੀ

ਜਾਰੀ ਕੀਤੇ ਬਿਆਨ 'ਚ ਵਿਦੇਸ਼ ਦਫ਼ਤਰ ਨੇ ਜੁੱਤੀ ਵਿੱਚੋਂ 'ਧਾਤ ਦੀ ਵਸਤੂ' ਮਿਲਣ ਦਾ ਜ਼ਿਕਰ ਨਹੀਂ ਕੀਤਾ ਸੀ ਅਤੇ ਮਹਿਜ਼ ਇਹ ਕਿਹਾ ਸੀ ਕਿ ਜੁੱਤੀ ਵਿੱਚ 'ਕੁੱਝ' ਸੀ। ਜਾਧਵ ਦੀ ਪਤਨੀ ਤੇ ਮਾਂ ਨੂੰ ਪ੍ਰੇਸ਼ਾਨ ਕੀਤੇ ਜਾਣ ਵਾਲੇ ਭਾਰਤੀ ਦਾਅਵਿਆਂ ਨੂੰ ਪਾਕਿਸਤਾਨ ਨੇ 'ਨਿਰਆਧਾਰ' ਦੱਸ ਕੇ ਰੱਦ ਕਰ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕੱਲ੍ਹ ਬਿਆਨ 'ਚ ਕਿਹਾ ਸੀ ਕਿ ਪਾਕਿਸਤਾਨ ਨੇ ਜਾਧਵ ਨਾਲ ਮੁਲਾਕਾਤ ਤੋਂ ਪਹਿਲਾਂ ਉਸ ਦੀ ਪਤਨੀ ਅਤੇ ਮਾਂ ਦਾ ਮੰਗਲ ਸੂਤਰ, ਚੂੜੀਆਂ ਅਤੇ ਬਿੰਦੀ ਵੀ ਉਤਰਵਾ ਦਿੱਤੀ ਸੀ। ਭਾਰਤ ਨੇ ਪਾਕਿ 'ਤੇ ਸੁਰੱਖਿਆ ਦੇ ਨਾਂ ਉਤੇ ਇਸ ਪਰਿਵਾਰ ਦੀਆਂ ਧਾਰਮਿਕ ਭਾਵਨਾਵਾਂ ਅਤੇ ਸੱਭਿਆਚਾਰ ਦਾ ਅਪਮਾਨ ਕਰਨ ਦਾ ਦੋਸ਼ ਵੀ ਲਾਇਆ ਸੀ। ਪਾਕਿ ਵਿਦੇਸ਼ ਦਫ਼ਤਰ ਨੇ ਕਿਹਾ, 'ਜੇਕਰ ਭਾਰਤ ਦੇ ਇਤਰਾਜ਼ ਐਨੇ ਗੰਭੀਰ ਸਨ ਤਾਂ ਮਹਿਮਾਨਾਂ ਜਾਂ ਭਾਰਤੀ ਡਿਪਟੀ ਹਾਈ ਕਮਿਸ਼ਨਰ ਨੂੰ ਉਸੇ ਵੇਲੇ ਮੀਡੀਆ, ਜੋ ਮੌਕੇ 'ਤੇ ਮੌਜੂਦ ਸੀ ਪਰ ਉਸ ਨੂੰ ਭਾਰਤ ਦੀ ਬੇਨਤੀ 'ਤੇ ਕੁੱਝ ਦੂਰ ਰੋਕਿਆ ਗਿਆ ਸੀ, ਕੋਲ ਉਠਾਉਣਾ ਚਾਹੀਦਾ ਸੀ। ਅਸੀਂ ਬੇਅਰਥੀ ਸ਼ਬਦੀ ਜੰਗ 'ਚ ਨਹੀਂ ਉਲਝਣਾ ਚਾਹੁੰਦੇ।'

# ਹੱਸਣਾ ਜ਼ਰੂਰ ਚਾਹੀਦੈ

ਹਾਸਾ ਪ੍ਰਾਕਿਰਤੀ ਦਾ ਅਨਮੋਲ ਉਪਹਾਰ ਹੈ। ਅੱਜਕੱਲ੍ਹ ਦੀ ਤਣਾਓ ਭਰੀ ਜ਼ਿੰਦਗੀ ਵਿਚ ਮਨੁੱਖ ਨੂੰ ਥੋੜ੍ਹਾ-ਥੋੜ੍ਹਾ ਹੱਸਣਾ ਨਹੀਂ ਸਗੋਂ ਵੱਧੋ-ਵੱਧ ਹੱਸਣਾ ਜ਼ਰੂਰ ਚਾਹੀਦੈ। ਹਾਸਾ ਸਰੀਰ ਦੇ ਕਈ ਰੋਗਾਂ ਨੂੰ ਦੂਰ ਕਰਦਾ ਹੈ। ਬੇਖੌਫ ਹੋ ਕੇ ਹੱਸਣਾ ਜ਼ੂਰਰ ਚਾਹੀਦੈ। ਖਚਰੀ ਹਾਸੀ ਜਿਹੜੀ ਬੁੱਲ ਚਬਾ ਕੇ ਹੱਸੀ ਜਾਂਦੀ ਹੈ ਉਹ ਠੀਕ ਨਹੀਂ ਕਿਉਂਕਿ ਇਸ ਨਾਲ ਤਣਾਓ ਵੱਧ ਜਾਂਦਾ ਹੈ। ਹਾਸਾ ਉਹ ਜਿਹੜਾ ਦਿਲੋਂ ਨਿਕਲੇ, ਜਿਸ ਨਾਲ ਢਿੱਡ ਤੱਕ ਦੀ ਕਸਰਤ ਹੋਵੇ। ਹਾਸੇ ਕਿਸੇ ਨੂੰ ਰੁਲਾਉਣ ਲਈ ਨਹੀਂ ਸਗੋਂ ਚੰਗਾ ਮਾਹੌਲ ਬਣਾਉਣ ਦੇ ਲਈ ਹੋਵੇ। ਸਭ ਨੂੰ ਹਾਸੇ ਵਿਚ ਸ਼ਾਮਲ ਕਰਨ ਦਾ ਯਤਨ ਕੀਤਾ ਜਾਵੇ ਨਾ ਕਿ ਹਾਸੇ ਨਾਲ ਕਿਸੇ ਦੂਜੇ ਦਾ ਮਖੌਲ ਬਣਾਇਆ ਜਾਵੇ। ਲਾਫਟਰ ਕਲੱਬਾਂ ਦਾ ਹਾਸਾ ਮਾੜਾ ਨਹੀਂ ਪ੍ਰੰਤੂ ਉਹ ਹਾਸਾ ਕਾਹਦਾ ਜਿਹੜਾ ਵਨ, ਟੂ, ਥਰੀ ਕਰ ਕੇ ਹੱਸਿਆ ਜਾਵੇ। ਇਸ ਤਰ੍ਹਾਂ ਦੇ ਨਕਲੀ ਹਾਸੇ ਸਰੀਰ ਨੂੰ ਓਨਾ ਫਾਇਦਾ ਨਹੀਂ ਦਿੰਦੇ ਜਿੰਨਾ ਢਿੱਡੋਂ ਨਿਕਲੇ ਹਾਸੇ ਸਰੀਰ ਨੂੰ ਕਸਰਤ ਦੇ ਰੂਪ ਵਿਚ ਫਾਇਦਾ ਦਿੰਦੇ ਹਨ। ਹਾਸਾ ਦਿਲ ਦੀ ਸਰਵੋਤਮ ਕਸਰਤ ਹੈ। ਇਹ ਟੀ-ਸੈੱਲਾਂ ਦੀ ਸੰਖਿਆ ਵਿਚ ਵਾਧਾ ਕਰਦਾ ਹੈ। ਹਾਸੇ ਨੂੰ ਵੱਧੋ-ਵੱਧ ਮਹਿਫਲਾਂ ਦਾ ਸ਼ਿੰਗਾਰ ਬਣਾਇਆ ਜਾਵੇ। ਹੱਸਣ ਨਾਲ ਤਣਾਓ ਨੂੰ ਜਨਮ ਦੇਣ ਵਾਲੇ ਹਾਰਮੋਨਜ਼ ਘੱਟਦੇ ਹਨ। ਹੱਸਣ ਦੇ ਨਾਲ ਚਿਹਰੇ ਅਤੇ ਹੱਡੀਆਂ ਦੀ ਵੀ ਕਸਰਤ ਹੁੰਦੀ ਹੈ। ਹੱਸਣ ਦੇ ਨਾਲ ਐਂਟੀ ਬਾਡੀ ਇਮਿਊਨੋਗਲੋਬਯੂਲਿਨ 'ਏ' ਦੀ ਮਾਤਰਾ ਵੱਧਦੀ ਹੈ। ਸਾਹ ਦੀ ਨਲੀ ਦੀ ਇਨਫੈਕਸ਼ਨ ਦੂਰ ਹੁੰਦੀ ਹੈ।

ਹਾਸਾ ਸਰੀਰ ਦੇ ਅੰਦਰ ਮੌਜੂਦ ਨੈਚੁਰਲ ਕਿੱਲਰ ਸੈੱਲਾਂ ਦਾ ਵਾਧਾ ਕਰਦਾ ਹੈ ਜਿਹੜੇ ਵਾਇਰਸ ਨਾਲ ਪੈਦਾ ਹੋਣ ਵਾਲੇ ਰੋਗਾਂ ਅਤੇ ਟਿਊਮਰ ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ। ਹੱਸਦਾ ਚਿਹਰਾ ਇਕ ਸਕਾਰਾਤਮਕ ਛਵੀ ਪ੍ਰਦਾਨ ਕਰਦਾ ਹੈ ਅਤੇ ਦੂਜਿਆਂ ਨੂੰ ਆਪਣੇ ਨਾਲ ਜੋੜਦਾ ਹੈ। ਹੱਸਣ ਦੇ ਨਾਲ ਤਣਾਓ ਪੈਦਾ ਕਰਨ ਵਾਲੇ ਹਾਰਮੋਨਜ਼ ਘੱਟਦੇ ਹਨ। ਆਮ ਕਿਹਾ ਜਾਂਦਾ ਹੈ ਕਿ ਹਾਸੇ ਉਤੇ ਕੋਈ ਟੈਕਸ ਨਹੀਂ ਲੱਗਦਾ। ਨਾ ਹੀ ਇਸ ਤਰ੍ਹਾਂ ਦੇ ਟੈਕਸ ਦੀ ਕੋਈ ਭਵਿੱਖ ਵਿਚ ਉਮੀਦ ਕੀਤੀ ਜਾਂਦੀ ਹੈ। ਹੱਸਣ ਦੇ ਨਾਲ ਦਿਲਾਂ ਵਿਚ ਭਰੀ ਹੋਈ ਕੜਵਾਹਟ ਦੂਰ ਹੋ ਜਾਂਦੀ ਹੈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਵਿਚ ਬੈਠੇ ਉਦੋਂ ਬਰੇਕ ਲਗਾ ਲੈਣੀ ਚਾਹੀਦੀ ਹੈ ਜਦੋਂ ਹਾਸਾ ਅੱਖਾਂ ਵਿਚੋਂ ਹੰਝੂ ਕੱਢਣ ਲੱਗੇ। ਹਰ ਚੀਜ਼ ਇਕ ਸੀਮਾ ਤੱਕ ਹੀ ਹੁੰਦੀ ਹੈ। ਹਾਸਾ ਹਮੇਸ਼ਾਂ ਦੁਖਾਂ ਨੂੰ ਦੂਰ ਕਰਦਾ ਹੈ। ਦੁਖ ਭੁਲਾ ਦਿੰਦਾ ਹੈ। ਨਵੇਂ ਦੋਸਤ ਬਣਾਉਂਦਾ ਹੈ। ਖ਼ੁਸ਼ੀ ਦਾ ਮਾਹੌਲ ਪੈਦਾ ਕਰਦਾ ਹੈ। ਸਰੀਰ ਦੇ ਲਈ ਹਾਸਾ ਕਿਸੇ ਦਵਾਈ ਤੋਂ ਘੱਟ ਨਹੀਂ ਹੈ। ਨਕਲੀ ਹਾਸਾ ਸਿਹਤ ਲਈ ਖਤਰਨਾਕ ਹੁੰਦਾ ਹੈ। ਚੁਟਕਲੇ ਹਾਸਿਆਂ ਦੀ ਵਿਰਾਸਤ ਹਨ। ਹਾਸਾ ਗੁਣਕਾਰੀ ਹੈ ਨਾ ਹੱਸਣਾ ਵਿਨਾਸ਼ਕਾਰੀ ਹੋ ਸਕਦਾ ਹੈ। ਡਾਕਟਰਾਂ ਅਨੁਸਾਰ ਹਾਸਾ ਸਰੀਰ ਲਈ ਪ੍ਰਾਕਿਰਤਕ ਇਲਾਜ ਹੈ। ਲਾਫਿੰਗਬੁੱਧਾ ਹਾਸੇ ਲਈ ਪ੍ਰਸਿੱਧ ਰਹੇ ਹਨ। ਦੋਸਤਾਂ ਵਿਚ ਬੈਠ ਕੇ ਸਾਂਝੇ ਰੂਪ ਵਿਚ ਹਾਸਾ ਠੱਠਾ ਕਰਨਾ ਆਪਣੇ ਆਪ ਵਿਚ ਇਕ ਦੂਜੇ ਦਾ ਸੁਆਗਤ ਕਿਹਾ ਜਾਂਦਾ ਹੈ।

-ਪੀ.ਪੀ. ਵਰਮਾ



# ਬਾਬੇ ਦੇ ਘਰੇਲੂ ਨੁਸਖੇ

× ਸੁੱਕੇ ਆਂਵਲੇ ਨੂੰ ਰਾਤ ਭਰ ਪਾਣੀ ਵਿਚ ਭਿਓਂ ਕੇ ਸਵੇਰੇ ਉਸ ਦੇ ਪਾਣੀ ਨਾਲ ਅੱਖਾਂ ਤੇ ਸਿਰ ਧੋਣ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਵਾਲ ਕਾਲੇ ਮਜ਼ਬੂਤ ਤੇ ਚਮਤਕਾਰ ਬਣਦੇ ਹਨ ਅਤੇ ਝੜਨੋਂ ਹੱਟ ਜਾਂਦੇ ਹਨ।

× ਆਂਵਲੇ ਦੇ ਮੁਰੱਬੇ ਦੀ ਵਰਤੋਂ ਕਰਨ ਨਾਲ ਦਿਲ ਮਜ਼ਬੂਤ ਹੁੰਦਾ ਹੈ ਅਤੇ ਪੇਟ ਦੀਆਂ ਬੀਮਾਰੀਆਂ ਤੋਂ ਬਚਾਅ ਹੁੰਦਾ ਹੈ।



× ਬੱਚਿਆਂ ਲਈ ਆਂਵਲੇ ਦਾ ਚੂਰਨ ਤੇ ਸ਼ਹਿਦ ਬਹੁਤ ਲਾਹੇਵੰਦ ਹੈ।

× ਰੋਜ਼ਾਨਾ ਤਾਜ਼ਾ ਆਂਵਲਾ ਚਿੱਥ ਕੇ ਖਾਣ ਨਾਲ ਦੰਦਾਂ ਸਬੰਧੀ ਨੁਕਸ ਦੂਰ ਹੁੰਦੇ ਹਨ।

× ਤਾਜ਼ਾ ਆਂਵਲੇ ਦਾ ਰਸ ਚੂਸਣ ਨਾਲ ਸ਼ੂਗਰ ਦੇ ਰੋਗੀਆਂ ਨੂੰ ਫਾਇਦਾ ਮਿਲਦਾ ਹੈ।

× ਰੋਟੀ ਤੋਂ ਬਾਅਦ ਗੁੜ ਖਾਣ ਨਾਲ ਰੋਟੀ ਹਜ਼ਮ ਹੋ ਜਾਂਦੀ ਹੈ ਅਤੇ ਖ਼ੂਨ ਵਧੇਗਾ।

× ਪਪੀਤਾ ਅਤੇ ਮੂਲੀ ਸਿਹਤ ਲਈ ਬਹੁਤ ਗੁਣਕਾਰੀ ਹੈ।

× ਜੇਕਰ 2-3 ਦਿਨ ਤੋਂ ਬੁਖਾਰ ਜਾਂ ਗਲਾ ਖਰਾਬ ਹੋਵੇ ਤਾਂ ਤੁਲਸੀ ਦੇ ਪੱਤੇ ਚਾਹ ਵਿਚ ਪਾ ਕੇ ਪੀਓ।

× ਤੁਲਸੀ ਦੇ ਪੱਤੇ ਪੀਣ ਨਾਲ ਜ਼ੁਕਾਮ, ਸਿਰਦਰਦ, ਪੁਰਾਣੀ ਖਾਂਸੀ ਅਤੇ ਪੇਟ ਦੀਆਂ ਬੀਮਾਰੀਆਂ ਸਭ ਠੀਕ ਹੋ ਜਾਂਦੀਆਂ ਹਨ।



× ਆਂਵਲੇ ਦਾ ਪਾਊਡਰ ਸਵੇਰੇ-ਸ਼ਾਮ 1-1 ਚਮਚਾ ਪਾਣੀ ਨਾਲ ਲੈਣ ਨਾਲ ਬਵਾਸੀਰ ਤੋਂ ਛੁਟਕਾਰਾ ਮਿਲੇਗਾ।

× ਜੇਕਰ ਕਿਸੇ ਨੂੰ ਖ਼ੂਨੀ ਬਵਾਸੀਰ ਹੋਵੇ ਉਹ ਆਂਵਲੇ ਦਾ ਪ੍ਰਯੋਗ ਜ਼ਿਆਦਾ ਕਰੇ, ਦਹੀਂ, ਲੱਸੀ, ਗੁੜ ਦਾ ਪ੍ਰਯੋਗ ਜ਼ਿਆਦਾ ਕਰੇ।

× ਜੇਕਰ ਬਵਾਸੀਰ ਦਾ (ਮਹੁਕਾ) ਹੋ ਜਾਵੇ ਤਾਂ ਘਰ ਵਿਚ ਮੱਖਣ ਬਣਾ ਕੇ ਉਸ ਨੂੰ ਚੁੰਨੀ ਜਾਂ ਮਲਮਲ ਦੇ ਪਤਲੇ ਕੱਪੜੇ ਵਿਚ ਪਾ ਕੇ 50-60 ਵਾਰ ਧੋ ਕੇ ਮਹੁਕੇ 'ਤੇ ਸਵੇਰੇ-ਸ਼ਾਮ ਲਗਾਉਣ ਨਾਲ ਮਹੁਕਾ ਖਤਮ ਹੋ ਜਾਵੇਗਾ।

- ਕਰਮ ਸਿੰਘ ਮਾਂਗੇਵਾਲ



# ਨਵਜੰਮੇ ਬੱਚੇ ਨਾਲ ਸਬੰਧਤ ਜਾਣਕਾਰੀ

ਅਕਸਰ ਸਾਰੇ ਨਵਜਾਤ ਬੱਚਿਆਂ ਦੀਆਂ ਅੱਖਾਂ ਦਾ ਰੰਗ ਜਨਮ ਸਮੇਂ ਹਲਕਾ ਨੀਲਾ ਜਾਂ ਹਰੇਪਣ ਵਿੱਚ ਹੁੰਦਾ ਹੈ। ਅੱਖਾਂ ਦਾ ਸਥਾਈ ਰੰਗ ਅਗਲੇ ਮਹੀਨਿਆਂ 'ਚ ਉਭਰਦਾ ਹੈ। ਦਸ ਵਿੱਚੋਂ ਚਾਰ ਬੱਚੇ ਜ਼ਰੂਰ ਕਿਸੇ ਨਾ ਕਿਸੇ ਜਨਮ ਚਿੰਨ੍ਹ ਨਾਲ ਪੈਦਾ ਹੁੰਦੇ ਹਨ। ਇੱਕ ਹਫ਼ਤੇ ਦੇ ਬਾਅਦ ਬੱਚਾ ਸਰੀਰਕ ਗੰਧ ਨਾਲ ਆਪਣੀ ਮਾਂ ਨੂੰ ਪਛਾਣਨ ਲੱਗਦਾ ਹੈ। ਜਨਮ ਤੋਂ ਹੀ ਬੱਚਾ ਮਨੁੱਖ ਦੀ ਆਵਾਜ਼ ਵੱਲ ਆਕਰਸ਼ਿਤ ਹੁੰਦਾ ਹੈ। ਵਿਸ਼ੇਸ਼ ਕਰਕੇ ਇੱਕ ਔਰਤ ਦੀ ਆਵਾਜ਼ ਨਾਲ ਭਿੰਨ-ਭਿੰਨ ਆਵਾਜ਼ਾਂ ਦਾ ਅੰਤਰ ਵੀ ਬੱਚਾ ਬਹੁਤ ਜਲਦੀ ਸਮਝਣ ਲੱਗਦਾ ਹੈ। ਨਵਜਾਤ ਬੱਚੇ ਦੀ ਨਜ਼ਰ ਬਹੁਤ ਕਮਜ਼ੋਰ ਹੁੰਦੀ ਹੈ। ਉਸ ਦੀਆਂ ਨਿਗਾਹ 20 ਸੈਂਟੀਮੀਟਰ ਦੀ ਦੂਰੀ ਉਤੇ ਕਿਸੇ ਚੀਜ਼ 'ਤੇ ਕੇਂਦਰਿਤ ਰਹਿੰਦੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਬੱਚਾ ਤੁਹਾਨੂੰ ਦੇਖੇ ਤਾਂ ਤੁਹਾਨੂੰ ਬੱਚੇ ਦੇ ਬਹੁਤ ਨਜ਼ਦੀਕ ਜਾਣਾ ਪਵੇਗਾ। ਪੁਰਾਣੀਆਂ ਧਾਰਨਾਵਾਂ ਗ਼ਲਤ ਹਨ ਕਿ ਬੱਚਾ ਰੰਗਭੇਦ ਨਹੀਂ ਸਮਝਦਾ। ਉਸ ਨੂੰ ਗੂੜ੍ਹੇ ਰੰਗ ਵਿਸ਼ੇਸ਼ ਕਰਕੇ ਲਾਲ ਤੇ ਨੀਲਾ ਰੰਗ ਪਸੰਦ ਆਉਂਦਾ ਹੈ। ਬੱਚਾ ਸੌਂਦੇ ਸਮੇਂ ਨਿੱਛ (ਛਿੱਕ) ਮਾਰਦਾ ਹੈ ਜਾਂ ਕਦੇ ਵੱਡਿਆਂ ਦੀ ਤਰ੍ਹਾਂ ਊਂਘਦਾ ਹੈ। ਇਸ ਤਰ੍ਹਾਂ ਮਸੂੜੇ ਸਾਫ਼ ਹੋ ਜਾਂਦੇ ਹਨ ਅਤੇ ਉਸ ਨੂੰ ਸਾਹ ਲੈਣ 'ਚ ਤਕਲੀਫ਼ ਨਹੀਂ ਹੁੰਦੀ। ਕੁਝ ਮਹੀਨਿਆਂ ਬਾਅਦ ਸਰਦੀ ਦੇ ਕਾਰਨ ਨੱਕ ਬੰਦ ਹੋਣ ਦੀ ਹਾਲਤ ਵਿੱਚ ਉਹ ਮੂੰਹ ਨਾਲ ਸਾਹ ਲੈਣ ਲੱਗਦਾ ਹੈ। ਇਸ ਲਈ ਘਰ ਦਾ ਵਾਤਾਵਰਨ ਜਿੱਥੋਂ ਤਕ ਹੋ ਸਕੇ, ਧੂੜ ਤੇ ਧੂੰਏਂ ਤੋਂ ਮੁਕਤ ਰੱਖੋ। ਨਵਜਾਤ ਬੱਚਾ ਇੱਕ ਦਿਨ ਵਿੱਚ 15 ਤੋਂ 20 ਘੰਟੇ ਤਕ ਨੀਂਦ ਲੈਂਦਾ ਹੈ ਉਸ ਦੇ ਸੌਣ ਦੀ ਪ੍ਰਕਿਰਿਆ 20 ਮਿੰਟ ਤੋਂ 5 ਘੰਟੇ ਹੁੰਦੀ ਹੈ। ਇੱਕ 3.4 ਗ੍ਰਾਮ ਵਜ਼ਨ ਦਾ ਬੱਚਾ 10 ਮਿਲੀਲਿਟਰ ਦੁੱਧ ਪੀ ਸਕਦਾ ਹੈ। ਇਹੀ ਕਾਰਨ ਹੈ ਕਿ 10 ਫ਼ੀਸਦੀ ਬੱਚੇ ਅਕਸਰ ਆਹਾਰ ਲੈਣ ਤੋਂ ਬਾਅਦ ਉਲਟੀ ਕਰ ਦਿੰਦੇ ਹਨ। ਇਸ ਲਈ ਡਾਕਟਰ ਨਿਯਮਤ ਫ਼ਰਕ 'ਤੇ ਥੋੜ੍ਹਾ-ਥੋੜ੍ਹਾ ਦੁੱਧ ਦੇਣ ਦੀ ਸਲਾਹ ਦਿੰਦੇ ਹਨ। ਹੌਲੀ-ਹੌਲੀ ਬੱਚੇ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਜਾਂਦੀ ਹੈ। ਸਰਦੀ, ਜ਼ੁਕਾਮ, ਖਾਂਸੀ ਨਾਲ ਉਹ ਤੁਰੰਤ ਬੀਮਾਰ ਹੋ ਜਾਂਦਾ ਹੈ। ਇਸ ਲਈ ਇਹ ਬਿਹਤਰ ਹੋਵੇਗਾ ਕਿ ਜਿਸ ਵਿਅਕਤੀ ਨੂੰ ਸਰਦੀ-ਜ਼ੁਕਾਮ ਆਦਿ ਹੋਵੇ, ਉਹ ਬੱਚੇ ਤੋਂ ਦੂਰ ਰਹੇ।

ਅਕਸਰ ਦੇਖਿਆ ਗਿਆ ਹੈ ਕਿ ਜਨਮ ਦੇ ਪਹਿਲੇ ਸਾਲ ਬੱਚੇ ਦਾ ਭਾਰ ਤੇਜ਼ ਗਤੀ ਨਾਲ ਵਧਦਾ ਹੈ। ਬੱਚਾ ਭਾਰ ਵਿੱਚ ਤਿੰਨ ਗੁਣਾ ਤੇ ਕੱਦ 'ਚ 50 ਸੈਂਟੀਮੀਟਰ ਤਕ ਵਧ ਸਕਦਾ ਹੈ। ਦਿਮਾਗ ਦੇ ਵਿਕਾਸ ਵਿੱਚ ਦੁੱਗਣਾ ਵਾਧਾ ਹੁੰਦਾ ਹੈ, ਇਸ ਦੇ ਨਾਲ ਦਿਮਾਗ ਦੀਆਂ ਸਾਰੀਆਂ ਕੋਸ਼ਕਾਵਾਂ ਦਾ ਵਿਕਾਸ ਵੀ ਹੁੰਦਾ ਹੈ। ਬੱਚੇ ਨੂੰ ਛੂਹਣ ਨਾਲ ਉਸ ਦੇ ਪੂਰੇ ਸਰੀਰ ਵਿੱਚ ਕਿਰਿਆ ਹੁੰਦੀ ਹੈ ਅਤੇ ਹੌਲੀ-ਹੌਲੀ ਉਸ ਦਾ ਸਾਰਾ ਸਰੀਰ ਪ੍ਰਤੀਕਿਰਿਆ ਜ਼ਾਹਰ ਕਰਨ ਲੱਗਦਾ ਹੈ। ਇੱਕ ਸਰਵੇਖਣ ਮੁਤਾਬਕ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚੇ ਦਾ ਭਾਰ, ਜਿਨ੍ਹਾਂ ਨੂੰ ਵਾਰ-ਵਾਰ ਛੂਹਿਆ ਜਾਂਦਾ ਹੈ, ਆਮ ਭਾਰ ਨਾਲੋਂ ਜਲਦੀ ਵਧਦਾ ਹੈ। ਅਚਾਨਕ ਕਿਸੇ ਨਵੇਂ ਕਿਸਮ ਦਾ ਆਹਾਰ ਲੈ ਕੇ ਬੱਚਾ ਘਬਰਾ ਜਾਂਦਾ ਹੈ। ਨਵੇਂ ਆਹਾਰ ਲਈ ਉਤਸ਼ਾਹਿਤ ਕਰਨ ਲਈ ਬੱਚੇ ਦੇ ਅੰਗੂਠੇ 'ਤੇ ਉਹ ਆਹਾਰ ਥੋੜ੍ਹੀ ਮਾਤਰਾ 'ਚ ਲਾਉਣਾ ਚਾਹੀਦਾ ਹੈ, ਉਹ ਹੌਲੀ-ਹੌਲੀ ਮੂੰਹ ਤਕ ਲੈ ਜਾਵੇਗਾ ਤੇ ਉਸ ਨੂੰ ਖਾਣ ਲੱਗ ਜਾਵੇਗਾ।

-ਹਰਦਿਆਲ ਸਿੰਘ ਔਲਖ

# ਖ਼ੂਨ ਸਾਫ ਕਰਨ ਲਈ ਛੋਲਿਆਂ ਦੇ ਪੱਤਿਆਂ ਦੀ ਚਟਣੀ ਖਾਓ



ਛੋਲਿਆਂ ਦੇ ਹਰੇ ਪੱਤਿਆਂ ਦਾ ਘਰਾਂ ਵਿਚ ਸਾਗ ਤਾਂ ਪਿੰਡ ਦੇ ਲੋਕ ਅਕਸਰ ਖਾਂਦੇ ਹਨ ਪਰ ਇਨ੍ਹਾਂ ਹਰੇ ਪੱਤਿਆਂ ਦੀ ਚਟਣੀ ਘੱਟ ਹੀ ਲੋਕਾਂ ਨੇ ਖਾਧੀ ਹੋਵੇਗੀ। ਹਰੇ ਹਰੇ ਕੋਮਲ ਪੱਤਿਆਂ ਨੂੰ ਧੋ ਸੁਆਰ ਕੇ ਪਿਆਜ਼ ਤੇ ਆਪਣੇ ਟੇਸਟ ਮੁਤਾਬਿਕ ਲੂਣ ਮਿਰਚ ਆਦਿ ਪਾ ਕੇ ਚਟਣੀ ਕੁੱਟ ਲਓ। ਇਹ ਛੋਲਿਆਂ ਦੇ ਹਰੇ ਪੱਤਿਆਂ ਦੀ ਚਟਣੀ ਜਿਥੇ ਖਾਣ ਲਈ ਸੁਆਦ ਲੱਗੇਗੀ ਉਥੇ ਇਸ ਵਿਚਲੇ ਪੌਸ਼ਟਿਕ ਗੁਣ ਸਰੀਰ ਲਈ ਬਹੁਤ ਲਾਭਦਾਇਕ ਸਿੱਧ ਹੁੰਦੇ ਹਨ।

ਸੌ ਗ੍ਰਾਮ ਛੋਲਿਆਂ ਦੇ ਪੱਤਿਆਂ ਵਿਚ 28.3 ਮਿਲੀਗ੍ਰਾਮ ਲੋਹ ਤੱਤ ਹੁੰਦਾ ਹੈ। ਇਸ ਚਟਣੀ ਦਾ ਲਗਾਤਾਰ ਦੋ ਮਹੀਨੇ ਪ੍ਰਯੋਗ ਕਰਨ ਨਾਲ ਖ਼ੂਨ ਪੂਰੀ ਤਰ੍ਹਾਂ ਸਾਫ ਹੋ ਜਾਂਦਾ ਹੈ। ਸਰੀਰ 'ਤੇ ਫੋੜੇ, ਫੁਨਸੀਆਂ, ਦੱਦ, ਖੁਰਕ ਆਦਿ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਂਦਾ ਹੈ। ਛੋਲਿਆਂ ਦੀ ਚਟਣੀ ਦੀ ਵਰਤੋਂ ਕਰਨ ਨਾਲ ਹੱਡੀਆਂ ਮਜ਼ਬੂਤ ਹੋਣਗੀਆਂ ਤੇ ਅੱਖਾਂ ਦੀ ਰੋਸ਼ਨੀ ਵੀ ਵਧੇਗੀ।

- ਫਤਿਹ ਪ੍ਰਭਾਕਰ, ਸੰਪਰਕ: 98140-13210


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

## Classified

### ਵਰ ਦੀ ਲੋੜ

ਜੱਟ ਸਿੱਖ ਧਾਮੀ ਉਮਰ 24 ਸਾਲ 5' 7" MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।
ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ
916-813-6863

## Bride WANTED

Jat Sikh boy. B. Tech. Doing Master of Computer Science from NYIT New York. Height 6'4". Well educated family Father professor. Mother math teacher in Govt school. Boy now in USA on study visa. Please contact @559-312-4428 or 001919872499741

Jat Sikh Dhillon, 24 years, 6'-3", clean-shaven, handsome, doing M. Tech. Civil Canada, seeks working, beautiful, professionally qualified, above 5'-5" girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

### ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ ਅਤੇ ਗੈਸ ਸਟੇਸ਼ਨ ਤੇ ਕੰਮ ਕਰਨ ਵਾਲੇ ਕੈਸ਼ੀਅਰ ਦੀ ਲੋੜ ਹੈ। ਸੰਪਰਕ ਕਰੋ:
Manpreet Heer : 707-502-5445
Email : redwoodpetroleum@gmail.com

### Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

## ਦਲਿਤ ਸਮਾਗਮ ਉੱਤੇ ਹਿੰਦੂ ਕਾਰਕੁਨਾਂ ਵਲੋਂ ਕੀਤੇ ਹਮਲੇ ਬਾਅਦ ਮੁੰਬਈ ਸਮੇਤ ਕਈ ਸ਼ਹਿਰਾਂ 'ਚ ਵਿੱਚ ਹਿੰਸਾ

ਵਿਅਕਤੀ ਲਈ ਦਸ ਲੱਖ ਦੇ ਮੁਆਵਜ਼ੇ ਦਾ ਵੀ ਐਲਾਨਕਰਦਿਆਂ ਮੌਤ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲੀਸ ਮੁਤਾਬਕ ਪ੍ਰਦਰਸ਼ਨਕਾਰੀਆਂ ਨੇ 160 ਤੋਂ ਵੱਧ ਬੱਸਾਂ ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ 'ਚੋਂ 100 ਪ੍ਰਦਰਸ਼ਨਕਾਰੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਹਾਰਬਰ ਲਾਈਨ 'ਤੇ ਨੀਮ ਸ਼ਹਿਰੀ ਤੇ ਸਥਾਨਕ ਰੇਲ ਗੱਡੀਆਂ ਦੀਆਂ ਸੇਵਾਵਾਂ 'ਚ ਵਿਘਨ ਪਾਇਆ। ਪ੍ਰਦਰਸ਼ਨਕਾਰੀਆਂ ਨੇ ਮੁੰਬਈ ਦੇ ਕਈ ਇਲਾਕਿਆਂ ਦੀਆਂ ਸੜਕਾਂ ਜਾਮ ਕਰ ਦਿੱਤੀਆਂ, ਦੁਕਾਨਾਂ ਬੰਦ ਕਰਾ ਦਿੱਤੀਆਂ ਤੇ ਇਕ ਟੈਲੀਵਿਜ਼ਨ ਨਿਊਜ਼ ਚੈਨਲ ਦੇ ਪੱਤਰਕਾਰ 'ਤੇ ਹਮਲਾ ਕੀਤਾ। ਪ੍ਰਦਰਸ਼ਨਕਾਰੀ ਟੋਲੇ ਸੜਕਾਂ 'ਤੇ ਉੱਤਰ ਆਏ ਤੇ ਉਨ੍ਹਾਂ ਸ਼ਹਿਰ ਦੇ ਪੂਰਬੀ ਨੀਮ ਸ਼ਹਿਰੀ ਇਲਾਕਿਆਂ ਚੇਂਬੂਰ, ਵਿਖਰੋਲੀ, ਮਾਨਖੁਰਦ ਤੇ ਗੋਵੰਡੀ ਵਿੱਚ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਨੇ ਦੁਕਾਨਾਂ ਤੇ ਦਫ਼ਤਰਾਂ ਨੂੰ ਜਬਰੀ ਬੰਦ ਕਰਵਾਇਆ। ਰਾਜ ਦੇ ਪੱਛਮੀ ਹਿੱਸੇ ਵਿੱਚ ਵੀ ਕਰਫਿਊ ਵਰਗੇ ਹਾਲਾਤ ਬਣੇ ਰਹੇ। ਕਾਬਿਲੇਗੌਰ ਹੈ ਕਿ ਦਲਿਤ ਆਗੂਆਂ ਵੱਲੋਂ ਬੀਤੇ ਦਿਨ ਭੀਮਾ ਕੋਰੇਗਾਓਂ ਜੰਗ, ਜਿਸ ਵਿੱਚ ਈਸਟ ਇੰਡੀਆ ਕੰਪਨੀ ਨੇ ਪੇਸ਼ਵਾ ਫ਼ੌਜ ਨੂੰ ਸ਼ਿਕਸਤ ਦਿੱਤੀ ਸੀ।

ਮਹਾਰਾਸ਼ਟਰ ਬੰਦ ਦਾ ਸੱਦਾ

ਮੁੰਬਈ: ਭਾਰੀਪਾ ਬਹੁਜਨ ਮਹਾਂਸੰਘ ਆਗੂ ਪ੍ਰਕਾਸ਼ ਅੰਬੇਦਕਰ ਨੇ ਭਲਕੇ ਮਹਾਰਾਸ਼ਟਰ ਬੰਦ ਦਾ ਸੱਦਾ ਦਿੱਤਾ ਹੈ। ਅੰਬੇਦਕਰ ਨੇ ਕਿਹਾ ਕਿ ਬੰਦ ਦੇ ਇਸ ਸੱਦੇ ਨਾਲ ਬੀਤੇ ਦਿਨ ਪੁਣੇ ਦੇ ਭੀਮਾ ਕੋਰੇਗਾਓਂ ਪਿੰਡ ਵਿੱਚ ਹੋਈ ਹਿੰਸਾ ਨੂੰ ਰੋਕਣ ਵਿੱਚ ਨਾਕਾਮ ਰਹੀ ਸਰਕਾਰ ਖ਼ਿਲਾਫ਼ ਰੋਸ ਜਤਾਇਆ ਜਾਵੇਗਾ।

## ਸਿੱਖਾਂ ਦੀ ਵੱਖਰੀ ਪਛਾਣ ਦੇ ਮੁੱਦੇ ਸਬੰਧੀ ਕੇਂਦਰੀ ਮੰਤਰੀਆਂ ਨੂੰ ਮਿਲੇ ਅਕਾਲੀ ਆਗੂ

ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੀ ਦਿੱਲੀ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਸੰਵਿਧਾਨ ਦੇ ਉਤਾਰੇ ਨੂੰ ਅਗਨ ਭੇਟ ਕਰ ਚੁੱਕੇ ਹਨ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਦੇ ਸਮੇਂ ਭਾਰਤ ਦੇ ਸਾਬਕਾ ਮੁੱਖ ਜਸਟਿਸ ਐਮਐਨ ਵੈਂਕਟਚਲਈਆ ਦੀ ਅਗਵਾਈ ਹੇਠ ਬਣਾਏ ਗਏ ਕੌਮੀ ਸੰਵਿਧਾਨ ਘੋਖ ਕਮਿਸ਼ਨ ਦੀ ਜਾਣਕਾਰੀ ਦਿੰਦੇ ਹੋਏ ਜੀਕੇ ਨੇ ਦੱਸਿਆ ਕਿ ਕਮਿਸ਼ਨ ਨੇ ਇਸ ਮਸਲੇ 'ਤੇ ਸੰਵਿਧਾਨ ਵਿੱਚ ਸੋਧ ਕਰਨ ਦੀ ਸਿੱਖਾਂ ਦੀ ਮੰਗ ਦਾ ਸਮਰਥਨ ਕੀਤਾ ਸੀ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਇਸ ਮਸਲੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਮੁਲਾਕਾਤ ਕੀਤੀ ਜਾ ਸਕਦੀ ਹੈ। ਸੰਸਦ ਦੇ ਅੰਦਰ ਅਤੇ ਬਾਹਰ ਦੋਵੇਂ ਥਾਵਾਂ 'ਤੇ ਲੜਾਈ ਲੜਨ ਲਈ ਦਲ ਤਿਆਰ ਹੈ। ਸ੍ਰੀ ਜੀਕੇ ਨੇ ਦੱਸਿਆ ਕਿ ਸਰਕਾਰ ਵੱਲੋਂ ਇਸ ਮਸਲੇ 'ਤੇ ਹਾਂ ਪੱਖੀ ਰਵੱਈਆ ਦਿਖਾਇਆ ਗਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਅਸ਼ੋਕ ਸਿੰਘਲ ਅਤੇ ਆਰਐਸਐਸ ਆਗੂਆਂ ਨੇ ਉਨ੍ਹਾਂ ਨੂੰ ਆਨੰਦ ਮੈਰਿਜ ਐਕਟ ਦੇ ਹੱਕ ਵਿੱਚ ਲਿਖਤ ਪੱਤਰ ਦਿੱਤੇ ਸਨ। ਤਰਲੋਚਨ ਸਿੰਘ ਨੇ ਸਵਾਲ ਕੀਤਾ ਕਿ ਜਦੋਂ ਜੈਨ ਭਾਈਚਾਰੇ ਨੂੰ ਹੁਣ ਘੱਟ ਗਿਣਤੀ ਕੌਮ ਦਾ ਦਰਜਾ ਦਿੱਤਾ ਜਾ ਸਕਦਾ ਹੈ ਤਾਂ ਸਿੱਖਾਂ ਨੂੰ ਸੰਵਿਧਾਨ ਵਿੱਚ ਵੱਖਰੀ ਕੌਮ ਦਾ ਦਰਜਾ ਕਿਉਂ ਨਹੀਂ ਮਿਲ ਸਕਦਾ। ਉਨ੍ਹਾਂ ਖੁਲਾਸਾ ਕੀਤਾ ਕਿ ਸੁਪਰੀਮ ਕੋਰਟ ਦੇ ਜੱਜਾਂ ਨੇ ਵੀ ਇੱਕ ਮਾਮਲੇ ਵਿੱਚ ਸਿੱਖਾਂ ਨੂੰ ਵੱਖਰੀ ਕੌਮ ਦਾ ਦਰਜਾ ਸੰਵਿਧਾਨ ਵਿੱਚ ਸੋਧ ਕਰਕੇ ਦੇਣ ਦੀ ਵਕਾਲਤ ਕੀਤੀ ਸੀ ਅਤੇ ਵੈਂਕਟਚਲਈਆ ਕਮਿਸ਼ਨ ਨੇ ਵੀ ਇਸ ਗੱਲ ਦੀ ਪ੍ਰੋੜਤਾ ਕੀਤੀ ਹੈ।

## ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਅਥਾਹ ਸ਼ਾਂਤੀ ਮਿਲੀ-ਪੈਟ੍ਰਿਕ ਬਰਾਊਨ

ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰਦਿਆਂ ਉਹ ਲੰਗਰ ਘਰ ਵੀ ਗਏ ਅਤੇ ਸੇਵਾ ਵੀ ਕੀਤੀ। ਇਸ ਮਗਰੋਂ ਉਨ੍ਹਾਂ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ੍ਰੀ ਬਰਾਊਨ ਦਾ ਸਵਾਗਤ ਕੀਤਾ। ਸੂਚਨਾ ਕੇਂਦਰ ਵਿੱਚ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦਾ ਮਾਡਲ, ਲੋਈ, ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਟਰੰਪ ਦੇ ਦਬਕਿਆਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਲੋਂ ਕੈਬਨਿਟ ਤੇ ਕੌਮੀ ਸੁਰੱਖਿਆ ਕਮੇਟੀ ਨਾਲ ਵਿਚਾਰ ਵਟਾਂਦਰੇ ਸ਼ੁਰੂ

ਜਾਣ ਵਾਲੀ 255 ਮਿਲੀਅਨ ਡਾਲਰਾਂ ਦੀ ਫੌਜੀ ਮਦਦ ਮੁਅੱਤਲ ਕਰ ਦਿੱਤੀ ਹੈ।

ਇਸੇ ਦੌਰਾਨ ਰੇਡੀਓ ਪਾਕਿਸਤਾਨ ਨੇ ਖ਼ਬਰ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਅੱਬਾਸੀ ਨੇ ਕੈਬਨਿਟ ਮੀਟਿੰਗ ਸੱਦ ਲਈ ਹੈ ਜੋ ਭਲਕੇ ਹੋਵੇਗੀ ਤੇ ਇਸ ਵਿੱਚ ਕੌਮੀ ਸੁਰੱਖਿਆ ਦੇ ਮੁੱਦੇ ਤੋਂ ਇਲਾਵਾ ਹੋਰ ਮੁੱਦੇ ਵਿਚਾਰੇ ਜਾਣਗੇ। ਸੂਤਰਾਂ ਅਨੁਸਾਰ ਟਰੰਪ ਦੀ ਟਿੱਪਣੀ ਮੀਟਿੰਗ ਵਿੱਚ ਮੁੱਖ ਮੁੱਦਾ ਰਹੇਗੀ। ਇਸ ਮੀਟਿੰਗ ਵਿੱਚ ਵਿਦੇਸ਼ ਮੰਤਰੀ ਖਵਾਜਾ ਆਸਿਫ਼, ਗ੍ਰਹਿ ਮੰਤਰੀ ਅਹਿਸਾਨ ਇਕਬਾਲ, ਰੱਖਿਆ ਮੰਤਰੀ ਖੁਰੱਮ ਦਸਤ.ਗੀਰ ਖਾਨ, ਵੱਖ ਵੱਖ ਸੇਵਾਵਾਂ ਦੇ ਮੁਖੀ ਅਤੇ ਸੀਨੀਅਰ ਸਿਵਲ ਅਤੇ ਫੌਜੀ ਅਧਿਕਾਰੀ ਹਿੱਸਾ ਲੈਣਗੇ।

### ਮਿੱਤਰ ਦੇ ਬਚਾਅ ਲਈ ਬਹੁੜਿਆ ਚੀਨ

ਪੇਈਚਿੰਗ: ਚੀਨ ਨੇ ਪਾਕਿਸਤਾਨ ਦਾ ਬਚਾਅ ਕਰਦਿਆਂ ਉਸ ਵੱਲੋਂ ਅਤਿਵਾਦ ਦੇ ਖਾਤਮੇ ਲਈ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸੁਹਾਂਗ ਨੇ ਟਰੰਪ ਵੱਲੋਂ ਪਾਕਿਸਤਾਨ ਦੀ ਆਲੋਚਨਾ ਕੀਤੇ ਜਾਣ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਪਾਕਿਸਤਾਨ ਨੇ ਅਤਿਵਾਦ ਖ਼ਿਲਾਫ਼ ਲੜਾਈ ਲਈ ਸੰਜੀਦਾ ਕੋਸ਼ਿਸ਼ ਅਤੇ ਬਲਿਦਾਨ ਦੇ ਨਾਲ ਨਾਲ ਬਿਹਤਰੀਨ ਸਹਿਯੋਗ ਦਿੱਤਾ ਹੈ। ਕੌਮਾਂਤਰੀ ਭਾਈਚਾਰੇ ਨੂੰ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਚੀਨ ਖਿੱਤੇ ਵਿੱਚ ਸ਼ਾਂਤੀ ਅਤੇ ਸਥਿਰਤਾ ਦੀ ਬਹਾਲੀ ਲਈ ਪਾਕਿਸਤਾਨ ਨੂੰ ਅਤਿਵਾਦ ਦੇ ਖ਼ਾਤਮੇ ਅਤੇ ਕੌਮਾਂਤਰੀ ਸਹਿਯੋਗ ਵਿੱਚ ਰੁੱਝਿਆ ਦੇਖ ਕੇ ਬਹੁਤ ਖੁਸ਼ ਹੈ।

## ਪੰਜਾਬ ਨੂੰ ਜਗ-ਮਗ ਕਰਨ ਵਾਲੇ ਬਠਿੰਡਾ ਥਰਮਲ ਨੂੰ ਹਮੇਸ਼ਾ ਲਈ ਹਨੇਰੇ ਦੀ ਗੋਦ 'ਚ ਸੁਆਇਆ

ਅਤੇ ਮੁਲਾਜ਼ਮਾਂ ਨੇ ਮਨਪ੍ਰੀਤ 'ਤੇ ਭਰੋਸਾ ਕਰਕੇ ਵੱਡਾ ਧੋਖਾ ਖਾ ਲਿਆ ਹੈ। ਤਾਲਮੇਲ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਅਤੇ ਅਸ਼ਵਨੀ ਕੁਮਾਰ ਨੇ ਆਖਿਆ ਕਿ ਸਰਕਾਰ ਨੇ ਥਰਮਲ ਬੰਦ ਕਰਕੇ ਮੁਲਾਜ਼ਮਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ ਜਿਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ।

ਪੱਕੇ ਮੋਰਚੇ 'ਚ ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਤਾਲਮੇਲ ਕਮੇਟੀ ਦੇ ਗੁਰਸੇਵਕ ਸਿੰਘ ਸੰਧੂ, ਪਾਵਰਕੌਮ ਟਰਾਂਸਕੋ ਯੂਨੀਅਨ ਦੇ ਸੂਬਾ ਪ੍ਰਧਾਨ ਬਲਿਹਾਰ ਸਿੰਘ, ਲਹਿਰਾ ਥਰਮਲ ਕੰਟਰੈਕਟ ਵਰਕਰਜ਼ ਆਗੂ ਬਲਜਿੰਦਰ ਸਿੰਘ ਮਾਨ ਅਤੇ ਮੁਲਾਜ਼ਮ ਆਗੂ ਹੰਸ ਰਾਜ ਹਾਜ਼ਰ ਸਨ। ਇਸ ਮੌਕੇ ਕਮੇਟੀ ਮੈਂਬਰ ਜਗਰੂਪ ਸਿੰਘ, ਗੁਰਵਿੰਦਰ ਸਿੰਘ ਪਨੂੰ ਅਤੇ ਜਗਸੀਰ ਸਿੰਘ ਭੰਗੂ ਤੋਂ ਇਲਾਵਾ ਵਿਦਿਆਰਥੀ ਆਗੂਆਂ ਨੇ ਵੀ ਸੰਬੋਧਨ ਕੀਤਾ। ਪੁਲੀਸ ਵੱਲੋਂ ਇਸ ਮੌਕੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

## ਭਾਸ਼ਾ ਵਿਭਾਗ ਨੇ ਇਨਾਮਾਂ ਲਈ ਚੋਣ ਵਾਸਤੇ ਕਿਤਾਬਾਂ ਭੇਜਣ ਨੂੰ ਕਿਹਾ

ਗਿਆਨੀ ਗਿਆਨ ਸਿੰਘ ਪੁਰਸਕਾਰ (ਜੀਵਨੀ/ਸਫ਼ਰਨਾਮਾ) ਅਤੇ ਬਾਲ ਸਾਹਿਤ ਆਦਿ ਛੇ ਪੁਰਸਕਾਰਾਂ ਲਈ ਚਾਰ-ਚਾਰ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਉਰਦੂ ਵਿੱਚ ਸਾਹਿਰ ਲੁਧਿਆਣਵੀ ਪੁਰਸਕਾਰ (ਨਜ਼ਮ), ਕਨ੍ਹਈਆ ਲਾਲ ਕਪੂਰ ਪੁਰਸਕਾਰ (ਨਸਰ), ਰਜਿੰਦਰ ਸਿੰਘ ਬੇਦੀ ਪੁਰਸਕਾਰ (ਨਾਵਲ/ਕਹਾਣੀ/ ਨਾਟਕ/ਇਕਾਂਗੀ) ਅਤੇ ਮਹਿਮੂਦ ਸ਼ਿਰਾਨੀ ਪੁਰਸਕਾਰ (ਆਲੋਚਨਾ) ਆਦਿ ਚਾਰ ਪੁਰਸਕਾਰਾਂ ਲਈ ਚਾਰ-ਚਾਰ ਪੁਸਤਕਾਂ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੰਸਕ੍ਰਿਤ ਦੇ ਇਕੋ ਇਕ ਕਾਲੀਦਾਸ ਪੁਰਸਕਾਰ ਲਈ ਲੇਖਕ ਆਪਣੀਆਂ ਉਕਤ ਸਮੇਂ ਦੌਰਾਨ ਛਪੀਆਂ ਪੁਸਤਕਾਂ ਦੀਆਂ ਚਾਰ-ਚਾਰ ਕਾਪੀਆਂ ਭੇਜ ਸਕਦੇ ਹਨ.ਗ ਇਸ ਦੇ ਨਾਲ ਹੀ ਡਾਇਰੈਕਟਰ ਨੇ ਇਹ ਵੀ ਕਿਹਾ ਕਿ ਵਧੀਆ ਛਪਾਈ ਪੁਰਸਕਾਰ ਲਈ ਪੰਜਾਬੀ, ਹਿੰਦੀ ਅਤੇ ਉਰਦੂ ਦੇ ਪ੍ਰਕਾਸ਼ਕ/ਛਾਪਕ ਵੀ ਸਾਲ 2017 ਦੌਰਾਨ ਛਪੀਆਂ ਪੁਸਤਕਾਂ ਦੀਆਂ ਦੋ-ਦੋ ਕਾਪੀਆਂ ਵਿਭਾਗ ਨੂੰ ਭੇਜ ਸਕਦੇ ਹਨ।

ਗੁਰਸ਼ਰਨ ਕੌਰ ਨੇ ਦੱਸਿਆ ਕਿ ਹਿੰਦੀ, ਉਰਦੂ ਤੇ ਸੰਸਕ੍ਰਿਤ ਦੇ ਸਰਵੋਤਮ ਪੁਸਤਕ ਮੁਕਾਬਲੇ ਲਈ ਸਿਰਫ਼ ਪੰਜਾਬ ਦੇ ਵਾਸੀ/ਅਧਿਵਾਸ ਲੇਖਕ ਹੀ ਭਾਗ ਲੈ ਸਕਦੇ ਹਨ, ਜਦੋਂ ਕਿ ਪੰਜਾਬੀ ਦੇ ਪੁਰਸਕਾਰਾਂ ਲਈ ਅਜਿਹੀ ਕੋਈ ਸ਼ਰਤ ਨਹੀਂ ਹੈ। ਇਸੇ ਤਰ੍ਹਾਂ ਵਧੀਆ ਛਪਾਈ ਪੁਰਸਕਾਰ ਮੁਕਾਬਲੇ ਅਧੀਨ ਵੀ ਹਿੰਦੀ ਤੇ ਉਰਦੂ ਪੁਸਤਕਾਂ ਲਈ ਸਿਰਫ਼ ਪੰਜਾਬ ਦੇ ਪ੍ਰਕਾਸ਼ਕ/ਛਾਪਕ ਹੀ ਭਾਗ ਲੈ ਸਕਦੇ ਹਨ ਤੇ ਪੰਜਾਬੀ ਪੁਸਤਕਾਂ ਲਈ ਪੰਜਾਬ ਤੋਂ ਬਾਹਰਲੇ ਪ੍ਰਕਾਸ਼ਕ/ਛਾਪਕ ਵੀ ਆਪਣੀਆਂ ਪੁਸਤਕਾਂ ਭੇਜ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਰੇ ਪੁਰਸਕਾਰਾਂ ਲਈ ਪੁਸਤਕਾਂ 30 ਅਪਰੈਲ 2018 ਤੱਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਨੂੰ ਪਹੁੰਚਣੀਆਂ ਜ਼ਰੂਰੀ ਹਨ।

## ਰਾਜਸਥਾਨ ਵਿਚਲੇ ਪੰਜਾਬੀ ਢਾਬਿਆਂ ਉੱਤੇ ਭੁੱਕੀ ਵਾਲਿਆਂ ਲਈ ਮੌਜਾਂ

ਸਖ਼ਤੀ ਸਮੇਂ ਭੁੱਕੀ ਦਾ ਰੇਟ ਦੋ ਹਜ਼ਾਰ ਤਕ ਰਿਹਾ। ਹੁਣ ਠੇਕੇ ਬੰਦ ਹੋਣ ਮਗਰੋਂ ਰੇਟ 2700 ਰੁਪਏ ਕਿਲੋ ਹੋ ਗਿਆ ਹੈ। ਰਾਜਸਥਾਨ 'ਚ ਅਕਤੂਬਰ 2017 ਤਕ ਐਨਡੀਪੀਐਸ ਐਕਟ ਤਹਿਤ 1412 ਕੇਸ ਦਰਜ ਹੋਏ ਹਨ, ਜਿਨ੍ਹਾਂ ਦੀ 2015 'ਚ ਗਿਣਤੀ 790 ਸੀ।

### ਸਭਨਾਂ ਉੱਤੇ ਪੁਲੀਸ ਦੀ ਹੈ ਨਜ਼ਰ

ਬੀਕਾਨੇਰ ਰੇਂਜ ਦੇ ਆਈਜੀ ਬਿਪਨ ਕੁਮਾਰ ਪਾਂਡੇ ਨੇ ਕਿਹਾ ਕਿ ਪੋਸਤ ਦੇ ਠੇਕੇ ਬੰਦ ਹੋਣ ਮਗਰੋਂ ਪੋਸਤ ਦੀ ਗ਼ੈਰਕਾਨੂੰਨੀ ਵਿਕਰੀ ਦੇ ਢੰਗ ਤਰੀਕੇ ਬਦਲੇ ਹਨ ਅਤੇ ਮਾਤਰਾ ਵੀ ਘਟੀ ਹੈ। ਢਾਬਿਆਂ ਤੋਂ ਇਲਾਵਾ ਸੜਕਾਂ 'ਤੇ ਪੈਂਦੀਆਂ ਦੁਕਾਨਾਂ ਵਾਲੇ ਵੀ ਪੋਸਤ ਵੇਚ ਰਹੇ ਹਨ ਅਤੇ ਕਈ ਫੜੇ ਵੀ ਗਏ ਹਨ। ਉਹ ਹੁਣ ਰੀਵਿਊ ਮੀਟਿੰਗ ਕਰਨਗੇ, ਜਿਸ 'ਚ ਪੋਸਤ ਦੀ ਵਿਕਰੀ ਰੋਕਣ ਲਈ ਰਣਨੀਤੀ ਬਣਾਈ ਜਾਵੇਗੀ। ਪੁਲੀਸ ਸਾਰੀਆਂ ਦੁਕਾਨਾਂ 'ਤੇ ਨਜ਼ਰ ਰੱਖ ਰਹੀ ਹੈ।

## ਪੰਜਾਬ ਦੀ ਸਿਆਸੀ ਫਿਜ਼ਾ ਪਿਛਲਾ ਹਨੇਰਾ ਸਾਂਭੀ ਬੈਠਾ ਹੈ ਨਵੇਂ ਸਾਲ ਦੇ ਸੂਰਜ ਲਈ ਗੰਭੀਰ ਚੁਣੌਤੀਆਂ

ਸੂਤਰਾਂ ਅਨੁਸਾਰ ਕਰੀਬ 200 ਕਰੋੜ ਰੁਪਏ ਦੇ ਕਰਜ਼ੇ ਕਿਸਾਨਾਂ ਦੇ ਖਾਤੇ ਵਿੱਚ ਪਹਿਲੇ ਪੜਾਅ ਵਜੋਂ ਜਾਣਗੇ। ਕਰਜ਼ਾ ਮੁਆਫ਼ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਕ ਵਾਰ ਰਾਹਤ ਦੇਣੀ ਜ਼ਰੂਰੀ ਹੈ, ਪਰ ਖੇਤੀਬਾੜੀ ਸਬੰਧੀ ਨੀਤੀਗਤ ਮਾਮਲਿਆਂ ਦੇ ਮਾਹਿਰ ਦਵਿੰਦਰ ਸ਼ਰਮਾ ਕਹਿੰਦੇ ਹਨ ਕਿ ਅਸਲ ਮੁੱਦਾ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦੀ ਘੱਟੋ-ਘੱਟ ਆਮਦਨ ਤੈਅ ਕਰਨ ਨਾਲ ਹੈ। ਬਹੁਤ ਸਾਰੇ ਅਰਥ ਸ਼ਾਸਤਰੀ ਖੇਤੀ ਖੇਤਰ ਤੋਂ ਨਿਰਭਰਤਾ ਘੱਟ ਕਰਨ ਦੀ ਵਕਾਲਤ ਕਰ ਰਹੇ ਹਨ, ਪਰ ਇੱਥੋਂ ਲੋਕਾਂ ਨੂੰ ਕੱਢ ਕੇ ਲਿਜਾਣਾ ਕਿਸ ਪਾਸੇ ਹੈ, ਹੋਰ ਰੁਜ਼ਗਾਰ ਕਿੱਥੇ ਹੈ? ਵਿਕਸਿਤ ਦੇਸ਼ਾਂ ਦੀ ਨਕਲ ਸਾਡੇ ਦੇਸ਼ ਦੀ ਹਕੀਕਤ ਦੇ ਅਨੁਕੂਲ ਨਹੀਂ ਹੈ।

ਦੇਸ਼ ਦੇ ਆਰਥਿਕ ਸਰਵੇਖਣ ਵਿੱਚ ਲਾਏ ਅਨੁਮਾਨ ਅਨੁਸਾਰ ਪੰਜ ਮੈਂਬਰਾਂ ਦੇ ਇੱਕ ਪਰਿਵਾਰ ਲਈ ਗੁਜ਼ਾਰੇ ਵਾਸਤੇ ਵੀ 18 ਹਜ਼ਾਰ ਰੁਪਏ ਮਹੀਨੇ ਦੀ ਆਮਦਨ ਚਾਹੀਦੀ ਹੈ। ਇਹ ਆਮਦਨ ਕਿਵੇਂ ਹਰ ਪਰਿਵਾਰ ਨੂੰ ਮਿਲੇ, ਇਹ ਸਭ ਤੋਂ ਵੱਡੀ ਚੁਣੌਤੀ ਹੈ। ਇਸ ਤੋਂ ਬਿਨਾਂ ਖ਼ੁਦਕੁਸ਼ੀਆਂ ਦਾ ਹੱਲ ਹੋਣ ਦੀ ਸੰਭਾਵਨਾ ਘੱਟ ਹੈ। ਮੱਧ ਵਰਗ ਅਤੇ ਗ਼ਰੀਬਾਂ ਲਈ ਸਿਹਤ ਅਤੇ ਸਿੱਖਿਆ ਵੱਡੇ ਮੁੱਦੇ ਬਣੇ ਹੋਏ ਹਨ। ਗ਼ਰੀਬਾਂ ਅਤੇ ਅਮੀਰਾਂ ਦੇ ਸਕੂਲ ਹੀ ਵੱਖ-ਵੱਖ ਹੋ ਗਏ। ਜੇਕਰ ਗੁਣਵੱਤਾ ਵਾਲੀ ਵਿਦਿਆ ਸਭ ਦੀ ਪਹੁੰਚ ਵਿੱਚ ਨਹੀਂ ਹੋਵੇਗੀ ਤਾਂ ਕਾਬਲੀਅਤ ਵਿਕਸਿਤ ਹੋਣੀ ਮੁਸ਼ਕਲ ਹੋਵੇਗੀ। ਵਿਦਿਆ ਅਤੇ ਸਿਹਤ ਸਰਕਾਰ ਦੀ ਜ਼ਿੰਮੇਵਾਰੀ ਹੈ, ਜਿਸ ਤੋਂ ਹੱਥ ਖਿੱਚਣ ਨਾਲ ਪੂਰਾ ਆਰਥਿਕ ਤਾਣਾ-ਬਾਣਾ ਵੀ ਚਰਮਰਾ ਰਿਹਾ ਹੈ।

ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ. ਐੱਲ. ਗਰਗ ਦਾ ਮੰਨਣਾ ਹੈ ਕਿ ਪੰਜਾਬ ਦੀ ਖ਼ਰਾਬ ਹੋ ਰਹੀ ਆਬੋ ਹਵਾ, ਜ਼ਹਿਰੀਲੀ ਮਿੱਟੀ ਤੇ ਪਾਣੀ ਦਾ ਪ੍ਰਦੂਸ਼ਣ ਗੰਭੀਰ ਬਿਮਾਰੀਆਂ ਪੈਦਾ ਕਰ ਰਿਹਾ ਹੈ। ਬਿਮਾਰੀਆਂ ਦੀ ਰੋਕਥਾਮ ਲਈ ਬਚਾਅ ਪੱਖ 'ਤੇ ਇਲਾਜ ਨਾਲੋਂ ਵੀ ਵੱਧ ਜ਼ੋਰ ਦੇਣ ਦੀ ਲੋੜ ਹੈ। ਇਸ ਵਾਸਤੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਹਸਪਤਾਲਾਂ ਨੂੰ ਮਜ਼ਬੂਤ ਕਰਨ ਅਤੇ ਕਿਰਤ ਸੱਭਿਆਚਾਰ ਪੈਦਾ ਕਰਨ ਦੀ ਚੁਣੌਤੀ ਨੂੰ ਹੱਲ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਨਵਾਂ ਸਾਲ ਮੁਬਾਰਕ ਤਾਂ ਹੀ ਹੋਵੇਗਾ ਜੇਕਰ ਸੂਬੇ ਦੇ ਲੋਕਾਂ ਸਾਹਮਣੇ ਖੜ੍ਹੀਆਂ ਗੰਭੀਰ ਚੁਣੌਤੀਆਂ ਬਾਰੇ ਗੰਭੀਰ ਸਿਆਸੀ ਪਹੁੰਚ ਅਪਣਾਈ ਜਾਵੇਗੀ।

# Watch Your Favorite Channel On
# FREE PREVIEW




The 1st American-Punjabi Television Channel

**WATCH jus punjabi ON CHANNEL 736 ON**

dish | sling TELEVISION

for advertisement & more information call: +1-718-752-9290 x 202

www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


ਤੁਹਾਡੀ ਆਪਣੀ
MJSB ਟਰਾਂਸਪੋਰਟੇਸ਼ਨ
ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ
Wanted Owner Operators and Experienced Drivers.
Long and Local Routes, all 50 states.
Drivers: 42 cents to 50 cents per mile.
Owner Operators: With own Truck/Trailer get 92% of gross (6% Dispatch+ Insurance).
Using company trailer get 80% of gross.
Fuel Discount: 25 Cents To 40 Cents Per Gallon @ Pilot, Flying J, TA And Petro.
Direct deposit available.
ਪੇਮੈਂਟ ਹਰ ਲੋਡ ਤੋਂ ਬਾਅਦ ਆਪਣੇ ਆਪ ਹੀ ਅਕਾਊਂਟਸ ਵਿਚ ਪਾ ਦਿੱਤੀ ਜਾਵੇਗੀ
ਤੁਸੀਂ ਸਹੂਲਤ ਲਈ ਆਪਣੀ ਲੇਨ ਦੇ ਲੋਡ ਪਿਕ ਕਰ ਸਕਦੇ ਹੋ।
ਜੇ ਤੁਹਾਨੂੰ ਟਰੱਕ ਦੇ ਲੋਡ ਬੁੱਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ। (ਤੁਸੀਂ ਗਾਰੰਟੀ ਨਾਲ $6000 ਤੋਂ $8000 ਪ੍ਰਤੀ ਹਫ਼ਤੇ ਕਮਾ ਸਕਦੇ ਹੋ)
ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ। (ਨਵੇਂ ਲਾਇਸੰਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
ਸੰਪਰਕ ਕਰੋ:
ਗਗਨ ਸਿੰਘ: 917-518-5125
ਸਿਮਰਨ ਸਿੰਘ: 469-235-3077


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com